# ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ

## ਗੁਰੂ ਸਾਹਿਬਾਨ ਦੇ ਬਾਲ ਕੌਤਕ

ਪ੍ਰਿੰਸੀਪਲ ਦਲਜੀਤ ਸਿੰਘ

# ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ

(ਗੁਰੂ ਸਾਹਿਬਾਨ ਦੇ ਬਾਲ ਕੌਤਕ)

SIKHBOOKCLUB.COM

SIKHBOOKCLUB.COM

**ਇਸੇ ਕਲਮ ਤੋਂ:**

- ਗੁਰੂ ਘਰ ਦੀਆਂ ਸਾਖੀਆਂ

# ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ

## (ਗੁਰੂ ਸਾਹਿਬਾਨ ਦੇ ਬਾਲ ਕੌਤਕ)

**ਪ੍ਰਿੰਸੀਪਲ ਦਲਜੀਤ ਸਿੰਘ**

SIKHBOOKCLUB.COM

*Sikh History/Sikh Religion/Religion*

ISBN : 978-93-5068-967-7

**Sikh Guruan De Bachpan Dian Sakhian**

*by*

**Principal Daljit Singh**
SIKHBOOKCLUB.COM
Mohalla Tikhowal,
Main Bazar,Ward No.-11, Talwara Road,
Mukerian, Distt. Hoshiarpur (Pb.)
Mob. 92166-17678, Ph: 01883-245599

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਦੋ ਸ਼ਬਦ

ਪ੍ਰਿੰਸੀਪਲ ਦਲਜੀਤ ਸਿੰਘ ਦੀ ਪਹਿਲੀ ਪੁਸਤਕ 'ਗੁਰੂ ਘਰ ਦੀਆਂ ਸਾਖੀਆਂ' ਨੂੰ ਪੜ੍ਹ ਕੇ ਉਸ ਵਿਚ ਆਪਣੇ ਵਿਚਾਰ ਦਿੱਤੇ ਸਨ। 'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਉਨ੍ਹਾਂ ਦੀ ਦੂਸਰੀ ਧਾਰਮਿਕ ਪੁਸਤਕ ਹੈ ਜੋ ਬੱਚਿਆਂ ਨੂੰ ਗੁਰੂ ਘਰ ਵਲ ਪ੍ਰੇਰਨ ਲਈ ਬਹੁਤ ਸਹਾਈ ਹੋਵੇਗੀ। ਬਾਲ ਅਵਸਥਾ ਵਿਚ ਦਸ ਗੁਰੂ ਸਾਹਿਬਾਨ ਨੇ ਆਪਣੇ ਬਾਲ ਕੌਤਕਾਂ ਰਾਹੀਂ ਜੋ ਉਪਦੇਸ਼ ਦਿੱਤੇ ਹਨ, ਉਹ ਇਸ ਪੁਸਤਕ ਵਿਚ ਬੜੇ ਰੌਚਕ ਢੰਗ ਨਾਲ ਲਿਖੇ ਗਏ ਹਨ। ਇਸ ਪੁਸਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਜਿੱਥੇ ਇਹ ਦਸ ਗੁਰੂ ਸਾਹਿਬਾਨ ਦੇ ਬਾਲ ਕੌਤਕਾਂ ਦੇ ਇਤਿਹਾਸ ਨੂੰ ਪੰਜਾਬੀ ਭਾਸ਼ਾ ਵਿਚ ਬੜੇ ਸਰਲ ਭਾਵ ਨਾਲ ਦਰਸਾਉਂਦੀ ਹੈ ਉਥੇ ਸਤਿਗੁਰਾਂ ਦੇ ਬਾਲ ਕੌਤਕਾਂ ਦੀ ਸਚਾਈ ਤੇ ਸ਼ਰਧਾ ਭਾਵ ਉਸੇ ਤਰ੍ਹਾਂ ਕਾਇਮ ਰਹਿੰਦੇ ਹਨ। ਪੁਰਾਤਨ ਸਮੇਂ ਵਿਚ ਦਾਦੀ ਆਪਣੇ ਪੋਤੇ ਪੋਤੀਆਂ ਨੂੰ ਅਤੇ ਨਾਨੀ ਆਪਣੇ ਦੋਹਤੇ ਦੋਹਤੀਆਂ ਨੂੰ ਹਰ ਰਾਤ ਸੌਣ ਲੱਗਿਆਂ ਕੋਈ ਗੁਰੂ ਘਰ ਨਾਲ ਸਬੰਧਤ ਸਾਖੀ ਸੁਣਾਉਂਦੀ ਰਹਿੰਦੀ ਸੀ। ਜਿਸ ਨਾਲ ਬਾਲਾਂ ਦੇ ਮਨ ਵਿਚ ਬਚਪਨ ਤੋਂ ਧਾਰਮਿਕ ਸੰਸਕਾਰ ਪੈਦਾ ਹੋ ਜਾਂਦੇ ਸਨ। ਆਧੁਨਿਕ ਸਮੇਂ ਵਿਚ ਜਿੱਥੇ ਜੀਵਨ ਤੇਜ਼ੀ ਨਾਲ ਬਦਲ ਰਿਹਾ ਹੈ ਉਥੇ ਇਸ ਅਜੋਕੇ ਸਮੇਂ ਵਿਚ 'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਬੱਚਿਆਂ ਨੂੰ ਆਪਣੇ ਜੀਵਨ ਨੂੰ ਬਣਾਉਣ ਵਿਚ ਸਹੀ ਸੇਧ ਦੇਵੇਗੀ। ਬੱਚੇ ਗੁਰੂ ਸਾਹਿਬਾਨ ਦੇ ਬਾਲ ਕੌਤਕਾਂ ਤੋਂ ਸੱਚੀ ਸਿੱਖਿਆ ਲੈ ਕੇ ਆਪਣੇ ਜੀਵਨ ਨੂੰ ਸੱਚਾ ਸੁੱਚਾ ਬਣਾ ਕੇ ਰੱਖਣਗੇ। ਪ੍ਰਿੰਸੀਪਲ ਦਲਜੀਤ ਸਿੰਘ ਦੀ ਇਹ ਧਾਰਮਿਕ ਪੁਸਤਕ 'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਬੱਚਿਆਂ ਵਾਸਤੇ ਇਕ ਬਹੁਤ ਵੱਡਾ ਨੇਕ ਉਪਰਾਲਾ ਹੈ ਜਿਸ ਨਾਲ ਸਮੂਹ ਜਗਤ ਦੇ ਬੱਚੇ ਗੁਰੂ ਘਰ ਵਲ ਪ੍ਰੇਰਿਤ ਹੋਣਗੇ।

ਰਵਿੰਦਰ ਸਿੰਘ
ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੁਕੇਰੀਆਂ
ਜ਼ਿਲ੍ਹਾ ਹੁਸ਼ਿਆਰਪੁਰ

SIKHBOOKCLUB.COM

# ਮੁੱਖ ਬੰਦ

'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਲਿਖਣ ਦੀ ਪ੍ਰੇਰਨਾ ਸੁਤੇ ਸਿਧ ਆਪ ਸਤਿਗੁਰਾਂ ਨੇ ਮੇਰੇ ਮਨ ਵਿਚ ਪਾਈ। ਦਸ ਗੁਰੂ ਸਾਹਿਬਾਨ ਦੇ ਬਾਲ ਕੌਤਕਾਂ ਦੇ ਜੀਵਨ ਨਾਲ ਸੰਬੰਧਤ ਪੁਸਤਕਾਂ ਦੀ ਖੋਜ ਤੋਂ ਬਾਅਦ ਜੋ ਅਸਲ ਤੱਥ ਦੀ ਪ੍ਰਾਪਤੀ ਹੋਈ, ਉਸ ਅਨੁਸਾਰ ਗੁਰੂ ਸਾਹਿਬਾਨ ਜੀ ਦੇ ਥਾਪੜੇ ਸਦਕਾ 'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਪੁਸਤਕ ਲਿਖੀ ਗਈ। ਇਸ ਤੋਂ ਪਹਿਲਾਂ ਮੇਰੀ ਪਹਿਲੀ ਧਾਰਮਿਕ ਪੁਸਤਕ 'ਗੁਰੂ ਘਰ ਦੀਆਂ ਸਾਖੀਆਂ' ਜੋ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਕਾਫੀ ਸਹਾਇਕ ਹੋਈ ਹੈ। ਉਸ ਤੋਂ ਮਿਲੇ ਉਤਸ਼ਾਹ ਸਦਕਾ ਗੁਰੂ ਸਾਹਿਬਾਨ ਨੇ 'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਦੇ ਰੂਪ ਵਿਚ ਦਾਸ ਕੋਲੋਂ ਸੇਵਾ ਕਰਵਾਈ ਹੈ। ਇਸ ਪੁਸਤਕ ਵਿਚ ਸਤਿਗੁਰਾਂ ਦੇ ਬਾਲ ਅਵਸਥਾ ਦੇ ਕੌਤਕ ਜਿੱਥੇ ਬਾਲਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਪ੍ਰੇਰਦੇ ਹਨ, ਉਥੇ ਵੱਡਿਆਂ ਨੂੰ ਵੀ ਇਸ ਪੁਸਤਕ ਨੂੰ ਪੜ੍ਹਨ ਨਾਲ ਪ੍ਰੇਰਨਾ ਮਿਲਦੀ ਹੈ। ਇਸ ਪੁਸਤਕ ਵਿਚ ਦਸ ਗੁਰੂ ਸਾਹਿਬਾਨ ਦੀਆਂ ਕੁਲ 30 ਸਾਖੀਆਂ ਹਨ। ਹਰ ਗੁਰੂ ਸਾਹਿਬ ਦੀਆਂ ਬਾਲ ਅਵਸਥਾ ਦੀਆਂ ਤਿੰਨ ਤਿੰਨ ਸਾਖੀਆਂ।

SIKHBOOKCLUB.COM

ਇਹ ਪੁਸਤਕ ਮੈਂ ਆਪਣੀ ਪੋਤਰੀ ਜੋ ਅਜੇ ਤਿੰਨ ਕੁ ਸਾਲਾਂ ਦੀ ਹੈ ਹਰਿਨਦਰ ਕੌਰ ਨੂੰ ਭੇਂਟ ਕਰਦਾ ਹਾਂ ਤਾਂ ਕਿ ਉਹ ਇਸਨੂੰ ਪੜ੍ਹ ਕੇ ਸਦਾ ਗੁਰੂ ਘਰ ਨਾਲ ਜੁੜੀ ਰਹੇ।

ਮੇਰੀ ਪਤਨੀ ਸੁਰਜੀਤ ਕੌਰ, ਮੇਰੇ ਪੁੱਤਰ ਇੰਨਃ ਹਰਪ੍ਰੀਤ ਸਿੰਘ, ਉਸਦੀ ਪਤਨੀ ਬਫਾ ਕੌਰ, ਦੂਸਰਾ ਪੁੱਤਰ ਡਾਕਟਰ ਅਪ੍ਿੰਦਰਪ੍ਰੀਤ ਸਿੰਘ, ਉਸਦੀ ਪਤਨੀ ਡਾਕਟਰ ਹਰਲੀਨ ਕੌਰ, ਮੇਰੇ ਕੁੜਮ ਕਲਿਆਣ ਸਿੰਘ, ਉਨ੍ਹਾਂ ਦੀ ਪਤਨੀ ਸਵਰਨ ਕੌਰ ਅਤੇ ਪੁੱਤਰ ਡਾਕਟਰ ਗੁਰ ਪ੍ਰਤਾਪ ਸਿੰਘ ਨੇ ਇਸ ਪੁਸਤਕ ਨੂੰ ਲਿਖਣ ਵਿਚ ਮੇਰੀ ਬਹੁਤ ਮਦਦ ਕੀਤੀ ਅਤੇ ਉਤਸ਼ਾਹਤ ਕੀਤਾ।

'ਸਿੱਖ ਗੁਰੂਆਂ ਦੇ ਬਚਪਨ ਦੀਆਂ ਸਾਖੀਆਂ' ਲਿਖਣ ਦੀ ਭਾਵਨਾ ਦਸ ਗੁਰੂ ਸਾਹਿਬਾਨ ਪ੍ਰਤੀ ਮੇਰੀ ਸੱਚੀ ਸ਼ਰਧਾ ਅਤੇ ਅਥਾਹ ਪ੍ਰੇਮ ਭਾਵ ਦੀ ਪ੍ਰਤੀਕ

ਹੈ। ਮੇਰੀ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਹੈ ਕਿ ਨਾਮ ਸਿਮਰਨ ਅਤੇ ਬਾਣੀ ਦੇ ਅਰਥ ਭਾਵ ਹਮੇਸ਼ਾਂ ਮੇਰੇ ਹਿਰਦੇ ਵਿਚ ਵਸੇ ਰਹਿਣ।

ਮੇਰੀ ਧੁਰ ਆਤਮਾ ਅਤੇ ਹਿਰਦੈ ਤੋਂ ਅਰਦਾਸ ਹੈ ਕਿ ਦਸ ਗੁਰੂ ਸਾਹਿਬਾਨ ਦੇ ਬਾਲ ਕੌਤਕਾਂ ਤੋਂ ਸਮੂਹ ਸੰਸਾਰ ਸਿੱਖ ਜਗਤ ਅਤੇ ਦੁਨੀਆਂ ਦੇ ਸਾਰੇ ਬਾਲ ਇਸ ਪੁਸਤਕ ਨੂੰ ਪੜ੍ਹ ਕੇ ਪ੍ਰੇਰਨਾ ਲੈਂਦੇ ਰਹਿਣ ਤੇ ਬਾਣੀ ਦੇ ਸੱਚੇ ਸ਼ਰਧਾਲੂ ਬਣ ਜਾਣ।

ਪ੍ਰਿੰਸੀਪਲ ਦਲਜੀਤ ਸਿੰਘ

SIKHBOOKCLUB.COM

# ਤਤਕਰਾ


**ਸ੍ਰੀ ਗੁਰੂ ਨਾਨਕ ਦੇਵ ਜੀ**

1. ਵੈਦ ਤੇ ਕਿਰਪਾ ਦ੍ਰਿਸ਼ਟੀ 11
2. ਰਾਇ ਬੁਲਾਰ ਦਾ ਸਿੱਖ ਹੋਣਾ 16
3. ਖਰਾ ਤੇ ਸੱਚਾ ਸੌਦਾ 19

**ਸ੍ਰੀ ਗੁਰੂ ਅੰਗਦ ਦੇਵ ਜੀ**

4. ਲਹਿਣੇ ਦੇ ਸਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ 23
5. ਭਾਈ ਜੋਧੇ ਦੀ ਸਾਖੀ 26
6. ਅਸੀਂ ਦੇਣਾ ਤੇ ਤੁਸਾਂ ਲੈਣਾ ਦੀ ਸਾਖੀ 29

**ਸ੍ਰੀ ਗੁਰੂ ਅਮਰਦਾਸ ਜੀ**

7. ਬਚਪਨ ਦੇ ਅਮੋਲਕ ਰੰਗਾਂ ਦੀ ਸਾਖੀ 33
8. ਅਕਾਲ ਪੁਰਖ ਸਿਮਰਨ ਦਾ ਅਨੂਠਾ ਸੁਮੇਲ 37
9. ਤ੍ਰਿਚਾਵਲੀ ਸੇਵਾ ਦੀ ਸਾਖੀ 41

**ਸ੍ਰੀ ਗੁਰੂ ਰਾਮਦਾਸ ਜੀ**

10. ਨਾਨੀ ਘਰ ਬਸੇਰਾ ਦੀ ਸਾਖੀ 44
11. ਬਚਪਨ ਵਿੱਚ ਕਿਰਤ ਤੇ ਸਤਸੰਗਤ ਦੀ ਰੰਗਤ 48
12. ਸ੍ਰੀ ਗੁਰੂ ਅਮਰਦਾਸ ਜੀ ਨਾਲ ਮਿਲਾਪ ਤੇ ਸ਼ਾਦੀ 51

**ਸ੍ਰੀ ਗੁਰੂ ਅਰਜਨ ਦੇਵ ਜੀ**

13. ਦੋਹਿਤਾ ਬਾਣੀ ਕਾ ਬੋਹਿਤਾ 55
14. ਬਾਲ ਕੌਤਕ ਤੇ ਵਿੱਦਿਆ ਪ੍ਰਾਪਤੀ 59
15. ਪਰਖ ਦਾ ਪਰਚਾ 62

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ**

16. ਗੁੜ ਦੀ ਰੋੜੀ ਦੀ ਸਾਖੀ 66
17. ਪੂਰਨਤਾ ਦੀ ਝਲਕ 71
18. ਗੁਰਿਆਈ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣਾ 74


SIKHBOOKCLUB.COM

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
19. ਗੁਰ ਗੱਦੀ ਦਾ ਵਾਰਿਸ 78
20. ਸ੍ਰੀ ਗੁਰੂ ਹਰਿਰਾਇ ਜੀ ਦਾ ਨਿਤਨੇਮ 83
21. ਲੰਗਰ ਦੀ ਬਰਕਤ ਦੀ ਸਾਖੀ 87

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
22. ਜਿਸ ਡਿੱਠੇ ਸਭ ਦੁੱਖ ਜਾਇ 91
23. ਦਰਸ਼ਨਾਂ ਲਈ ਸੰਗਤਾਂ ਦੀ ਵਿਆਕੁਲਤਾ 95
24. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ 98

ਸ੍ਰੀ ਗੁਰੂ ਤੇਗ ਬਹਾਦੁਰ ਜੀ
25. ਉਦਾਰਤਾ ਭਰੀ ਬਾਲ ਅਵਸਥਾ 102
26. ਅਕਾਲ ਪੁਰਖ ਦੇ ਸਿਮਰਿਨ ਦਾ ਚਾਉ 106
27. ਤਿਆਗ ਅਤੇ ਵੈਰਾਗ ਦੀ ਸਾਖੀ 109

ਸ੍ਰੀ ਗੁਰੂ ਗੋਬਿੰਦ ਸਿੰਘ ਜੀ
28. ਅਲੌਕਿਕ ਆਤਮਕ ਬਲ 112
29. ਸਯੱਦ ਭੀਖਨ ਸ਼ਾਹ ਨੂੰ ਉਪਦੇਸ਼ 116
30. ਸੱਚੇ ਧਰਮ ਰੱਖਿਅਕ 120

SIKHBOOKCLUB.COM

# ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ
# ਪਹਿਲੇ ਪਾਤਸ਼ਾਹ ਜੀ

## ਵੈਦ ਤੇ ਕਿਰਪਾ ਦ੍ਰਿਸ਼ਟੀ

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਸੰਨ 1569 ਈਸਵੀ ਸੰਮਤ 1526 ਬਿਕ੍ਰਮੀ ਨੂੰ ਰਾਇ ਭੋਇ ਦੀ ਤਲਵੰਡੀ ਪਿਤਾ ਸ੍ਰੀ ਕਲਿਆਣ ਚੰਦ ਮਹਿਤਾ ਜੀ ਦੇ ਘਰ ਅਤੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਅਵਤਾਰ ਧਾਰਿਆ। ਬਾਅਦ ਵਿੱਚ ਇਸ ਪਿੰਡ ਦਾ ਨਾਂ ਸਤਿਗੁਰੂ ਪਾਤਸ਼ਾਹ ਜੀ ਦੇ ਨਾਂ ਤੇ ਨਨਕਾਣਾ ਸਾਹਿਬ ਰੱਖਿਆ ਗਿਆ। ਨਨਕਾਣਾ ਸਾਹਿਬ ਹੁਣ ਪਾਕਿਸਤਾਨ ਵਿੱਚ ਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਸਮੇਂ ਹਿੰਦੁਸਤਾਨ ਦਾ ਬਾਦਸ਼ਾਹ ਬਹਿਲੋਲ ਲੋਦੀ ਗੱਦੀ ਤੇ ਬਿਰਾਜਮਾਨ ਸੀ।

SIKHBOOKCLUB.COM

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ 'ਤੇ ਲੋਕਾਂ ਦੇ ਮਨਾਂ ਵਿਚ ਸੁੱਤੇ ਸਿੱਧ ਹੀ ਦਯਾ, ਧਰਮ, ਖ਼ਿਮਾਂ ਅਤੇ ਪ੍ਰੇਮ ਵਾਲੇ ਗੁਣ ਪ੍ਰਗਟ ਹੋ ਗਏ ਸਨ।

ਪਿੰਡ ਦੇ ਲੋਕਾਂ ਨੂੰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦਾ ਪਤਾ ਲੱਗਾ ਤਾਂ ਉਹ ਪਿਤਾ ਕਲਿਆਣ ਚੰਦ ਜੀ ਨੂੰ ਵਧਾਈਆਂ ਦੇਣ ਉਨ੍ਹਾਂ ਦੇ ਘਰ ਪਹੁੰਚਣ ਲੱਗੇ। ਲਾਗਲੇ ਘਰਾਂ ਦੀਆਂ ਇਸਤਰੀਆਂ ਘਰਾਂ ਤੋਂ ਦੁੱਧ, ਦਹੀਂ ਅਤੇ ਕੇਸਰ ਦੀਆਂ ਚੀਜ਼ਾਂ ਲੈ ਕੇ ਸਤਿਗੁਰਾਂ ਦੇ ਘਰ ਵਧਾਈ ਦੇਣ ਪਹੁੰਚ ਰਹੀਆਂ ਸਨ। ਮਾਤਾ ਤ੍ਰਿਪਤਾ ਜੀ ਦਾ ਸਾਰਾ ਵਿਹੜਾ ਤ੍ਰੀਮਤਾਂ ਨਾਲ ਭਰ ਗਿਆ ਸੀ। ਮੰਗਲਾਚਰਣ ਦੇ ਔਰਤਾਂ ਗੀਤ ਗਾ ਰਹੀਆਂ ਸਨ ਅਤੇ ਨਾਲੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇ ਰਹੀਆਂ ਸਨ। ਪਿਤਾ ਕਲਿਆਣ ਚੰਦ ਜੀ ਨੇ ਵੀ ਖੁੱਲ੍ਹ ਕੇ ਬਸਤਰ, ਅਨਾਜ, ਮਠਿਆਈਆਂ ਅਤੇ ਪੈਸੇ ਗਰੀਬਾਂ ਨੂੰ ਵੰਡੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਥੋੜ੍ਹੇ ਵੱਡੇ ਹੋਏ ਤਾਂ ਵੈਰਾਗ ਅਵਸਥਾ ਵਿੱਚ ਰਹਿਣ ਲੱਗੇ। ਬਾਲ ਨਾਨਕ ਦੇਵ ਜੀ ਦੀ ਉਮਰ ਉਸ ਸਮੇਂ



SIKHBOOKCLUB.COM

ਗਿਆਰਾਂ ਬਰਸ ਦੀ ਬਾਲ ਸਤਿਗੁਰ ਆਪਣੇ ਪਿਤਾ ਕਲਿਆਣ ਚੰਦ ਮਹਿਤਾ ਜੀ ਦਾ ਕਹਿਣਾ ਕਦੀ ਨਹੀਂ ਸੀ ਮੋੜਿਆ। ਪਿਤਾ ਜੀ ਜੋ ਕੰਮ ਬਾਲ ਨਾਨਕ ਦੇਵ ਜੀ ਨੂੰ ਕਰਨ ਲਈ ਕਹਿੰਦੇ, ਉਹ ਉਹ ਹੀ ਕਰਨ ਲੱਗ ਜਾਂਦੇ। ਪਰ ਉਹ ਅਕਾਲ ਪੁਰਖ ਦੀ ਭਗਤੀ ਵਿੱਚ ਰੰਗੇ, ਵੈਰਾਗਮਈ ਅਵੱਸਥਾ ਵਿੱਚ, ਜਿੱਥੇ ਬੈਠਣ, ਬੈਠੇ ਰਹਿਣ, ਖਾਣ-ਪੀਣ ਦੀ ਪ੍ਰਵਾਹ ਨਾ ਕਰਨ ਅਤੇ ਕਿਸੇ ਨਾਲ ਗੱਲ ਭੀ ਘੱਟ ਹੀ ਕਰਨ।

ਸਤਿਗੁਰਾਂ ਸੌਣਾ ਭੀ ਘੱਟ ਕਰ ਦਿੱਤਾ ਸੀ। ਹਰ ਵੇਲੇ ਅਕਾਲ-ਪੁਰਖ ਦੇ ਧਿਆਨ ਵਿੱਚ ਮਗਨ ਰਹਿੰਦੇ। ਪ੍ਰਮਾਤਮਾ ਦੇ ਰੰਗ ਵਿੱਚ ਆ, ਕਦੀ ਸ਼ਬਦ ਉਚਾਰਣ ਕਰਨ ਲੱਗ ਜਾਂਦੇ, ਕਦੀ ਵੈਰਾਗ ਵਿੱਚ ਰੋਣ ਲੱਗ ਜਾਂਦੇ, ਕਦੀ ਮਸਤੀ ਵਿੱਚ ਹੱਸਣ ਲੱਗ ਜਾਂਦੇ ਤੇ ਕਦੀ ਚੁੱਪ ਬੈਠੇ ਰਹਿੰਦੇ।

ਰੰਗ ਹਸਹਿ ਰੰਗ ਰੋਵਹਿ,
ਚੁਪ ਭੀ ਕਰ ਜਾਹਿ।
ਪਰਵਾਹ ਨਾਹੀ ਕਿਸੇ ਕੇਰੀ,
ਬਾਝ ਸੱਚੇ ਨਾਇ।

ਸਵੇਰੇ ਜਦ ਬਾਲ ਸਾਥੀ ਨਾਨਕ ਦੇਵ ਜੀ ਦੇ ਘਰ ਆਉਂਦੇ ਤੇ ਉਨ੍ਹਾਂ ਨਾਲ ਖੇਡਣ ਜਾਣ ਲਈ ਕਹਿੰਦੇ, ਤਾਂ ਸਤਿਗੁਰੂ ਉਨ੍ਹਾਂ ਨੂੰ ਮਨਾ ਕਰ ਦਿੰਦੇ। ਇਸ ਤਰ੍ਹਾਂ ਬਾਲ ਬਰੇਸ ਵਿੱਚ ਅਕਾਲ ਪੁਰਖ ਦੇ ਰੰਗ ਵਿੱਚ ਰੰਗੇ ਰਹਿੰਦੇ। ਦਿਨ ਰਾਤ ਧਿਆਨ ਮਗਨ ਰਹਿੰਦੇ।

ਮਾਤਾ ਤ੍ਰਿਪਤਾ ਪਿਤਾ ਕਲਿਆਣ ਚੰਦ ਨਾਨਕ ਦੇਵ ਜੀ ਦੀ ਇਸ ਅਵੱਸਥਾ ਲਈ ਬੜੇ ਫਿਕਰਮੰਦ ਸਨ। ਬੇਸ਼ੱਕ ਬਾਲ ਨਾਨਕ ਜੀ ਉਨ੍ਹਾਂ ਨੂੰ ਬਿਮਾਰ ਨਹੀਂ ਲੱਗਦੇ ਸਨ। ਆਖਰ ਲਾਗਲੇ ਘਰਾਂ ਦੀਆਂ ਤ੍ਰੀਮਤਾਂ ਤੇ ਪੁਰਖਾਂ ਦੇ ਕਹਿਣ ਅਤੇ ਬਾਲ ਨਾਨਕ ਦੇਵ ਜੀ ਦੇ ਚਾਚਾ ਲਾਲ ਚੰਦ ਜੀ ਦੇ ਵੀ ਕਹਿਣ 'ਤੇ ਬਾਲ ਨਾਨਕ ਦੇਵ ਦੇ ਪਿਤਾ ਜੀ ਨੇ ਉਸੇ ਪਿੰਡ ਰਾਇ ਭੋਏ ਦੀ ਤਲਵੰਡੀ (ਮੌਜੂਦਾ ਨਨਕਾਣਾ ਸਾਹਿਬ ਪਾਕਿਸਤਾਨ ਵਿੱਚ) ਰਹਿਣ ਵਾਲੇ ਹਰਦਾਸ ਨਾਮ ਦੇ ਵੈਦ ਨੂੰ ਬੁਲਾਇਆ। ਬਾਲ ਨਾਨਕ ਦੇਵ ਜੀ ਬਿਮਾਰ ਹਨ। ਵੈਦ ਉਨ੍ਹਾਂ ਦਾ ਇਲਾਜ ਕਰੇ।

ਲਾਗਲੇ ਘਰਾਂ ਦੇ ਬਾਲਾਂ ਨੇ ਜਦ ਬਾਲ ਨਾਨਕ ਦੇਵ ਜੀ ਦੇ ਘਰ ਵੈਦ ਜਾਂਦਾ ਦੇਖਿਆ ਤਾਂ ਉਹ ਵੀ ਨਾਨਕ ਜੀ ਦੇ ਘਰ ਇਕੱਠੇ ਹੋ ਗਏ। ਆਂਢੀ-ਗੁਆਂਢੀ ਵੀ ਸਭ ਮਹਿਤਾ ਜੀ ਦੇ ਘਰ ਇਕੱਠੇ ਹੋ ਗਏ।

ਉਸ ਪ੍ਰਮਾਤਮਾ ਅਕਾਲ ਪੁਰਖ ਦੇ ਰੰਗ ਵਿੱਚ ਸਤਿਗੁਰੂ ਬਾਹਰ ਵਿਹੜੇ ਵਿੱਚ ਮੰਜੇ 'ਤੇ ਲੰਮੇ ਪਏ ਸਨ। ਵੈਰਾਗਮਈ ਅਵੱਸਥਾ ਵਿੱਚ ਉਨ੍ਹਾਂ ਦੇ ਦੋਵੇਂ ਨੇਤਰ ਬੰਦ ਸਨ। ਅਕਾਲ ਪੁਰਖ ਨਾਲ ਉਨ੍ਹਾਂ ਦੀ ਬਿਰਤੀ ਜੁੜੀ ਸੀ, ਜਦੋਂ ਵੈਦ ਹਰਦਾਸ ਸਤਿਗੁਰੂ ਜੀ ਦੇ ਘਰ ਪਹੁੰਚਿਆ।

ਵੈਦ ਨੇ ਬਾਲ ਨਾਨਕ ਜੀ ਦੀ ਬਾਂਹ ਫੜ ਨਬਜ਼ ਦੇਖੀ ਤਾਂ ਸਤਿਗੁਰਾਂ ਦੀ

ਬਿਰਤੀ ਖੁੱਲ੍ਹੀ। ਬਾਲ ਨਾਨਕ ਨੇ ਵੈਦ ਦੇ ਹੱਥੋਂ ਆਪਣੀ ਬਾਂਹ ਪਿੱਛੇ ਖਿੱਚ ਲਈ ਤੇ ਉੱਠ ਕੇ ਬੈਠ ਗਏ। ਕੁਝ ਚਿਰ ਬੈਠੇ ਰਹੇ ਤੇ ਫਿਰ ਮੰਜੇ 'ਤੇ ਬੈਠਿਆਂ ਹੀ ਸਤਿਗੁਰਾਂ ਵੈਦ ਹਰਦਾਸ ਵੱਲ ਦੇਖਿਆ ਤੇ ਸ਼ਬਦ ਉਚਾਰਣ ਕੀਤਾ—

ਵੈਦ ਬੁਲਾਇਆ ਵੈਦਗੀ,
ਪਕੜ ਢੰਢੋਲੇ ਬਾਂਹ।
ਭੋਲਾ ਵੈਦ ਨਾ ਜਾਣਈ,
ਕਰਕ ਕਲੇਜੇ ਮਾਹਿ।
ਵੈਦਾ ਵੈਦ ਸੁਵੈਦ ਤੂੰ,
ਪਹਿਲਾਂ ਰੋਗ ਪਛਾਣ।
ਐਸਾ ਦਾਰੂ ਲੋੜਿ ਲਹੁ,
ਜਿਤ ਵੰਞੈ ਰੋਗਾਂ ਘਾਣਿ।
ਰੋਗ ਦਾਰੂ ਦੋਵੈਂ ਬੁਝੈ,
ਤਾਂ ਹੋਵੈ ਵੈਦ ਸੁਜਾਣ।
ਜਾਹਿ ਵੈਦ ਘਰ ਆਪਣੈ,
ਤੈਨੂੰ ਨਹੀਂ ਪਛਾਣ।
ਹਮ ਰਤੇ ਸਹੁ ਆਪਣੇ,
ਤੂੰ ਕਿਸ ਦਾਰੂ ਦੇਇ।
ਨਾਨਕ ਪ੍ਰੀਤਮ ਜੇ ਮਿਲੈ,
ਤਾਂ ਦੁਖ ਜਾਣੀ ਏਹ।

ਸਤਿਗੁਰਾਂ ਵੈਦ ਨੂੰ ਉਪਦੇਸ਼ ਦਿੰਦੇ ਆਖਿਆ ਕਿ ਵੈਦ ਉਹ ਹੈ ਜੋ ਬਿਮਾਰੀ ਲੱਭੇ, ਤੇ ਫਿਰ ਦਵਾਈ ਦੇ ਕੇ ਰੋਗ ਹਟਾਏ। ਬਾਲ ਨਾਨਕ ਨੇ ਵੈਦ ਨੂੰ ਸਮਝਾਇਆ ਅਸੀਂ ਬਿਲਕੁਲ ਤੰਦਰੁਸਤ ਹਾਂ, ਸਾਨੂੰ ਕੋਈ ਸਰੀਰਕ ਬਿਮਾਰੀ ਨਹੀਂ ਹੈ। ਪਰ ਸਾਡੇ ਹਿਰਦੇ ਵਿੱਚ ਅਕਾਲ ਪੁਰਖ ਦੇ ਦਰਸ਼ਨਾਂ ਦੀ ਤੀਬਰ ਸਿੱਕ ਹੈ। ਸਾਡੀ ਇਹ ਵੈਰਾਗਮਈ ਅਵਸਥਾ ਉਸ ਪ੍ਰਮਾਤਮਾ ਦੇ ਦਰਸ਼ਨਾਂ ਦੀ ਤਾਂਘ ਕਰਕੇ ਬਣੀ ਹੈ। ਬਾਲ ਨਾਨਕ ਨੇ ਵੈਦ ਹਰਦਾਸ ਨੂੰ ਸਹਿਜ ਭਾਵ ਵਿੱਚ ਘਰ ਜਾਣ ਲਈ ਆਖਿਆ।

ਸਤਿਗੁਰੂ ਮਿਹਰ ਦੇ ਘਰ ਵਿੱਚ ਆਏ। ਉਨ੍ਹਾਂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਵੈਦ ਵੱਲ ਦੇਖਿਆ। ਵੈਦ ਦੇ ਸੁੱਤੇ ਭਾਗ ਜਾਗ ਪਏ। ਉਸ ਨੂੰ ਬਾਲ

SIKHBOOKCLUB.COM

ਪ੍ਰੀਤਮ ਨਾਨਕ ਦੇਵ ਜੀ ਦੇ ਨੂਰਾਨੀ ਮੁੱਖੜੇ 'ਚੋਂ ਅਕਾਲ ਪੁਰਖ ਦੇ ਸਾਖ਼ਸ਼ਾਤ ਦਰਸ਼ਨ ਹੋਏ। ਝੱਟ ਵੈਦ ਬਾਲਾ ਪ੍ਰੀਤਮ ਨਾਨਕ ਦੇਵ ਜੀ ਦੇ ਚਰਨਾਂ 'ਤੇ ਡਿੱਗ ਪਿਆ ਤੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਉਚਾਰਨ ਕਰਨ ਲੱਗ ਪਿਆ। ਬਾਲ ਨਾਨਕ ਜੀ ਨੇ ਉਸ ਨੂੰ ਉਠਾਇਆ ਤੇ ਵਾਹਿਗੁਰੂ ਦਾ ਨਾਮ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾ ਲੀਤਾ।

ਸਾਰੇ ਮੁਹੱਲੇ ਦੇ ਬਾਲਾਂ ਨੇ ਵੀ ਬਾਲਾ ਪ੍ਰੀਤਮ ਨਾਨਕ ਦੇਵ ਅੱਗੇ ਸਿਰ ਝੁਕਾਇਆ ਤੇ ਖੇਡਣ ਚਲੇ ਗਏ। ਉਧਰ ਵੈਦ ਹਰਦਾਸ ਸਤਿਗੁਰਾਂ ਦਾ ਬਚਨ ਮੰਨ ਵਾਹਿਗੁਰੂ ਉਚਾਰਣ ਲੱਗਾ। ਉਸ ਮਹਿਤਾ ਕਲਿਆਣ ਚੰਦ ਜੀ ਨੂੰ ਤੇ ਮਾਤਾ ਤ੍ਰਿਪਤਾ ਜੀ ਨੂੰ ਵੀ ਮੱਥਾ ਟੇਕਿਆ ਤੇ ਆਖਿਆ ਕਿ ਤੁਹਾਡਾ ਪੁੱਤਰ ਨਾਨਕ ਦੇਵ ਜੀ ਕੋਈ ਪੂਰਨ ਪੁਰਖ ਹੈ। ਇਨ੍ਹਾਂ ਦੀ ਦਇਆ ਦ੍ਰਿਸ਼ਟੀ ਜਦ ਮੇਰੇ 'ਤੇ ਪਈ ਤਾਂ ਮੇਰਾ ਉਧਾਰ ਹੋ ਗਿਆ। ਏਨਾ ਕਹਿ ਉਹ ਸਤਿਗੁਰਾਂ ਅੱਗੇ ਦੁਬਾਰਾ ਡੰਡੋਤਵਤ ਹੋ ਗਿਆ। ਸਤਿਗੁਰਾਂ ਦੇ ਘਰ ਇਕੱਠੇ ਹੋਏ ਸਭ ਨਰ ਨਾਰੀ ਨੇ ਸਤਿਗੁਰਾਂ ਅੱਗੇ ਸੀਸ ਝੁਕਾਇਆ।

SIKHBOOKCLUB.COM

# ਰਾਇ ਬੁਲਾਰ ਦਾ ਸਿੱਖ ਹੋਣਾ

ਇੱਕ ਦਿਨ ਸਤਿਗੁਰੂ ਵੈਰਾਗ ਅਵਸਥਾ ਵਿੱਚ ਅਤੇ ਅਕਾਲ ਪੁਰਖ ਦੇ ਭਗਤੀ ਰੰਗ ਵਿੱਚ ਇਕੱਲੇ ਘਰੋਂ ਚੱਲ ਪਏ। ਥੋੜ੍ਹੀ ਦੂਰ ਜਾ ਖੇਤਾਂ ਦੇ ਲਾਗੇ ਦਰੱਖਤਾਂ ਦੀ ਇੱਕ ਝਿੜੀ ਦੇ ਇੱਕ ਦਰੱਖ਼ਤ ਥੱਲੇ ਬੈਠ ਧਿਆਨ ਮਗਨ ਹੋ ਗਏ। ਰੱਬੀ ਰੰਗ ਦੇ ਸਰੂਰ ਵਿੱਚ ਬਾਲ ਨਾਨਕ ਦੇਵ ਜੀ ਉਸੇ ਦਰੱਖਤ ਥੱਲੇ ਲੰਮੇ ਪੈ ਗਏ। ਝਿੜੀ ਵਿੱਚ ਘਾਹ ਪੌਦੇ ਹੋਣ ਕਾਰਨ ਬਾਲਾ ਪ੍ਰੀਤਮ ਕਿਸੇ ਨੂੰ ਦਿਖਾਈ ਨਹੀਂ ਦੇ ਰਹੇ ਸਨ। ਇਸ ਝਿੱੜੀ ਦੇ ਲਾਗਿਉਂ ਰਾਇ ਭੋਏ ਦੀ ਤਲਵੰਡੀ ਪਿੰਡ ਨੂੰ ਰਸਤਾ ਜਾਂਦਾ ਸੀ।

ਉਸ ਅਕਾਲ ਪੁਰਖ ਦੇ ਭਾਣੇ ਵਿੱਚ ਰਾਇ ਬੁਲਾਰ ਘੋੜੇ 'ਤੇ ਸਵਾਰ ਆਪਣੇ ਖੇਤਾਂ ਵਿੱਚ ਫੇਰਾ ਮਾਰ ਪਿੰਡ ਨੂੰ ਆਪਣੇ ਘਰ ਵਾਪਿਸ ਪਰਤ ਰਿਹਾ ਸੀ। ਜਦ ਝਿੱੜੀ ਦੇ ਲਾਗਿਉਂ ਲੰਘਿਆਂ ਤਾਂ ਉਸ ਨੂੰ ਬਾਲ ਨਾਨਕ ਜੀ ਨੂੰ ਝਿੱੜੀ ਵਿੱਚ ਦਰੱਖਤ ਥੱਲੇ ਸੁੱਤੇ ਦੇਖਿਆ। ਇੱਕ ਸਫੈਦ ਰੰਗ ਦਾ ਵੱਡਾ ਫਨੀਅਰ ਸੱਪ ਆਪਣਾ ਫ਼ਨ ਫੈਲਾ ਕੇ ਸਤਿਗੁਰਾਂ ਦੇ ਨੂਰਾਨੀ ਮੁੱਖੜੇ 'ਤੇ ਛਾਇਆ ਕਰੀ ਖੜ੍ਹਾ ਸੀ। ਇਸ ਅਲੌਕਿਕ ਕੌਤਕ ਨੂੰ ਦੇਖ ਕੇ ਰਾਇ ਬੁਲਾਰ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਘੋੜੇ ਤੋਂ ਉੱਤਰ ਜਦ ਰਾਇ ਬੁਲਾਰ ਬਾਲ ਨਾਨਕ ਦੇਵ ਜੀ ਵੱਲ ਵਧਿਆ ਤਾਂ ਇਹ ਚਿੱਟਾ ਫਨੀਅਰ ਸੱਪ ਝੱਟ ਝਾੜੀ ਵਿੱਚ ਛਿਪ ਗਿਆ। ਰਾਇ ਬੁਲਾਰ ਸਮਝ ਗਿਆ ਕਿ ਬਾਲ ਨਾਨਕ ਜੀ ਕੋਈ ਸਾਧਾਰਨ ਬਾਲਕ ਨਹੀਂ ਹਨ। ਉਸ ਨੂੰ ਇੰਝ ਮਹਿਸੂਸ ਹੋਇਆ ਕਿ ਇਹ ਤਾਂ ਕੋਈ ਅਕਾਲ ਪੁਰਖ ਦਾ ਹੀ ਸਰੂਪ ਹਨ। ਉਹ ਮਨ ਹੀ ਮਨ ਬਾਲ ਸਤਿਗੁਰਾਂ ਦਾ ਸੱਚਾ ਸਿੱਖ ਬਣ ਗਿਆ ਤੇ ਚਰਨਾਂ 'ਤੇ ਜਾ ਮੱਥਾ ਟੇਕਿਆ। ਬਾਲ ਨਾਨਕ ਜੀ ਦੀ ਸਮਾਧੀ ਖੁੱਲ੍ਹ ਗਈ ਤੇ ਰਾਇ ਬੁਲਾਰ ਸਤਿਕਾਰ ਨਾਲ ਉਨ੍ਹਾਂ ਨੂੰ ਘਰ ਵਾਪਿਸ ਲੈ ਆਇਆ।

ਰਾਇ ਬੁਲਾਰ ਜੋ ਦਸ ਪਿੰਡ ਪ੍ਰਗਣੇ ਸ਼ਕਰਪੁਰ ਜਗੀਰ ਦਾ ਮਾਲਕ ਸੀ। ਬਾਲ ਨਾਨਕ ਦੇ ਪਿਤਾ ਕਲਿਆਣ ਚੰਦ ਜੀ ਉਸ ਦੀ ਜਗੀਰ ਦੀ ਦੇਖ-ਰੇਖ ਤੇ ਹਿਸਾਬ-ਕਿਤਾਬ ਰੱਖਦੇ ਸਨ। ਰਾਇ ਬੁਲਾਰ ਉਸੇ ਦਿਨ ਤੋਂ ਹਰ ਰੋਜ਼ ਬਾਲਾ ਪ੍ਰੀਤਮ ਨਾਨਕ ਜੀ ਦੇ ਘਰ ਦਰਸ਼ਨ ਕਰਨ ਸਵੇਰੇ ਆਉਂਦਾ ਸੀ। ਇੱਕ ਦਿਨ



SIKHBOOKCLUB.COM

ਰਾਇ ਬੁਲਾਰ ਸਵੇਰੇ ਕੁਝ ਦੇਰ ਨਾਲ ਬਾਲ ਨਾਨਕ ਜੀ ਦੇ ਘਰ ਦਰਸ਼ਨ ਕਰਨ ਪਹੁੰਚਿਆ ਤਾਂ ਅੱਗੇ ਨਾਨਕ ਜੀ ਘਰ ਨਹੀਂ ਸਨ। ਪੁੱਛਣ 'ਤੇ ਪਤਾ ਲੱਗਾ ਕਿ ਨਾਨਕ ਬਾਹਰ ਖੇਡਣ ਗਏ ਹਨ। ਰਾਇ ਬੁਲਾਰ ਦਰਸ਼ਨ ਕਰਨ ਹਿਤ ਸਤਿਗੁਰਾਂ ਦੀ ਭਾਲ ਵਿੱਚ ਬਾਹਰ ਤੁਰ ਪਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਲਾਂ ਨਾਲ ਖੇਡਣ ਦੀ ਬਜਾਏ ਘਰੋਂ ਥੋੜ੍ਹੀ ਦੂਰ ਦਰੱਖਤਾਂ ਦੇ ਝੁੰਡ ਵਿਚ ਇਕ ਦਰੱਖਤ ਥੱਲੇ ਅਕਾਲ ਪੁਰਖ ਦੇ ਰੰਗ ਵਿੱਚ ਧਿਆਨ ਮਗਨ ਹੋ ਗਏ ਸਨ। ਐਸੀ ਸੁਰਤੀ ਜੁੜੀ ਕਿ ਉਨ੍ਹਾਂ ਨੂੰ ਸਮੇਂ ਦਾ ਧਿਆਨ ਹੀ ਨਹੀਂ ਰਿਹਾ। ਸ਼ਾਮ ਢਲ ਗਈ ਸੀ। ਦਰੱਖਤਾਂ ਦੇ ਪ੍ਰਛਾਵੇਂ ਪੱਛਮ ਤੋਂ ਪੂਰਬ ਵੱਲ ਚਲੇ ਗਏ ਸਨ।

ਰਾਇ ਬੁਲਾਰ ਬਾਲ ਨਾਨਕ ਦੇਵ ਜੀ ਦੀ ਭਾਲ ਕਰਦਾ ਘੋੜੇ 'ਤੇ ਸਵਾਰ ਆਖਰ ਉਸੇ ਜਗ੍ਹਾ 'ਤੇ ਪਹੁੰਚਿਆ ਜਿੱਥੇ ਸਤਿਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਨਾਲ ਸੁਰਤੀ ਜੋੜ ਲੰਮੇ ਪਏ ਸਨ। ਰਾਇ ਬੁਲਾਰ ਇਹ ਦੇਖ ਅਸਚਰਜ

ਰਹਿ ਗਿਆ ਕਿ ਜਿਸ ਦਰੱਖਤ ਥੱਲੇ ਬਾਲ ਨਾਨਕ ਲੰਮੇ ਪਏ ਸਨ, ਉਸ ਦਰੱਖਤ ਦੀ ਛਾਇਆ ਜਿਉਂ ਦੀ ਤਿਉਂ ਬਾਲ ਨਾਨਕ ਜੀ ਦੇ ਮੁੱਖੜੇ 'ਤੇ ਛਾਇਆ ਕਰ ਰਹੀ ਸੀ। ਜਦਕਿ ਦੂਸਰੇ ਦਰੱਖਤਾਂ ਦੀ ਛਾਂ ਦੂਸਰੀ ਤਰਫ ਪੂਰਬ ਵੱਲ ਢਲ ਚੁੱਕੀ ਸੀ। ਰਾਇ ਬੁਲਾਰ ਝੱਟ ਜਾ ਬਾਲ ਨਾਨਕ ਸਤਿਗੁਰੂ ਦੇ ਚਰਨਾਂ 'ਤੇ ਮੱਥਾ ਟੇਕਿਆ। ਸਤਿਗੁਰਾਂ ਦੀ ਸਮਾਧੀ ਖੁੱਲ੍ਹ ਗਈ। ਬਾਲ ਨਾਨਕ ਜੀ ਤੇ ਰਾਇ ਬੁਲਾਰ ਘੋੜੇ 'ਤੇ ਸਵਾਰ ਹੋ ਘਰ ਵਾਪਿਸ ਆ ਗਏ।

SIKHBOOKCLUB.COM

# ਖਰਾ ਤੇ ਸੱਚਾ ਸੌਦਾ

ਬਾਲ ਅਵਸਥਾ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਨਾਮ ਦੀ ਸਿੱਖਿਆ ਦੇਣ ਲਈ ਕਈ ਕੌਤਕ ਰਚਦੇ ਰਹਿੰਦੇ ਸਨ। ਉਨ੍ਹਾਂ ਕੌਤਕਾਂ ਵਿੱਚੋਂ ਇੱਕ ਵੀਹ ਰੁਪਏ ਦਾ ਖਰਾ ਤੇ ਸੱਚਾ ਸੌਦਾ ਕਰਨਾ ਵੀ ਹੈ। ਇਸ ਕੌਤਕ ਤੋਂ ਹੀ ਸਦਾ ਰਹਿਣ ਵਾਲੀ ਲੰਗਰ ਤੇ ਪੰਗਤ ਦੀ ਮਹਾਨ ਪ੍ਰਥਾ ਸ਼ੁਰੂ ਹੋਈ।

ਤੇਰਾਂ ਸਾਲ ਦੀ ਬਾਲ ਅਵਸਥਾ ਵਿੱਚ ਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੰਤਾ ਮਹਾਤਮਾ ਕੋਲ ਜਾ ਉਨ੍ਹਾਂ ਨਾਲ ਗਿਆਨ ਸੱਚ ਦੀ ਚਰਚਾ ਕਰਨ ਲੱਗ ਪਏ ਸਨ। ਨਨਕਾਣਾ ਸਾਹਿਬ ਦੇ ਲਾਗੇ ਪਾਕ ਪਟਨ ਜਿੱਥੇ ਬਾਬਾ ਫ਼ਰੀਦ ਜੀ ਦੀ ਸਮਾਧ ਹੈ, ਵਿਖੇ ਮੇਲਾ ਦੇਖਣ ਚਲੇ ਗਏ। ਉਸ ਸਮੇਂ ਸ਼ੇਖ਼ ਇਬਰਾਹੀਮ ਜੋ ਗੱਦੀ ਨਸ਼ੀਨ ਸਨ, ਨਾਲ ਕਈ ਦਿਨ ਗਿਆਨ ਸੱਚ ਦੀ ਚਰਚਾ ਕਰਦੇ ਰਹੇ।

ਬਾਲ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਲਿਆਣ ਚੰਦ ਜਾਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਡੂੰਗੀ ਵਿਚਾਰ ਵਿੱਚ ਪੈ ਗਏ। ਕਿਤੇ ਨਾਨਕ ਫ਼ਕੀਰ ਹੀ ਨਾ ਬਣ ਜਾਏ ? ਇਸ ਨੂੰ ਕਿਸੇ ਕਾਰ ਵਿਹਾਰ 'ਤੇ ਲਾਉਣਾ ਚਾਹੀਦਾ ਹੈ।

ਇੱਕ ਦਿਨ ਭਾਈ ਬਾਲੇ ਨੂੰ ਜੋ ਉਨ੍ਹਾਂ ਦੇ ਪਿੰਡ ਦੇ ਹੀ ਰਹਿਣ ਵਾਲੇ ਸਨ ਬੁਲਾ ਕੇ ਬਾਲ ਨਾਨਕ ਨੂੰ ਵੀਹ ਰੁਪਏ ਦੇ ਕੇ ਆਖਿਆ ਕਿ ਹੱਟੀ ਪਾਉਣ ਵਾਸਤੇ ਚੂਹੜਕਾਣੇ ਤੋਂ ਖਰਾ ਤੇ ਸੱਚਾ ਸੌਦਾ ਖਰੀਦ ਕੇ ਲਿਆਉਣਾ! ਨਾਲ ਭਾਈ ਬਾਲੇ ਨੂੰ ਵੀ ਸਮਝਾਇਆ। ਬਾਲ ਨਾਨਕ ਤੇ ਬਾਲਾ ਘੋੜੀ 'ਤੇ ਸਵਾਰ ਹੋ ਕੇ ਚੂਹੜਕਾਣੇ ਨੂੰ ਤੁਰ ਪਏ। ਚੂਹੜਕਾਣੇ ਪਿੰਡ ਦੇ ਲਾਗੇ ਜਾ ਕੇ ਦੇਖਿਆ ਕਿ ਦਰੱਖਤਾਂ ਦੀ ਛਾਵੇਂ ਇੱਕ ਫਕੀਰਾਂ ਦੀ ਜਮਾਤ ਬੈਠੀ ਹੋਈ ਹੈ।

ਬਾਲ ਨਾਨਕ ਜੀ ਘੋੜੀ ਤੋਂ ਉਤਰ ਪਏ ਤੇ, ਬਾਲਾ ਭੀ ਉਤਰ ਪਏ। ਉਨ੍ਹਾਂ ਦੋਨਾਂ ਨੇ ਜਾ ਸੰਤਾਂ ਨੂੰ ਮੱਥਾ ਟੇਕਿਆ। ਗੁਰੂ ਨਾਨਕ ਦੇਵ ਜੀ ਲਾਗੇ ਬੈਠ ਸੰਤਾਂ ਨਾਲ ਬਚਨ ਬਿਲਾਸ ਕਰਨ ਲੱਗ ਪਏ। ਮਹਾਤਮਾਵਾਂ ਨਾਲ ਬਚਨ ਕਰਨ 'ਤੇ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਉਨ੍ਹਾਂ ਨੇ ਅੱਜ ਅਜੇ ਤੱਕ ਭੋਜਨ ਨਹੀਂ ਛੱਕਿਆ ਤੇ ਉਹ ਭੁੱਖੇ ਪਿਆਸੇ ਹਨ।



ਬਾਲ ਨਾਨਕ ਜੀ ਨੇ ਭਾਈ ਬਾਲੇ ਨਾਲ ਸਲਾਹ ਕੀਤੀ ਕਿ ਪਿਤਾ ਜੀ ਨੇ ਖਰਾ ਤੇ ਸੱਚਾ ਸੌਦਾ ਕਰਨ ਲਈ ਆਖਿਆ ਸੀ। ਭੁੱਖੇ ਤੇ ਪਿਆਸੇ ਸਾਧੂ ਸੰਤਾਂ ਨੂੰ ਭੋਜਨ ਛਕਾਉਣ ਨਾਲੋਂ ਖਰਾ ਤੇ ਸੱਚਾ ਸੌਦਾ ਹੋਰ ਕਿਹੜਾ ਹੋ ਸਕਦਾ ਹੈ ? ਭਾਈ ਬਾਲੇ ਬੜੇ ਸਹਿਜ, ਭਾਵ ਨਾਲ ਉੱਤਰ ਦਿੱਤਾ, "ਜਿਵੇਂ ਤੁਹਾਡੀ ਰਜਾਇ।"

ਭਾਈ ਬਾਲੇ ਦੀ ਸਹਿਮਤੀ ਨੇ ਬਾਲ ਨਾਨਕ ਜੀ ਦਾ ਹੋਰ ਵੀ ਹੌਂਸਲਾ ਵਧਾ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਮਨ ਹੀ ਮਨ ਬਹੁਤ ਖੁਸ਼ ਹੋਏ। ਉਨ੍ਹਾਂ ਵੀਹ ਰੁਪਏ ਆਪਣੀ ਜੇਬ 'ਚੋਂ ਕੱਢ ਕੇ ਟੋਲੇ ਦੇ ਮੁੱਖੀ ਸੰਤ ਰੇਣ ਜੀ ਅੱਗੇ ਰੱਖ ਦਿੱਤੇ। ਬੜੇ ਪਰੇਮ ਨਾਲ ਸਤਿਗੁਰਾਂ ਸੰਤ ਰੇਣ ਜੀ ਨੂੰ ਆਖਿਆ, "ਤੁਹਾਡੇ ਨਾਲ ਬਚਨ ਕਰਦਿਆਂ, ਮੈਂ ਸਮਝ ਗਿਆ ਸੀ ਤੁਸੀਂ ਅਜੇ ਤੱਕ ਸਵੇਰ ਦੇ ਭੁੱਖੇ ਪਿਆਸੇ ਬੈਠੇ ਹੋ ਤੇ ਭੋਜਨ ਨਹੀਂ ਛੱਕਿਆ। ਸੋ ਇਹ ਵੀਹ ਰੁਪਏ ਲੈ ਲਵੋ ਤੇ ਜੋ ਛੱਕਣਾ ਹੈ, ਚੂਹੜਕਾਣੇ ਤੋਂ ਲਿਆ ਕੇ ਛੱਕ ਲਵੋ।

ਸੰਤ ਰੇਣ ਅਤੇ ਦੂਸਰੇ ਸੰਤ ਬਾਲ ਨਾਨਕ ਜੀ ਦੀ ਉਧਾਰਤਾ ਦੇ ਸੂਝਬੂਝ 'ਤੇ ਬਹੁਤ ਖੁਸ਼ ਹੋਏ। ਵੀਹ ਰੁਪਏ ਉਨ੍ਹਾਂ ਲੈ ਲਏ। ਸੰਤ ਰੇਣ ਜੀ ਦੂਸਰੇ ਕੁਝ ਸੰਤਾਂ ਨੂੰ ਨਾਲ ਲੈ ਕੇ ਚੂਹੜਕਾਣੇ ਦੇ ਬਾਜ਼ਾਰ 'ਚੋਂ ਰਾਸ਼ਨ ਖਰੀਦ ਲਿਆਏ। ਸਾਰਿਆਂ ਰਲ ਭੋਜਨ ਤਿਆਰ ਕੀਤਾ ਤੇ ਸਭ ਨੇ ਛੱਕਿਆ-ਛੱਕਾਇਆ।

ਬਾਲ ਨਾਨਕ ਦੇਵ ਜੀ ਤੇ ਭਾਈ ਬਾਲਾ ਬਹੁਤ ਖੁਸ਼ ਸਨ ਕਿ ਉਨ੍ਹਾਂ ਨੇ ਖਰਾ ਤੇ ਸੱਚਾ ਸੌਦਾ ਕੀਤਾ ਸੀ। ਸੰਤਾਂ ਦੀ ਭੁੱਖ ਪਿਆਸ ਮਿਟਾ ਕੇ ਉਨ੍ਹਾਂ ਨੂੰ ਖੁਸ਼ ਕਰ ਦਿੱਤਾ ਸੀ। ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਸੀ। ਐਸੇ ਮਨ ਵਿੱਚ ਭਾਵ ਲੈ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲਾ ਸੰਤਾਂ ਨੂੰ ਸੀਸ ਝੁਕਾ ਆਪਣੇ ਪਿੰਡ ਨੂੰ ਵਾਪਿਸ ਚੱਲ ਪਏ।

ਦੋਨਾਂ ਨੇ ਜਦ ਥੋੜ੍ਹਾ ਰਸਤਾ ਤਹਿ ਕੀਤਾ ਤਾਂ ਉਨ੍ਹਾਂ ਨੂੰ ਮਹਿਤਾ ਕਲਿਆਣ ਚੰਦ ਅਤੇ ਵੀਹ ਰੁਪਈਆਂ ਦਾ ਖਿਆਲ ਆਇਆ। ਇਹ ਸੋਚ ਕੇ ਕਿ ਹੁਣ ਇਸ ਹਾਲਤ ਵਿੱਚ ਘਰ ਕਿਵੇਂ ਜਾਣਗੇ। ਬਾਲ ਨਾਨਕ ਜੀ ਪਿਤਾ ਜੀ ਤੋਂ ਡਰਦੇ ਮਾਰੇ ਪਿੰਡ ਲਾਗੇ ਇੱਕ ਪੀਲੂ ਦਰੱਖ਼ਤ ਹੇਠ ਛੁੱਪ ਗਏ ਤੇ ਭਾਈ ਬਾਲਾ ਲੁੱਕਦਾ ਛਿੱਪਦਾ ਆਪਣੇ ਘਰ ਆ ਗਿਆ। ਜਿੱਥੇ ਬਾਲ ਨਾਨਕ ਦੇਵ ਜੀ ਦਰੱਖ਼ਤ ਦੇ ਥੱਲੇ ਛੁੱਪੇ ਸਨ ਉਥੇ ਗੁਰਦੁਆਰਾ ਬਣਿਆ ਹੈ ਤੇ ਉਸ ਦਾ-ਨਾਂ ਗੁਰਦੁਆਰਾ 'ਤੰਬੂ ਸਾਹਿਬ' ਹੈ।

ਬਾਲ ਨਾਨਕ ਜੀ ਜਦ ਸ਼ਾਮ ਤੱਕ ਘਰ ਨਹੀਂ ਆਏ ਤਾਂ ਸਾਰਾ ਪਰਿਵਾਰ ਫਿਕਰਮੰਦ ਹੋਇਆ। ਮਹਿਤਾ ਕਲਿਆਣਚੰਦ ਜੀ ਨੇ ਆਦਮੀ ਭੇਜ ਭਾਈ ਬਾਲੇ ਨੂੰ ਆਪਣੇ ਘਰ ਬੁਲਾਇਆ। ਥੋੜ੍ਹਾ ਗੁੱਸੇ ਨਾਲ ਪੁੱਛਣ 'ਤੇ ਭਾਈ ਬਾਲੇ ਨੇ ਸਾਰੀ ਗੱਲ ਮਹਿਤਾ ਜੀ ਨੂੰ ਦੱਸ ਦਿੱਤੀ। ਇਹ ਵੀ ਦੱਸਿਆ ਕਿ ਡਰਦੇ ਹੋਏ ਨਾਨਕ ਦੇਵ ਜੀ ਪਿੰਡ ਦੇ ਬਾਹਰ ਪੀਲੂ ਦੇ ਦਰੱਖਤ ਥੱਲੇ ਛੁੱਪੇ ਹੋਏ ਹਨ।

ਮਹਿਤਾ ਕਲਿਆਣ ਚੰਦ ਜੀ, ਮਾਤਾ ਤ੍ਰਿਪਤਾ ਜੀ ਤੇ ਸਾਰਾ ਪਰਿਵਾਰ ਬਾਲ ਨਾਨਕ ਜੀ ਨੂੰ ਘਰ ਵਾਪਸ ਲਿਆਉਣ ਲਈ ਚੱਲ ਪਏ।

ਪੀਲੂ ਦੇ ਦਰੱਖਤ ਥੱਲੇ ਪਹੁੰਚ ਬਾਲ ਨਾਨਕ ਜੀ ਨੂੰ ਮਹਿਤਾ ਕਲਿਆਣ ਚੰਦ ਜੀ ਨੇ ਥੋੜ੍ਹਾ ਗੁੱਸੇ ਵਿੱਚ ਆ, ਲੁਕਿਆਂ ਨੂੰ ਬਾਂਹ ਤੋਂ ਫੜ ਉਠਾਇਆ ਤੇ ਘਰ ਲੈ ਆਏ।

ਬਾਲ ਨਾਨਕ ਜੀ ਨੂੰ ਘਰ ਮੰਜੀ 'ਤੇ ਬਿਠਾ ਦਿੱਤਾ, ਪਰ ਆਖਿਆ ਕੁਝ ਨਾ। ਮਾਤਾ ਤ੍ਰਿਪਤਾ ਨੂੰ ਥੋੜ੍ਹਾ ਤਾਅਨੇ ਭਰੇ ਅੰਦਾਜ਼ ਵਿੱਚ ਆਖਿਆ, "ਤੇਰਾ ਪੁੱਤਰ ਕਿਹੋ ਜਿਹੀ ਸੱਚੀ ਸੌਦਾਗਰੀ ਕਰਕੇ ਆਇਆ ਹੈ। ਵੀਹ ਰੁਪਏ ਜੋ ਹੱਟੀ ਪਾਉਣ ਲਈ ਦਿੱਤੇ ਸਨ। ਸਭ ਲੁਟਾ ਆਇਆ ਹੈ, ਭੁੱਖੇ ਪਿਆਸੇ ਸਾਧੂਆਂ ਨੂੰ ਰੋਟੀ ਖਵਾ ਕੇ।"

ਮਾਤਾ ਤ੍ਰਿਪਤਾ ਜੀ ਤਾਂ ਕੁਝ ਨਾ ਬੋਲੇ ਪਰ ਬਾਲਾ ਪ੍ਰੀਤਮ ਨਾਨਕ ਦੇਵ ਜੀ ਨੇ ਬੜੇ ਧੀਰਜ ਤੇ ਸਹਿਜ ਭਾਵ ਵਿੱਚ ਪਿਤਾ ਨੂੰ ਉੱਤਰ ਦਿੱਤਾ, "ਪਿਤਾ ਜੀ ਤੁਸੀਂ ਆਖਿਆ ਸੀ ਕਿ ਨਫ਼ੇ ਵਾਲਾ, ਖਰਾ ਤੇ ਸੱਚਾ ਸੌਦਾ ਖਰੀਦਣਾ। ਮੈਂ ਤੁਹਾਡਾ ਕਹਿਣਾ ਮੰਨ ਖਰਾ ਤੇ ਸੱਚਾ ਸੌਦਾ ਖਰੀਦਿਆ ਹੈ।" ਥੋੜ੍ਹਾ ਖਿਝ ਕੇ ਪਿਤਾ ਨੇ ਜਵਾਬ ਦਿੱਤਾ, "ਪੁੱਤਰ! ਡੁੱਬੀ ਤਾਂ ਹੀ ਜੇ ਸਾਹ ਨਾ ਆਇਆ। ਤੂੰ ਤਾਂ ਸਾਡੀ ਗੱਲ ਹੀ ਨਹੀਂ ਸਮਝਦਾ। ਤੈਨੂੰ ਕਿਵੇਂ ਸਮਝਾਈਐ? ਤੂੰ ਤਾਂ ਨਫ਼ੇ ਦੀ ਜਗ੍ਹਾ 'ਤੇ ਮੂਲ ਵੀ ਡੁਬੋ ਆਇਆਂ ਹੈਂ।

ਖਰੇ ਸੌਦੇ ਵਾਲੇ ਕੌਤਕ ਦਾ ਜਦ ਰਾਇ ਬੁਲਾਰ ਨੂੰ ਪਤਾ ਲੱਗਾ ਤਾਂ ਉਹ ਝੱਟ ਤਿਆਰ ਹੋ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਆ ਗਏ। ਵੀਹ ਰੁਪਏ ਨੁਕਸਾਨ ਦੇ ਆਪਣੇ ਕੋਲੋਂ ਮਹਿਤਾ ਕਲਿਆਣ ਚੰਦ ਨੂੰ ਦੇਣ ਦੀ ਪੇਸ਼ਕਸ਼ ਕੀਤੀ। ਮਹਿਤਾ ਕਲਿਆਣ ਚੰਦ ਰਾਏ ਬੁਲਾਰ ਦੀ ਨਾਨਕ ਜੀ ਪ੍ਰਤੀ ਸ਼ਰਧਾ ਦੇਖ ਸ਼ਾਂਤ ਹੋ ਗਏ। ਉਨ੍ਹਾਂ ਮਨ ਹੀ ਮਨ ਸੋਚਿਆ ਕਿ ਨਾਨਕ ਨੇ ਐਨਾ ਵੀ ਨੁਕਸਾਨ ਨਹੀਂ ਕੀਤਾ ਜੋ ਕਿ ਸਹਿਣ ਨਾ ਕੀਤਾ ਜਾ ਸਕੇ। ਉਨ੍ਹਾਂ ਵੀਹ ਰੁਪਏ ਲੈਣ ਤੋਂ ਮਨ੍ਹਾ ਕਰ ਦਿੱਤਾ ਅਤੇ ਰਾਇ ਬੁਲਾਰ ਨੂੰ ਆਦਰ ਸਹਿਤ ਮੰਜੇ 'ਤੇ ਬੈਠਣ ਦੀ ਬੇਨਤੀ ਕੀਤੀ। ਰਾਇ ਬੁਲਾਰ ਭਾਈ ਬਾਲੇ ਤੋਂ ਸੱਚੇ ਸੌਦੇ ਦਾ ਪੂਰਾ ਕੌਤਕ ਸੁਣ ਬਹੁਤ ਨਿਹਾਲ ਹੋਏ। ਬੜੀ ਖੁਸ਼ੀ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਹੋ ਰਹੀ ਸੀ।

# ਸ੍ਰੀ ਗੁਰੂ ਅੰਗਦ ਦੇਵ ਜੀ
# ਦੂਸਰੇ ਪਾਤਸ਼ਾਹ ਜੀ

## ਲਹਿਣੇ ਦੇ ਸਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਪਿੰਡ ਨਾਂਗੇ ਦੀ ਸਰਾਇ ਜਿਸ ਦਾ ਪਹਿਲਾ ਨਾਮ ਮੱਤੇ ਦੀ ਸਰਾਏਂ ਸੀ, ਸੰਮਤ 1561 ਅਤੇ ਈਸਵੀ ਸੰਨ 1504 ਵਿੱਚ ਪ੍ਰਗਟ ਹੋਏ। ਨਾਂਗੇ ਦੀ ਸਰਾਇ ਜ਼ਿਲ੍ਹਾ ਮੁਕਤਸਰ ਦੇ ਪਾਸੇ ਕੋਟਕਪੂਰੇ ਤੋਂ 15 ਕੁ ਮੀਲਾਂ ਦੀ ਵਿੱਥ 'ਤੇ ਹੈ। ਸਤਿਗੁਰੂ ਪਾਤਸ਼ਾਹ ਜੀ ਦੇ ਪਿਤਾ ਜੀ ਦਾ ਨਾਂ ਫੇਰੂ ਮੱਲ ਜੀ ਅਤੇ ਮਾਤਾ ਜੀ ਦਾ ਨਾਂ ਮਾਤਾ ਸਭਰਾਈ ਜੀ (ਨਿਹਾਲ ਕੌਰ) ਸੀ। ਮਾਤਾ ਪਿਤਾ ਜੀ ਨੇ ਪਿਆਰ ਨਾਲ ਸਤਿਗੁਰਾਂ ਦਾ ਨਾਂ ਲਹਿਣਾ ਰੱਖਿਆ।

ਵੱਡੇ ਹੋ ਕੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਭਾਈ ਲਹਿਣੇ ਦੇ ਸਰੂਪ ਵਿੱਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦ ਮਿਲੇ ਅਤੇ ਗੁਰੂ ਨਾਨਕ ਦੇਵ ਜੀ ਨੇ ਜਦੋਂ ਉਨ੍ਹਾਂ ਨੂੰ ਗੁਰਗੱਦੀ ਦਿੱਤੀ ਤਾਂ ਉਨ੍ਹਾਂ ਦਾ ਨਾਂ ਭਾਈ ਲਹਿਣੇ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ 35 ਸਾਲ ਦੀ ਉਮਰ ਵਿੱਚ ਗੁਰਗੱਦੀ ਸੌਂਪੀ ਸੀ।

ਬਚਪਨ ਵਿੱਚ ਬਾਲ ਲਹਿਣਾ ਜੀ ਬੜੇ ਭੋਲੇ ਭਾਲੇ ਤੇ ਸੀਤਲ ਸੁਭਾਅ ਦੇ ਮਾਲਕ ਸਨ। ਬਹੁਤ ਧੀਰਜਵਾਲੇ ਤੇ ਸ਼ਾਂਤ ਰਹਿੰਦੇ ਸਨ। ਬਾਲਕ ਲਹਿਣਾ ਜੀ ਬੜੇ ਉਧਾਰ ਬਿਰਤੀ ਵਾਲੇ ਸਨ। ਆਏ ਸੰਤਾਂ, ਮਹਾਤਮਾਵਾਂ ਦਾ ਆਦਰ ਕਰਨ ਵਾਲੇ ਸਨ। ਬਹੁਤ ਹੀ ਸੁੰਦਰ ਤੇ ਨੂਰਾਨੀ ਮੁਖੜੇ ਵਾਲੇ ਸਨ।

ਬਾਲਾ ਪ੍ਰੀਤਮ ਲਹਿਣੇ ਦੇ ਪਿਤਾ ਜੀ ਫਿਰੋਜ਼ਪੁਰ ਦੇ ਹਾਕਮ ਪਠਾਣ ਦੇ ਖਜ਼ਾਨਚੀ ਸਨ। ਸੰਨ 1524 ਵਿੱਚ (ਸੰਮਤ 1578) ਜਦ ਬਾਬਰ ਨੇ ਦਿੱਲੀ ਤੇ

ਹਮਲਾ ਕੀਤਾ ਤਾਂ ਉਸ ਸਮੇਂ ਦੇ ਦਿੱਲੀ ਦੇ ਬਾਦਸ਼ਾਹ ਲੋਧੀ ਇਬਰਾਹਿਮ ਨੂੰ ਹਰਾ ਕੇ ਦਿੱਲੀ ਦਾ ਰਾਜ ਖੋ ਲਿਆ ਸੀ।

ਇਸ ਲੜਾਈ ਵਿੱਚ ਹਾਕਮਾਂ ਦੀ ਲੁੱਟ ਅਤੇ ਆਪਸੀ ਲੁੱਟ ਵਿੱਚ ਬਹੁਤ ਜ਼ਿਆਦਾ ਪਿੰਡ ਉੱਜੜ ਗਏ। ਇਸ ਲੁੱਟ ਪੁੱਟ ਵਿੱਚ ਨਾਂਗੇ ਦੀ ਸਰਾਇ ਜਿਥੇ ਬਾਲਾ ਪ੍ਰੀਤਮ ਲਹਿਣਾ ਜੀ ਰਹਿੰਦੇ ਸਨ ਵੀ ਉੱਜੜ ਗਿਆ।

ਬਾਲਕ ਲਹਿਣਾ ਜੀ ਦੇ ਪਿਤਾ ਭਾਈ ਫੇਰੂ ਮੱਲ ਜੀ ਆਪਣੇ ਪਰਿਵਾਰ ਨੂੰ ਲੈ ਪਹਿਲਾਂ ਪਿੰਡ ਹਰੀਕੇ ਆ ਕੇ ਵੱਸ ਗਏ। ਜਲਦੀ ਹੀ ਉਹ ਆਪਣੀ ਭੈਣ ਬੀਰ ਵਿਰਾਈ ਲਹਿਣੇ ਦੀ ਭੂਆ ਜੀ ਦੇ ਸਹੁਰੇ ਪਿੰਡ ਖਡੂਰ ਵੱਸ ਗਏ।

ਬਾਲਾ ਪ੍ਰੀਤਮ ਲਹਿਣੇ ਜੀ ਦੇ ਪਿਤਾ ਭਾਈ ਫੇਰੂ ਮੱਲ ਜੀ ਨੇ ਖਡੂਰ ਸਾਹਿਬ ਪਿੰਡ ਵਿੱਚ ਹੀ ਪਰਚੂਨ ਦੀ ਦੁਕਾਨ ਪਾ ਲਈ। ਥੋੜ੍ਹੀ ਦੇਰ ਬਾਅਦ ਹੀ ਇਹ ਦੁਕਾਨ ਕਾਫੀ ਚੱਲ ਨਿਕਲੀ। ਦੁਕਾਨ ਤੋਂ ਕਾਫੀ ਆਮਦਨ ਹੋਣ ਲੱਗੀ। ਬਾਲ ਲਹਿਣੇ ਜੀ ਦਾ ਪਰਿਵਾਰ ਚੰਗਾ ਜੀਵਨ ਬਤੀਤ ਕਰਨ ਲੱਗਾ। ਬਾਲਾ ਪ੍ਰੀਤਮ ਲਹਿਣਾ ਜੀ ਕੁਝ ਵੱਡੇ ਹੋ ਗਏ ਸਨ। ਆਪਣੇ ਪਿਤਾ ਨਾਲ ਉਹ ਵੀ ਕਦੀ-ਕਦੀ ਦੁਕਾਨ 'ਤੇ ਬੈਠ ਜਾਂਦੇ ਸਨ।

SIKHBOOKCLUB.COM

ਸਵੇਰੇ ਘਰੋਂ ਬਾਹਰ ਆਪਣੇ ਸਾਥੀ ਬੱਚਿਆਂ ਨਾਲ ਬਾਲ ਲਹਿਣਾ ਜੀ ਖੇਡਣ ਚਲੇ ਜਾਂਦੇ। ਜੇ ਕੋਈ ਸਾਧੂ ਸੰਤ ਉਨ੍ਹਾਂ ਨੂੰ ਮਿਲ ਪੈਂਦਾ ਤਾਂ ਉਸ ਨੂੰ ਘਰ ਲੈ ਆਉਂਦੇ ਤੇ ਆਪਣੀ ਮਾਤਾ ਜੀ ਨੂੰ ਕਹਿ ਕੇ ਭੋਜਨ ਤਿਆਰ ਕਰਵਾਉਂਦੇ। ਬੜੇ ਆਦਰ ਸਹਿਤ ਉਨ੍ਹਾਂ ਨੂੰ ਭੋਜਨ ਛਕਾਉਂਦੇ ਤੇ ਸ਼ਰਧਾ ਭਾਵ ਨਾਲ ਉਨ੍ਹਾਂ ਦੇ ਬਚਨ ਸੁਣਦੇ।

ਬਾਲਾ ਪ੍ਰੀਤਮ ਲਹਿਣਾ ਜੀ ਬਚਪਨ ਵਿੱਚ ਪੁਰਾਤਨ ਸਾਖੀਆਂ ਸੁਣਨਾ, ਰਿਸ਼ੀਆਂ-ਮੁਨੀਆਂ, ਅਵਤਾਰਾਂ ਦੇ ਜੀਵਨ, ਮਾਤਾ ਜੀ ਤੋਂ ਸੁਣਨਾ, ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਗ੍ਰਹਿਣ ਕਰਨਾ ਅਤੇ ਆਪਣੇ ਜੀਵਨ ਵਿੱਚ ਉਨ੍ਹਾਂ ਨੂੰ ਵਸਾਉਣ ਨੂੰ ਪਹਿਲ ਦਿੰਦੇ ਸਨ।

ਬਾਲਕ ਲਹਿਣਾ ਜੀ ਵੱਡੇ ਹੋ ਕੇ ਜਦ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ ਤਾਂ ਆਪਣੇ ਬਚਪਨ ਦੇ ਸੁਭਾਅ ਵਾਲੇ ਇਨ੍ਹਾਂ ਮਹਾਨ ਗੁਣਾਂ ਨੂੰ ਪ੍ਰਫੁਲਿਤ ਕੀਤਾ। ਇਨ੍ਹਾਂ ਗੁਣਾਂ ਕਾਰਨ ਉਹ ਭਾਈ ਬਾਲੇ ਤੋਂ ਨਾਨਕ ਪਾਤਸ਼ਾਹ ਦੀਆਂ ਜੀਵਨ ਸਾਖੀਆਂ ਕਈ ਸਾਲ ਸੁਣਦੇ ਰਹੇ। ਭਾਈ ਪੈੜਾ ਮੋਖਾ ਤੋਂ ਪਹਿਲੀ ਪਾਤਸ਼ਾਹੀ ਦੀ ਜੀਵਨ ਸਾਖੀ ਲਿਖਵਾਈ ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿਪੀ



ਦੇ ਅੱਖਰ ਪ੍ਰਚਲਿਤ ਕੀਤੇ। ਬਾਲਾ ਪ੍ਰੀਤਮ ਲਹਿਣਾ ਜੀ ਪੜ੍ਹਨ ਲਿਖਣ ਨੂੰ ਪਰਮ ਅਗੇਤ ਦਿੰਦੇ ਸਨ।

ਬਚਪਨ ਵਿੱਚ ਬਾਲਾ ਪ੍ਰੀਤਮ ਲਹਿਣਾ ਜੀ ਨੇ ਜਿਵੇਂ ਸੰਤਾਂ ਮਹਾਤਮਾ ਨੂੰ ਗਰੀਬਾਂ ਨੂੰ ਬਿਨਾਂ ਭੇਦ ਭਾਵ ਦੇ ਲੰਗਰ ਛਕਾਇਆ। ਇਹ ਬਚਪਨ ਦੇ ਦੈਵਿਕ ਗੁਣਾਂ ਨੂੰ ਦੂਸਰੇ ਗੁਰੂ ਅੰਗਦ ਦੇਵ ਬਣ ਉਨ੍ਹਾਂ ਫੈਲਾਇਆ। ਲੰਗਰ ਤੇ ਪੰਗਤ ਦੀ ਪ੍ਰਥਾ ਚਲਾਈ। ਮਾਤਾ ਖੀਵੀ ਜੀ ਉਨ੍ਹਾਂ ਦੀ ਧਰਮ ਪਤਨੀ ਖੀਰ ਵਿੱਚ ਦੇਸੀ ਘਿਓ ਪਾ ਆਪ ਸੰਗਤ ਨੂੰ ਵਰਤਾਉਂਦੇ ਸਨ। ਐਸੇ ਬਾਲਾ ਪ੍ਰੀਤਮ ਲਹਿਣਾ ਜੀ ਦੇ ਚਰਨਾਂ 'ਚ ਵਾਰ-ਵਾਰ ਸੀਸ ਝੁਕਦਾ ਹੈ।

# ਭਾਈ ਜੋਧੇ ਦੀ ਸਾਖੀ

ਸ੍ਰੀ ਗੁਰੂ ਅੰਗਦ ਦੇਵ ਜੀ ਬਾਲ ਲਹਿਣੇ ਦੇ ਸਰੂਪ ਵਿੱਚ ਆਪਣੇ ਮਾਤਾ-ਪਿਤਾ ਨਾਲ ਖਡੂਰ ਸਾਹਿਬ ਵੱਸ ਗਏ ਸਨ। ਭਾਈ ਜੋਧਾ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਸਿੱਖ ਵੀ ਇਸੇ ਖਡੂਰ ਸਾਹਿਬ ਪਿੰਡ ਵਿੱਚ ਵਸਦਾ ਸੀ।

ਭਾਈ ਜੋਧਾ ਕਰਤਾਰਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਜਾਂਦਾ ਰਹਿੰਦਾ ਸੀ। ਕਈ ਵਾਰ ਉਹ ਕਈ-ਕਈ ਦਿਨ ਕਰਤਾਰਪੁਰ ਠਹਿਰ, ਕੀਰਤਨ ਸਰਵਣ ਕਰ ਅਤੇ ਗੁਰੂ ਸਾਹਿਬ ਦੇ ਅੰਮ੍ਰਿਤਮਈ ਬਚਨ ਸੁਣ, ਆਪਣਾ ਜੀਵਨ ਸਫਲ ਕਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ ਉਹ ਲਿਖ ਲੈਂਦਾ ਤੇ ਘਰ ਆ ਉਸ ਨੂੰ ਜ਼ੁਬਾਨੀ ਯਾਦ ਕਰ ਲੈਂਦਾ। ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਦੇ ਸ਼ਬਦ ਸਾਰੇ ਉਸ ਜ਼ੁਬਾਨੀ ਯਾਦ ਕਰ ਲਏ ਸਨ।

ਭਾਈ ਜੋਧਾ ਆਪਣੇ ਘਰ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਉਠ, ਇਸ਼ਨਾਨ ਕਰਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਆਸਾ ਦੀ ਵਾਰ ਦੇ ਸ਼ਬਦ ਉੱਚੀ ਸੁਰ ਵਿੱਚ ਗਾਉਂਦਾ ਸੀ। ਉਸ ਤੋਂ ਬਾਅਦ ਪਹਿਲੇ ਪਾਤਸ਼ਾਹੀ ਦੇ ਹੋਰ ਜ਼ੁਬਾਨੀ ਯਾਦ ਕੀਤੇ ਸ਼ਬਦਾਂ ਨੂੰ ਵੀ ਉੱਚੀ ਸੁਰ ਵਿੱਚ ਗਾਉਂਦਾ।

SIKHBOOKCLUB.COM

ਭਾਈ ਜੋਧੇ ਦਾ ਇਹ ਨਿਤ ਦਾ ਵਿਹਾਰ ਸੀ। ਉਸ ਦੀ ਆਵਾਜ਼ ਵਿੱਚ ਬੜੀ ਮਿਠਾਸ ਸੀ। ਇਸ ਦੇ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਉਸਦੀ ਆਵਾਜ਼ ਵਿੱਚ ਹੋਰ ਵੀ ਅੰਮ੍ਰਿਤ ਰਸ ਘੋਲਦੀ ਸੀ। ਜਦ ਉਹ ਸਵੇਰੇ ਉੱਚੀ ਆਵਾਜ਼ ਵਿੱਚ ਆਸਾ ਦੀ ਵਾਰ ਉਚਾਰਣ ਕਰਦਾ ਤਾਂ ਪਿੰਡ ਦੇ ਲੋਕਾਂ ਨੂੰ ਇਸ ਅੰਮ੍ਰਿਤਮਈ ਬਾਣੀ ਸੁਣਨ ਦੀ ਡਾਢੀ ਖਿੱਚ ਪੈਂਦੀ।

ਇਹੀ ਖਿੱਚ ਬਾਣੀ ਸੁਣਨ ਦੀ, ਬਾਲਾ ਪ੍ਰੀਤਮ ਲਹਿਣਾ ਜੀ ਦੇ ਹਿਰਦੇ ਨੂੰ ਵੀ ਪਈ।

ਬਾਲ ਲਹਿਣਾ ਜੀ ਨੇ ਪਹਿਲੀ ਵਾਰ ਉਸ ਅਕਾਲ ਪੁਰਖ ਦੀ ਸਿਫ਼ਤ-ਸਲਾਹ, ਅੰਮ੍ਰਿਤਰਸ ਜੀਵਨ ਦੇ ਉਪਦੇਸ਼ ਬਾਣੀ ਦੇ ਰੂਪ ਵਿੱਚ ਆਪਣੀ ਪੰਜਾਬੀ ਮਾਤ ਬੋਲੀ ਵਿੱਚ ਸੁਣੇ।

ਬਾਲਾ ਪ੍ਰੀਤਮ ਲਹਿਣਾ ਜੀ ਦਾ ਘਰ ਭਾਈ ਜੋਧੇ ਦੇ ਘਰ ਦੇ ਲਾਗੇ ਹੀ ਸੀ। ਭਾਈ ਜੋਧੇ ਦੀ ਆਵਾਜ਼ ਹਰ ਰੋਜ਼ ਸਵੇਰੇ ਉਨ੍ਹਾਂ ਦੇ ਘਰ ਸਪੱਸ਼ਟ ਸੁਣਾਈ ਦਿੰਦੀ ਸੀ। ਬਾਲ ਲਹਿਣਾ ਹਰ ਰੋਜ਼ ਸਵੇਰੇ ਉੱਠ ਪੈਂਦੇ ਤੇ ਭਾਈ ਜੋਧੇ ਦੇ ਮੁਖਾਰਬਿੰਦ ਤੋਂ



ਉਚਾਰਨ ਹੁੰਦੀ ਬਾਣੀ ਆਪਣੇ ਘਰ ਬੈਠੇ ਸੁਣਦੇ।

ਬਾਲਕ ਲਹਿਣੇ ਜੀ ਦਾ ਇੱਕ ਦਿਨ ਫਿਰ ਐਸਾ ਆਇਆ। ਜਦ ਪੂਰਬਲੇ ਕਰਮਾ ਦੇ ਸੰਸਕਾਰ ਉਨ੍ਹਾਂ ਦੇ ਜਾਗ ਪਏ। ਸਵੇਰੇ ਅੰਮ੍ਰਿਤ ਵੇਲੇ ਉੱਠ ਭਾਈ ਜੋਧੇ ਦੇ ਘਰ ਚਲੇ ਗਏ। ਸਨਮੁੱਖ ਬੈਠ ਆਸਾ ਦੀ ਵਾਰ ਸਰਵਣ ਕੀਤੀ। ਭਾਈ ਜੋਧੇ ਨੇ ਆਸਾ ਦੀ ਵਾਰ ਤੋਂ ਬਾਅਦ ਜਦ *ਭਿੰਨੀ ਰੈਣੜੀਏ ਚਮਕਨ ਤਾਰੇ। ਜਾਗਹਿ*

*ਸੰਤ ਜਨਾ ਮੇਰੇ ਰਾਮ ਪਿਆਰੇ।* ਸ਼ਬਦ ਗਾਇਆ ਤਾਂ ਬਾਲ ਲਹਿਣੇ ਜੀ ਦੀ ਸਮਾਧੀ ਲੱਗ ਗਈ।

ਭਾਈ ਜੋਧੇ ਨੇ ਗੁਰੂ ਨਾਨਕ ਦੇਵ ਜੀ ਦਾ ਯਾਦ ਕੀਤਾ ਦੂਜਾ ਸ਼ਬਦ ਗਾਇਆ।

ਜਿਤ ਸੇਵਿਆ ਸੁਖ ਪਾਈਐ,
ਸੋ ਸਾਹਿਬੁ ਸਦਾ ਸਮਾਲੀਐ।
ਜਿਤ ਕੀਤਾ ਪਾਈਐ ਆਪਣਾ,
ਸਾ ਘਾਲਿ ਬੁਰੀ ਕਿਉਂ ਘਾਲੀਐ।

ਇਹ ਸ਼ਬਦ ਸੁਣ ਬਾਲ ਲਹਿਣਾ ਜੀ ਦੇ ਮਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਅਥਾਹ ਪ੍ਰੇਮ ਜਾਗ ਗਿਆ। ਐਸਾ ਪ੍ਰੇਮ ਕਿ ਹਰ ਰੋਜ਼ ਅੰਮ੍ਰਿਤ ਵੇਲੇ ਭਾਈ ਜੋਧੇ ਦੇ ਘਰ ਪਹੁੰਚ ਜਾਂਦੇ ਤੇ ਬਾਣੀ ਸਰਵਣ ਕਰਦੇ।

ਬਾਲਾ ਪ੍ਰੀਤਮ ਲਹਿਣਾ ਜੀ ਦੇ ਮਨ ਵਿੱਚ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤਮਈ ਬਾਣੀ ਸੁਣ-ਸੁਣ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਤੀਬਰ ਇੱਛਾ ਜਾਗ ਪਈ। ਰਾਤ ਦਿਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਦਾ ਖਿਆਲ ਹੀ ਮਨ ਵਿੱਚ ਵਸ ਗਿਆ। ਬਾਲ ਲਹਿਣਾ ਜੀ ਦੇ ਪੁੱਛਣ 'ਤੇ ਭਾਈ ਜੋਧੇ ਨੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਰਹਿੰਦੇ ਹਨ ਤੇ ਸੰਗਤਾਂ ਨੂੰ ਕੀਰਤਨ ਅਤੇ ਆਪਣੇ ਵਚਨਾਂ ਨਾਲ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ, ਦੱਸਿਆ।

ਬਾਲ ਲਹਿਣਾ ਜੀ ਦੇ ਮਨ ਵਿੱਚ ਇਹ ਤਾਂਘ ਰਹਿੰਦੀ ਕਿ ਕਦੋਂ ਉਹ ਦਿਨ ਆਵੇਗਾ ਜਦੋਂ ਜਾ ਕੇ ਉਹ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਨਿਹਾਲ ਹੋਣਗੇ।

ਭਾਈ ਜੋਧੇ ਤੋਂ ਬਾਲ ਲਹਿਣੇ ਜੀ ਨੇ ਸੁਣਿਆ ਸੀ ਕਿ ਜਦ ਗੁਰੂ ਨਾਨਕ ਦੇਵ ਜੀ ਸੰਗਤ ਵਿੱਚ ਬੈਠ ਅੰਮ੍ਰਿਤ ਰਸ ਸ਼ਬਦ ਦਾ ਕੀਰਤਨ ਕਰਦੇ ਹਨ ਤਾਂ ਬੈਠੀ ਸੰਗਤ ਦੀਆਂ ਸਮਾਧੀਆਂ ਲੱਗ ਜਾਂਦੀਆਂ ਹਨ। ਕੀਰਤਨ ਤੋਂ ਬਾਅਦ ਬਚਨ ਵਿਲਾਸ ਕਰਦਿਆਂ ਸਤਿਗੁਰੂ ਜੀ ਸਿੱਖਾਂ ਦੇ ਸ਼ੰਕੇ ਨਵਿਰਤ ਕਰਦੇ ਹਨ। ਆਈ ਸਾਧ ਸੰਗਤ ਨੂੰ ਵਾਹਿਗੁਰੂ ਦਾ ਨਾਮ ਦਾਨ ਦੇ ਕੇ ਆਪਣੇ ਸਿੱਖ ਬਣਾਉਂਦੇ ਹਨ। ਇਹ ਉਨ੍ਹਾਂ ਦਾ ਨਿੱਤ ਦਾ ਵਿਹਾਰ ਹੈ।

ਬਾਲਾ ਪ੍ਰੀਤਮ ਲਹਿਣਾ ਜੀ ਦੇ ਮਨ ਵਿੱਚ ਵੀ ਇਹ ਅਭਿਲਾਖਾ ਵਧਦੀ ਗਈ ਕਿ ਕਦੋਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸਥਾਨ ਕਰਤਾਰਪੁਰ ਪਹੁੰਚਣ। ਨਾਮ ਦਾਨ ਲੈਣ ਤੇ ਉਨ੍ਹਾਂ ਦੇ ਸਿੱਖ ਬਣਨ।

# ਅਸੀਂ ਦੇਣਾ ਤੇ ਤੁਸਾਂ ਲੈਣਾ ਦੀ ਸਾਖੀ

ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ 14 ਸਾਲ ਦੇ ਬਾਲਾ ਪ੍ਰੀਤਮ ਲਹਿਣਾ ਦੇ ਸਰੂਪ ਵਿੱਚ ਆਪਣੇ ਪਿਤਾ ਫੇਰੂ ਮੱਲ ਜੀ ਨਾਲ ਕਾਰੋਬਾਰ ਵਿੱਚ ਹੱਥ ਵਟਾਉਣ ਲੱਗ ਪਏ ਸਨ। ਪਰ ਮਨ ਹੀ ਮਨ ਵਿੱਚ ਰਾਤ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਤਾਂਘ ਰੱਖਦੇ ਸਨ। ਬਾਲ ਲਹਿਣਾ ਜੀ ਆਪਣੇ ਮਾਤਾ-ਪਿਤਾ ਦੇ ਆਗਿਆਕਾਰ ਸਪੁੱਤਰ ਸਨ। ਉਨ੍ਹਾਂ ਨੇ ਹੱਟੀ ਦਾ ਕੰਮ ਚੰਗਾ ਚਲਾ ਲਿਆ ਸੀ। ਬਾਲਕ ਲਹਿਣੇ ਦੇ ਧਾਰਮਿਕ ਸੁਭਾਅ ਤੇ ਲੋਕਾਂ ਨਾਲ ਚੰਗੇ ਵਿਵਹਾਰ ਕਾਰਨ ਪਿੰਡ ਵਿੱਚ ਕਾਫੀ ਸਤਿਕਾਰ ਸੀ।

ਉਸ ਸਮੇਂ ਦੇ ਰੀਤੀ ਰਿਵਾਜ ਅਤੇ ਭਾਈਚਾਰੇ ਦੀ ਸੋਚ ਮੁਤਾਬਿਕ ਪਿਤਾ ਫੇਰੂ ਮੱਲ ਜੀ ਨੇ ਬਾਲਕ ਲਹਿਣਾ ਜੀ ਦੀ ਸ਼ਾਦੀ ਬਚਪਨ ਵਿੱਚ ਹੀ ਕਰਨ ਦਾ ਫੈਸਲਾ ਕੀਤਾ। ਪਿੰਡ ਖਡੂਰ ਵਿੱਚ ਹੀ ਦੇਵੀ ਚੰਦ ਜੀ ਦੀ ਸਪੁੱਤਰੀ ਮਾਤਾ ਖੀਵੀ ਜੀ ਨਾਲ 16 ਮੱਘਰ ਸੰਮਤ 1576 ਬਿਕਰਮੀ ਨੂੰ ਵਿਆਹ ਕਰ ਦਿੱਤਾ ਸੀ। ਸਾਰਾ ਪਿੰਡ ਖਡੂਰ ਇਸ ਕਰਕੇ ਰਿਸ਼ਤੇਦਾਰੀ ਵਿੱਚ ਬਦਲ ਗਿਆ ਸੀ। ਮਾਤਾ ਖੀਵੀ ਜੀ ਦੇ ਪਿਤਾ ਅਤੇ ਮਾਤਾ ਬਹੁਤ ਨੇਕ ਸੁਭਾਵ ਦੇ ਮਾਲਕ ਸਨ।

ਬਾਲਾ ਪ੍ਰੀਤਮ ਲਹਿਣਾ ਜੀ ਦੇ ਪਿਤਾ ਫੇਰੂ ਮੱਲ ਜੀ ਹਰ ਸਾਲ ਪਿੰਡ ਦੇ ਸੰਗ ਨੂੰ ਲੈ ਕੇ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਜਾਂਦੇ ਸਨ। ਬਾਲ ਲਹਿਣਾ ਜੀ ਇਹ ਸਭ ਦੇਖਦੇ ਪਰ ਹੁਣ ਉਨ੍ਹਾਂ ਦੇ ਮਨ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਦੇ ਅਣਿਆਲੇ ਤੀਰ ਲੱਗ ਚੁੱਕੇ ਸਨ।

ਬਾਲ ਲਹਿਣਾ ਜੀ ਜਦੋਂ ਸਮਾਂ ਮਿਲਦਾ ਤਾਂ ਉਹ ਭਾਈ ਜੋਧਾ ਜੀ ਦੇ ਘਰ ਚਲੇ ਜਾਂਦੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੁ ਕੋਟ ਨਾਮ ਪ੍ਰਵਾਹ ਬਾਰੇ ਪੁੱਛਦੇ ਰਹਿੰਦੇ। ਉਹ ਭਾਈ ਜੋਧਾ ਤੋਂ ਸੰਗਤਾਂ ਦੇ ਕਰਤਾਰਪੁਰ ਆਉਣ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦੇ ਰਹਿੰਦੇ।

ਭਾਈ ਜੋਧਾ ਜੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਸਿੱਖ ਸਨ ਦੱਸਦੇ ਕਿ ਕਿਵੇਂ ਸੰਗਤਾਂ ਕਰਤਾਰਪੁਰ ਜਾ ਅੰਮ੍ਰਿਤ ਨਾਮ ਸਰਵਣ ਕਰਦੀਆਂ ਹਨ। ਕਿਵੇਂ ਗੁਰ ਸ਼ਬਦ ਦਾ ਲੰਗਰ ਰਾਤ ਦਿਨ ਚਲ ਰਿਹਾ ਹੈ ਅਤੇ ਕਦੀ ਤੋਟ ਨਹੀਂ

SIKHBOOKCLUB.COM

ਆਈ। ਸੱਚੇ ਪਾਤਸ਼ਾਹ ਦੇ ਦਰਸ਼ਨ ਕਰਕੇ ਸੰਗਤਾਂ ਦੀ ਜਨਮ ਮਰਨ ਦੀ ਮੈਲ ਕੱਟੀ ਜਾਂਦੀ ਸੀ।

ਬਾਲ ਲਹਿਣਾ ਜੀ ਨੇ ਪੁੱਛਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਨ ਨਾਲ ਹੋਰ ਕੀ ਕੀ ਮਿਲਦਾ ਹੈ ਤਾਂ ਭਾਈ ਜੋਧਾ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਨ ਅਤੇ ਕੀਰਤਨ ਸੁਣਨ ਨਾਲ ਸੁੱਤੇ ਸਿੱਧ ਹੀ ਸਮਾਧੀ ਲੱਗ ਜਾਂਦੀ ਹੈ। ਇੰਝ ਲੱਗਦਾ ਹੈ ਕਿ ਅੰਮ੍ਰਿਤ ਬਿਰਖ ਦਾ ਅੰਮ੍ਰਿਤ ਫਲ ਫਲਿਆ ਹੋਇਆ ਹੈ ਤੇ ਲਗਾਤਾਰ ਅੰਮ੍ਰਿਤ ਫਲ ਦੀ ਵਰਖਾ ਹੋ ਰਹੀ ਹੈ ਤੇ ਸੰਗਤਾਂ ਅੰਮ੍ਰਿਤ ਰਸ ਛੱਕ ਰਹੀਆਂ ਹਨ। ਉਸ ਪਵਿੱਤਰ ਸਥਾਨ 'ਤੇ ਹਮੇਸ਼ਾ ਗਿਆਨ ਗੋਸ਼ਟੀ ਚਰਚਾ ਹੁੰਦੀ ਰਹਿੰਦੀ ਹੈ। ਅਨਹਦ ਸ਼ਬਦ ਦੀ ਧੁੰਨਕਾਰ ਹਮੇਸ਼ਾ ਉੱਠਦੀ ਰਹਿੰਦੀ ਹੈ। ਬਾਲ ਲਹਿਣਾ ਜੀ ਭਾਈ ਜੋਧੇ ਜੀ ਤੋਂ ਐਸੇ ਬਚਨ ਸੁਣ ਸਮਾਧੀ ਵਿੱਚ ਚਲੇ ਜਾਂਦੇ।

ਸੰਮਤ 1583 ਬਿਕਰਮੀ ਨੂੰ ਬਾਲਾ ਪ੍ਰੀਤਮ ਲਹਿਣਾ ਜੀ ਦੇ ਪਿਤਾ ਫੇਰੂ ਮੱਲ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਬਾਅਦ ਘਰ ਦੀ ਸਾਰੀ ਜ਼ਿੰਮੇਵਾਰੀ ਬਾਲ ਲਹਿਣਾ ਜੀ ਦੇ ਉੱਪਰ ਆ ਗਈ। ਪਿਤਾ ਫੇਰੂ ਮੱਲ ਤੋਂ ਬਾਅਦ ਦੇਵੀ ਦਰਸ਼ਨ ਜਾਣ ਲਈ ਸੰਗ ਦੀ ਅਗਵਾਈ ਦੀ ਜ਼ਿੰਮੇਵਾਰੀ ਵੀ ਉਨ੍ਹਾਂ 'ਤੇ ਹੀ ਆ ਗਈ ਸੀ। ਕੁਝ ਸਾਲ ਠਹਿਰ ਆਖਰ 1589 ਬਿਕਰਮੀ ਨੂੰ ਅੱਸੂ ਮਹੀਨੇ ਸੰਗਤ ਨੂੰ ਨਾਲ ਲੈ ਲਹਿਣਾ ਜੀ ਦੇਵੀ ਦੇ ਦਰਸ਼ਨ ਨੂੰ ਚੱਲ ਪਏ। ਲਹਿਣਾ ਜੀ ਨੇ ਹੁਣ ਜਵਾਨੀ ਵਿੱਚ ਪੈਰ ਧਰ ਲਿਆ ਸੀ।

ਬਾਲਾ ਪ੍ਰੀਤਮ ਲਹਿਣਾ ਦੀ ਅਗਵਾਈ ਵਿੱਚ ਜਦ ਇਹ ਸੰਗ ਡੱਲੇ ਦਾ ਪੱਤਣ ਲੰਘਿਆ ਤਾਂ ਲਹਿਣਾ ਜੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਏਥੇ ਲਾਗੇ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰਦੇ ਚੱਲੀਏ। ਸਾਰੇ ਸੰਗ ਨੇ ਇਸਨੂੰ ਬਹੁਤ ਚੰਗਾ ਸਮਝ ਸਹਿਮਤੀ ਦਿੱਤੀ।

ਕੁਝ ਸਾਥੀਆਂ ਨੂੰ ਨਾਲ ਲੈ ਕੇ ਬਾਕੀ ਸੰਗਤ ਉੱਥੇ ਹੀ ਛੱਡ, ਕਰਤਾਰਪੁਰ ਵੱਲ ਚੱਲ ਪਏ। ਜਦ ਕਰਤਾਰਪੁਰ ਨੇੜੇ ਗਏ ਤਾਂ ਦੇਵਨੇਤ ਨਾਲ ਸਾਹਮਣਿਓਂ ਆਉਂਦੇ ਸ੍ਰੀ ਗੁਰੂ ਨਾਨਕ ਦੇਵ ਜੀ ਮਿਲ ਪਏ। ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਲਹਿਣਾ ਜੀ ਨੂੰ ਅੱਗੇ ਹੋ ਲੈਣ ਆਏ ਹੋਣ।

ਲਹਿਣਾ ਜੀ ਨੇ ਉਨ੍ਹਾਂ ਤੋਂ ਪੁੱਛਿਆ, "ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ ?" ਉਸ ਸਮੇਂ ਲਹਿਣਾ ਜੀ ਘੋੜੀ 'ਤੇ ਸਵਾਰ ਸਨ ਤੇ ਗੁਰੂ



ਨਾਨਕ ਦੇਵ ਜੀ ਪੈਦਲ ਸਨ। ਗੁਰੂ ਸਾਹਿਬ ਨਾਨਕ ਦੇਵ ਜੀ ਨੇ ਬਾਲਕ ਲਹਿਣਾ ਜੀ ਨੂੰ ਆਪਣੇ ਪਿੱਛੇ-ਪਿੱਛੇ ਆਉਣ ਲਈ ਆਖਿਆ। ਗੱਲਾਂ ਕਰਦੇ ਕਰਦੇ ਜਦ ਘਰ ਨੇੜੇ ਪਹੁੰਚੇ ਤਾਂ ਪਾਤਸ਼ਾਹ ਲਹਿਣੇ ਜੀ ਨੂੰ ਆਖਿਆ ਕਿ ਔਹ ਸਾਹਮਣੇ ਘਰ ਹੈ! ਤੇ ਸਾਹਮਣੇ ਵਰਾਂਡੇ ਵਿੱਚ ਲੱਗੀ ਗੱਦੀ 'ਤੇ ਆਣ ਕੇ ਬੈਠਣਗੇ! ਤੁਸੀਂ ਘੋੜੀ ਇੱਕ ਪਾਸੇ ਦਰੱਖਤ ਨਾਲ ਬੰਨ੍ਹ ਕੇ ਆ ਜਾਓ।

ਬਾਲਾ ਪ੍ਰੀਤਮ ਲਹਿਣਾ ਜੀ ਤੇ ਸਾਥੀ ਘੋੜੀ ਦਰੱਖਤ ਨਾਲ ਬੰਨ੍ਹ ਜਦ ਵਾਪਸ ਪਹੁੰਚੇ ਤਾਂ ਉਨ੍ਹਾਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੱਥ ਪੈਰ ਧੋ ਉਸੇ ਗੱਦੀ 'ਤੇ ਆ ਬਿਰਾਜੇ।

ਲਹਿਣਾ ਜੀ ਨੇ ਜਦ ਗੱਦੀ 'ਤੇ ਬੈਠੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਹਿਚਾਣਿਆ ਜਿਨ੍ਹਾਂ ਤੋਂ ਉਨ੍ਹਾਂ ਰਸਤਾ ਪੁੱਛਿਆ ਸੀ, ਇਹ ਤਾਂ ਉਹੀ ਸਨ! ਤਾਂ ਆਪਣੇ ਆਪ ਬਹੁਤ ਸ਼ਰਮਿੰਦਾ ਹੋਏ ਅਤੇ ਨਿਮਰਤਾ ਨਾਲ ਲਹਿਣਾ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਤੇ ਸੀਸ ਰੱਖ ਦਿੱਤਾ ਤੇ ਬੋਲੇ, "ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ ਆਪ ਪੈਦਲ ਤੇ ਮੈਂ ਘੋੜੀ 'ਤੇ ਸਵਾਰ! ਸਤਿਗੁਰੂ ਪਾਤਸ਼ਾਹ ਮੇਰੀ ਭੁੱਲ ਬਖ਼ਸ਼ ਦਿਓ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਖਿਆ,"ਤੈਨੂੰ ਤੇ ਕਰਤਾਰ ਨੇ ਬਖ਼ਸ਼ਿਆ ਹੈ। ਇਸ ਲਈ ਤੈਨੂੰ ਡਰਨ ਦੀ ਲੋੜ ਨਹੀਂ ਹੈ। ਅਸੀਂ ਦੇਣਾ ਤੇ ਤੁਸਾਂ ਲੈਣਾ। ਉਸ ਅਕਾਲ ਪੁਰਖ ਦੀ ਭਗਤੀ ਤੋਂ ਬਿਨਾਂ ਹੋਰ ਕੁਝ ਵੀ ਉੱਤਮ ਨਹੀਂ ਹੈ।"

ਬਾਲਾ ਪ੍ਰੀਤਮ ਲਹਿਣਾ ਜੀ, ਸਤਿਗੁਰੂ ਨਾਨਕ ਦੇਵ ਜੀ ਦੇ ਬਚਨ ਸੁਣ ਤੇ ਦਰਸ਼ਨ ਕਰ ਦੁਬਾਰਾ ਚਰਨ ਕੰਵਲਾਂ 'ਤੇ ਢਹਿ ਪਏ ਤੇ ਅੱਖਾਂ 'ਚੋਂ ਅਥਰੂ ਵਹਿ ਤੁਰੇ। ਸਤਿਗੁਰਾਂ ਜਦ ਨਾਂ ਪੁੱਛਿਆ ਤਾਂ ਉਨ੍ਹਾਂ ਆਪਣਾ ਨਾਂ ਲਹਿਣਾ ਅਤੇ ਪਿੰਡ ਖਡੂਰ ਦੱਸਿਆ। ਲਹਿਣਾ ਜੀ ਨੇ ਆਖਿਆ, "ਸਤਿਗੁਰੂ ਇਹ ਉਹੀ ਪਿੰਡ ਹੈ ਜਿੱਥੇ ਆਪ ਦਾ ਸਿੱਖ ਭਾਈ ਜੋਧਾ ਜੀ ਰਹਿੰਦੇ ਹਨ।

ਬਾਲਾ ਪ੍ਰੀਤਮ ਲਹਿਣਾ ਜੀ ਹੁਣ ਮਨ ਹੀ ਮਨ ਸਤਿਗੁਰਾਂ ਦੇ ਸੱਚੇ ਸਿੱਖ ਬਣ ਗਏ ਸਨ। ਉਨ੍ਹਾਂ ਉੱਥੇ ਹੀ ਰੁਕਣ ਦਾ ਫੈਸਲਾ ਕੀਤਾ। ਸੰਗ ਨਾਲ ਜਾਣ ਲਈ ਉਨ੍ਹਾਂ ਮਨਾ ਕਰ ਦਿੱਤਾ। ਬਾਲ ਲਹਿਣਾ ਜੀ ਆਖਿਆ ਕਿ ਮੇਰੇ ਮਨ ਦੀ ਭਟਕਣਾ ਹੁਣ ਮਿਟ ਚੁੱਕੀ ਹੈ। ਮੈਨੂੰ ਸੱਚਾ ਸਤਿਗੁਰੂ ਨਾਨਕ ਦੇਵ ਜੀ ਮਿਲ ਗਏ ਹਨ। ਮੈਂ ਹੁਣ ਕਿਤੇ ਨਹੀਂ ਜਾਣਾ। ਹੁਣ ਮੈਨੂੰ ਮੋਖ, ਭੋਗ ਤੇ ਮੁਕਤੀ ਦਾ ਦਾਤਾ, ਪੂਰਾ ਸਤਿਗੁਰੂ ਮਿਲ ਗਿਆ ਹੈ।

# ਸ੍ਰੀ ਗੁਰੂ ਅਮਰਦਾਸ ਜੀ
# ਤੀਸਰੇ ਪਾਤਸ਼ਾਹ ਜੀ

---

## ਬਚਪਨ ਦੇ ਅਮੋਲਕ ਰੰਗਾਂ ਦੀ ਸਾਖੀ

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ 1474 ਈਸਵੀ ਅਤੇ ਸੰਮਤ 1536 ਬਿਕਰਮੀ ਨੂੰ ਸ਼ੁੱਕਰਵਾਰ ਵਾਲੇ ਦਿਨ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਦੇ ਘਰ ਅਤੇ ਮਾਤਾ ਲੱਖਮੀ ਜੀ ਦੀ ਕੁੱਖੋਂ ਪ੍ਰਗਟ ਹੋਏ। ਬਾਲਾ ਪ੍ਰੀਤਮ ਅਮਰਦਾਸ ਜੀ ਆਪਣੇ ਦੂਸਰੇ ਭਰਾਵਾਂ ਤੋਂ ਸਭ ਤੋਂ ਵੱਡੇ ਸਨ। ਜਨਮ ਤੋਂ ਹੀ ਇਹ ਰੂਹਾਨੀ ਮੁਖੜੇ ਵਾਲੇ ਸਨ। ਥੋੜ੍ਹੇ ਵੱਡੇ ਹੋਏ ਤਾਂ ਇਨ੍ਹਾਂ ਦੀ ਬਿਰਤੀ ਸੰਤ ਸੁਭਾਅ ਅਤੇ ਸਹਿਜ ਭਾਵ ਵਾਲੀ ਸੀ। ਸੰਤ ਸੁਭਾ ਦੇ ਹੋਣ ਕਾਰਨ ਇਨ੍ਹਾਂ ਨੂੰ ਸਭ ਭਗਤ ਭਗਤ ਕਹਿੰਦੇ ਸਨ।

ਬਾਲ ਅਮਰਦਾਸ ਜੀ ਦੇ ਪਿਤਾ ਸ੍ਰੀ ਤੇਜਭਾਨ ਜੀ ਨੇ ਉਨ੍ਹਾਂ ਦੀ ਜਨਮ ਪੱਤਰੀ ਬਣਾਉਣ ਲਈ ਪਿੰਡ ਦੇ ਪ੍ਰੋਹਤ ਪੰਡਿਤ ਨੂੰ ਸੱਦਿਆ ਤਾਂ ਆਪ ਉਸ ਸਮੇਂ ਮਾਤਾ ਲੱਖਮੀ ਜੀ ਦੀ ਗੋਦ ਵਿੱਚ ਖੇਡ ਰਹੇ ਸਨ। ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰ ਰਹੇ ਸਨ ਅਤੇ ਜ਼ੋਰ ਜ਼ੋਰ ਨਾਲ ਹੱਥ ਪੈਰ ਹਿਲਾ ਰਹੇ ਸਨ। ਪੰਡਿਤ ਜੀ ਨੇ ਜਦ ਅਚਾਨਕ ਸਤਿਗੁਰਾਂ ਦੇ ਚਰਨਾਂ ਵੱਲ ਤੱਕਿਆ ਤਾਂ ਖੱਬੇ ਪੈਰ 'ਤੇ ਪਦਮ ਦਾ ਨਿਸ਼ਾਨ ਦੇਖ ਕੇ ਦੰਗ ਰਹਿ ਗਿਆ। ਉਸ ਦੋਵੇਂ ਹੱਥ ਜੋੜ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਿਆ। ਖੁਸ਼ੀ 'ਚ ਜਦ ਉਸ ਸਤਿਗੁਰਾਂ ਦੇ ਦੋਨੋਂ ਹੱਥ ਦੀਆਂ ਲਕੀਰਾਂ ਦੇਖਣ ਲਈ ਹੱਥ ਖੋਲੇ ਤਾਂ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਸੱਜੇ ਹੱਥ ਵਿੱਚ ਵੀ ਪਦਮ ਦਾ ਨਿਸ਼ਾਨ ਸੀ। ਉਸਨੇ ਇਹ ਦੇਖ ਵਾਰ-ਵਾਰ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਿਆ। ਪਿਤਾ ਤੇਜ ਭਾਨ ਜੀ ਦੇ ਪੁੱਛਣ 'ਤੇ ਪੰਡਿਤ ਜੀ ਨੇ ਦੱਸਿਆ ਕਿ ਤੁਹਾਡੇ ਪੁੱਤਰ ਦੇ ਪੈਰ ਅਤੇ ਹੱਥ ਵਿੱਚ ਇੱਕ-ਇੱਕ ਪਦਮ ਦੇ

ਨਿਸ਼ਾਨ ਦੀਆਂ ਲਕੀਰਾਂ ਹਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਤੁਹਾਡਾ ਪੁੱਤਰ ਜਾਂ ਤਾਂ ਬਹੁਤ ਵੱਡਾ ਚਕਰਵਰਤੀ ਬਾਦਸ਼ਾਹ ਹੋਵੇਗਾ ਤੇ ਜਾਂ ਅਕਾਲ ਪੁਰਖ ਦਾ ਅਵਤਾਰ ਇਸ ਧਰਤੀ ਦੀ ਲੋਕਾਈ ਨੂੰ ਤਾਰਨ ਆਇਆ ਹੈ। ਸਾਰੇ ਪਰਿਵਾਰ ਨੇ ਬਹੁਤ ਖੁਸ਼ੀ ਮਨਾਈ ਤੇ ਗੁੜ ਮਠਿਆਈ ਤੇ ਪਤਾਸੇ ਸਾਰੇ ਪਿੰਡ ਵਿੱਚ ਵੰਡੇ।

ਬਾਲਾ ਪ੍ਰੀਤਮ ਜੀ ਦੇ ਪਿਤਾ ਜੀ ਨੇ ਸਾਰਿਆਂ ਦੀ ਸਲਾਹ ਨਾਲ ਸਤਿਗੁਰਾਂ ਦਾ ਨਾਂ ਸ੍ਰੀ ਅਮਰਦਾਸ ਜੀ ਰੱਖ ਦਿੱਤਾ। ਬਾਲਾ ਪ੍ਰੀਤਮ ਅਮਰਦਾਸ ਜੀ ਦੇ ਤਿੰਨ ਭਰਾ ਸਨ। ਉਨ੍ਹਾਂ ਤੋਂ ਛੋਟਿਆਂ ਦਾ ਨਾਂ ਸ੍ਰੀ ਈਸਰਦਾਸ ਸੀ। ਦੂਸਰੇ ਭਰਾ ਦਾ ਨਾਂ ਸ੍ਰੀ ਖੇਮ ਰਾਏ ਸੀ ਅਤੇ ਤੀਜੇ ਭਰਾ ਦਾ ਨਾਂ ਸ੍ਰੀ ਮਾਣਕ ਚੰਦ ਜੀ ਸੀ।

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਤੋਂ ਛੋਟੇ ਭਰਾ ਈਸਰਦਾਸ ਜੀ ਸਨ। ਇਨ੍ਹਾਂ ਦੇ ਸਪੁੱਤਰ ਸਨ ਭਾਈ ਗੁਰਦਾਸ ਜੀ। ਜਿਨ੍ਹਾਂ ਦੀ ਆਪਣੀ ਲਿਖੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਆਖਿਆ ਜਾਂਦਾ ਹੈ। ਭਾਈ ਗੁਰਦਾਸ ਜੀ ਤੋਂ ਹੀ ਪੰਜਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਵਾਈ ਸੀ। ਭਾਈ ਗੁਰਦਾਸ ਜੀ ਮਹਾਂ ਵਿਦਵਾਨ, ਮਹਾਂ ਗਿਆਨੀ ਬਹੁਤ ਹੀ ਸੂਝ-ਬੂਝ ਵਾਲੇ ਅਤੇ ਬਾਣੀ ਦੇ ਡੂੰਘੇ ਗਿਆਤਾ ਸਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਭਤੀਜੇ ਲੱਗਦੇ ਸਨ।

SIKHBOOKCLUB.COM

ਸ੍ਰੀ ਗੁਰੂ ਅਮਰਦਾਸ ਜੀ ਦੇ ਦੂਜੇ ਭਰਾ ਖੇਮ ਰਾਏ ਜੀ ਦੇ ਸਪੁੱਤਰ ਬਾਬਾ ਸਾਵਣ ਮੱਲ ਜੀ ਸਨ। ਜੋ ਬਹੁਤ ਬੰਦਗੀ ਵਾਲੇ ਅਤੇ ਗੁਰੂ ਘਰ ਦੀ ਅਥਾਹ ਸੇਵਾ ਕਰਨ ਵਾਲੇ ਸਨ।

ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਤੀਸਰੇ ਭਰਾ ਮਾਣਕ ਚੰਦ ਜੀ ਸਨ। ਜਿਨ੍ਹਾਂ ਦੇ ਸਪੁੱਤਰ ਦਾ ਨਾਂ ਭਾਈ ਜਸੂ ਜੀ ਸੀ। ਉਹ ਤੀਸਰੇ ਪਾਤਸ਼ਾਹ ਜੀ ਦੇ ਭਤੀਜੇ ਲੱਗਦੇ ਸਨ। ਭਾਈ ਜਸੂ ਜੀ ਨਾਲ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੀ ਹੋਈ ਸੀ। ਬੀਬੀ ਅਮਰੋ ਜੀ ਨੇ ਹੀ ਆਪਣੇ ਸਹੁਰੇ ਪਰਿਵਾਰ ਨੂੰ ਗੁਰੂ ਘਰ ਦੀ ਲਾਗ ਲਗਾਈ ਸੀ। ਤੀਸਰੇ ਪਾਤਸ਼ਾਹ ਦੇ ਛੋਟੇ ਭਰਾ ਮਾਣਕ ਚੰਦ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੁੜਮ ਸਨ। ਭਰਾ ਦੇ ਨਾਤੇ ਦੂਸਰੇ ਗੁਰੂ ਜੀ ਦੇ ਸ੍ਰੀ ਗੁਰੂ ਅਮਰਦਾਸ ਜੀ ਵੀ ਕੁੜਮ ਲੱਗਦੇ ਸਨ।

ਬਾਲਾ ਪ੍ਰੀਤਮ ਅਮਰਦਾਸ ਜੀ ਦਾ ਖਾਨਦਾਨ ਭੱਲੇ ਖੱਤਰੀਆਂ ਦਾ ਸੀ। ਪਿੰਡ ਬਾਸਰਕੇ ਵਿੱਚ ਕਾਰੋਬਾਰ ਉਨ੍ਹਾਂ ਦੇ ਵਡੇਰੇ ਪੁਰਖ ਸ੍ਰੀ ਰਾਮ ਨਰਾਇਣ ਤੋਂ



SIKHBOOKCLUB.COM

ਸ਼ੁਰੂ ਹੋਇਆ। ਸ੍ਰੀ ਰਾਮ ਨਰਾਇਣ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਸ੍ਰੀ ਬਿਸ਼ਨ ਦਾਸ ਜੀ ਨੇ ਹੱਟੀ ਦਾ ਕੰਮ ਖ਼ੂਬ ਵਧਾਇਆ। ਜਦ ਉਹ ਬਿਰਧ ਹੋਏ ਤਾਂ ਉਨ੍ਹਾਂ ਦੇ ਸਪੁੱਤਰ ਭਾਈ ਹਰਜੀ ਨੇ ਤੇਲ ਦਾ ਵਪਾਰ ਕਰਨਾ ਸ਼ੁਰੂ ਕੀਤਾ। ਗੋਇੰਦਵਾਲ ਦਰਿਆ ਦਾ ਪੱਤਣ ਹੋਣ ਕਾਰਨ ਉਸ ਸਮੇਂ ਫੌਜ ਦਾ ਆਉਣ ਜਾਣ ਬਹੁਤ ਸੀ। ਭਾਈ ਹਰ ਜੀ ਫੌਜ ਨੂੰ ਤੇਲ ਸਪਲਾਈ ਕਰਦੇ ਸਨ। ਉਨ੍ਹਾਂ ਦਾ ਵਪਾਰ ਬਹੁਤ ਵਧਿਆ। ਤੇਲ ਦੇ ਵਪਾਰ ਵਿੱਚ ਉਨ੍ਹਾਂ ਬਹੁਤ ਧੰਨ ਕਮਾਇਆ ਤੇ ਕਾਫੀ ਅਮੀਰ ਹੋ ਗਏ।

ਭਾਈ ਹਰਜੀ ਦੀ ਸ਼ਾਦੀ ਉਨ੍ਹਾਂ ਦੇ ਮਾਤਾ-ਪਿਤਾ ਨੇ ਲਾਹੌਰ ਵਿਖੇ ਕਰ ਦਿੱਤੀ। ਭਾਈ ਹਰਜੀ ਘਰ ਜਵਾਈ ਬਣ ਗਏ ਤੇ ਪਿੰਡ ਬਾਸਰਕੇ ਕੁਝ ਸਮੇਂ ਲਈ ਛੱਡ ਦਿੱਤਾ। ਭਾਈ ਹਰਜੀ ਦੇ ਸਹੁਰਿਆਂ ਦਾ ਪਿੰਡ ਲਾਹੌਰ ਦੇ ਲਾਗੇ ਗਿੱਲ ਵਾਲੀ ਸੀ। ਭਾਈ ਹਰਜੀ ਨੇ ਆਪਣਾ ਵਪਾਰ ਲਾਹੌਰ ਵਿਖੇ ਵੀ ਕਾਫੀ ਚਮਕਾਇਆ ਤੇ ਚੰਗੀ ਦੌਲਤ ਕਮਾਈ। ਭਾਈ ਹਰਜੀ ਦੀ ਪਤਨੀ ਦਾ ਨਾਂਅ ਮਾਤਾ ਮਿਲਾਵੀ ਜੀ ਸੀ। ਮਾਤਾ ਮਿਲਾਵੀ ਜੀ ਬੜੇ ਸੂਝ-ਬੂਝ ਵਾਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਮਾਤਾ ਮਿਲਾਵੀ ਜੀ ਬਹੁਤ ਨਮਰ ਭਾਵ ਨਾਲ ਗੱਲ ਕਰਦੇ ਸਨ ਤੇ ਇਸ ਸੁਭਾਅ ਕਰਕੇ ਹੀ ਉਹ ਹਰ ਇੱਕ ਨੂੰ ਆਪਣਾ ਬਣਾ ਲੈਂਦੇ ਸਨ।

ਪਿਤਾ ਭਾਈ ਹਰਜੀ ਅਤੇ ਮਾਤਾ ਮਿਲਾਵੀ ਜੀ ਦੀ ਕੁੱਖੋਂ ਇੱਕ ਬਾਲ ਨੇ ਜਨਮ ਲਿਆ ਜਿਨ੍ਹਾਂ ਦਾ ਉਨ੍ਹਾਂ ਨੇ ਤੇਜ ਭਾਨ ਨਾਂ ਰੱਖਿਆ। ਲਾਹੌਰ ਵਿਖੇ ਹੀ ਸ੍ਰੀ ਤੇਜ ਭਾਨ ਜੀ ਵੱਡੇ ਹੋ ਗਏ। ਹੁਣ ਭਾਈ ਹਰਜੀ ਦਾ ਮਨ ਸੁਹਰੇ ਘਰ ਤੋਂ ਅੱਕ ਗਿਆ ਸੀ। ਇੱਕ ਦਿਨ ਸਾਰੇ ਪਰਿਵਾਰ ਨੂੰ ਲਾਹੌਰ ਤੋਂ ਲੈ ਕੇ ਮੁੜ ਪਿੰਡ ਬਾਸਰਕੇ ਆ ਗਏ।

SIKHBOOKCLUB.COM

ਭਾਈ ਹਰਜੀ ਨੇ ਪਿੰਡ ਬਾਸਰਕੇ ਮੁੜ ਹੱਟੀ ਪਾ ਲਈ ਤੇ ਹੱਟੀ ਖੂਬ ਚੱਲਣ ਲੱਗ ਪਈ। ਇੱਥੇ ਹੀ ਉਨ੍ਹਾਂ ਆਪਣੇ ਪੁੱਤਰ ਤੇਜਭਾਨ ਦੀ ਸ਼ਾਦੀ ਮਾਤਾ ਲੱਖਮੀ ਜੀ ਨਾਲ ਕਰ ਦਿੱਤੀ।

ਤੇਜ ਭਾਨ ਜੀ ਅਤੇ ਉਨ੍ਹਾਂ ਦੀ ਪਤਨੀ ਲਖਮੀ ਬਹੁਤ ਹੀ ਸੱਚੇ-ਸੁੱਚੇ ਜੀਵਨ ਵਾਲੇ ਸਨ। ਦੋਨੋਂ ਅਕਾਲ ਪੁਰਖ ਦੀ ਬੰਦਗੀ ਸਿਮਰਨ ਵਿੱਚ ਲੱਗੇ ਰਹਿੰਦੇ। ਤੇਜ ਭਾਨ ਜੀ ਸੱਚੀ ਸੁੱਚੀ ਕਿਰਤ ਕਰਨ ਵਾਲੇ ਸਨ।

ਪਿਤਾ ਤੇਜ ਭਾਨ ਅਤੇ ਮਾਤਾ ਲਖਮੀ ਜੀ ਦੇ ਘਰ ਹੀ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਅਵਤਾਰ ਧਾਰਿਆ। ਮਾਤਾ-ਪਿਤਾ ਜੀ ਨੇ ਇਨ੍ਹਾਂ ਦਾ ਨਾਂ ਸ੍ਰੀ ਅਮਰਦਾਸ ਜੀ ਰੱਖਿਆ। ਬਾਲਾ ਪ੍ਰੀਤਮ ਨੂੰ ਉਨ੍ਹਾਂ ਦੇ ਬਾਲ ਸਾਥੀ ਉਨ੍ਹਾਂ ਦੀ ਛੇ ਸਾਲ ਦੀ ਉਮਰ ਵਿੱਚ ਅਮਰੂ ਕਹਿ ਕੇ ਬੁਲਾਉਂਦੇ ਸਨ।

# ਅਕਾਲ ਪੁਰਖ ਦੇ ਸਿਮਰਨ ਦਾ ਅਨੂਠਾ ਸੁਮੇਲ

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਬਚਪਨ ਵਿੱਚ ਬਹੁਤ ਸ਼ਾਂਤ ਸੁਭਾਅ ਦੇ ਮਾਲਕ ਸਨ। ਆਪਣੇ ਬਾਲ ਸਾਥੀਆਂ ਨਾਲ ਖੇਡਦੇ ਸਮੇਂ ਕਦੀ ਕਰੋਧ ਨਹੀਂ ਕਰਦੇ ਸਨ। ਉਨ੍ਹਾਂ ਦੇ ਬਾਲ ਸਾਥੀ ਉਨ੍ਹਾਂ ਦੀ ਇਸ ਸਹਿਜ ਪ੍ਰਵਿਰਤੀ ਤੋਂ ਬਹੁਤ ਪ੍ਰਭਾਵਿਤ ਸਨ।

ਬਾਲਾ ਪ੍ਰੀਤਮ ਅਮਰਦਾਸ ਜੀ ਦੀ ਇੱਕ ਹੋਰ ਸਹਿਜ ਪ੍ਰਵਿਰਤੀ ਸੀ। ਉਹ ਇਹ ਕਿ ਉਹ ਸਾਧੂ ਸੰਤਾਂ ਨਾਲ ਬਹੁਤ ਪ੍ਰੇਮ ਕਰਦੇ ਸਨ ਅਤੇ ਉਨ੍ਹਾਂ ਦੇ ਬਚਨ ਸੁਣਨ ਲਈ ਬਹੁਤ ਉਤਾਵਲੇ ਰਹਿੰਦੇ ਸਨ। ਬਚਪਨ ਦੀ ਦਸ ਸਾਲ ਦੀ ਉਮਰ ਵਿੱਚ ਜਦੋਂ ਵੀ ਕੋਈ ਸਾਧੂ ਮਹਾਤਮਾ ਉਨ੍ਹਾਂ ਦੇ ਪਿੰਡ ਬਾਸਰਕੇ ਆਉਂਦਾ ਤਾਂ ਉਹ ਉਨ੍ਹਾਂ ਨੂੰ ਬੇਨਤੀ ਕਰਕੇ ਆਪਣੇ ਘਰ ਲੈ ਆਉਂਦੇ ਤੇ ਬੜੇ ਆਦਰ ਸਤਿਕਾਰ ਨਾਲ ਬਿਠਾਉਂਦੇ। ਆਪਣੀ ਮਾਤਾ ਲੱਖਮੀ ਜੀ ਨੂੰ ਕਹਿ ਕੇ ਮਹਾਤਮਾ ਲਈ ਭੋਜਨ ਤਿਆਰ ਕਰਵਾਉਂਦੇ ਤੇ ਉਨ੍ਹਾਂ ਨੂੰ ਛਕਾਉਂਦੇ। ਸਾਧੂਆਂ ਦੇ ਬਚਨਾਂ ਨੂੰ ਬਹੁਤ ਧਿਆਨ ਨਾਲ ਸੁਣਦੇ ਤੇ ਉਨ੍ਹਾਂ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਂਦੇ। ਉਸ ਸਮੇਂ ਸੰਤਾਂ ਮਹਾਤਮਾ ਅਤੇ ਬ੍ਰਾਹਮਣ ਪ੍ਰੋਹਤਾਂ ਨੂੰ ਧਾਰਮਿਕ ਆਗੂ ਵਜੋਂ ਮੰਨਿਆ ਜਾਂਦਾ ਸੀ। ਇਸ ਲਈ ਬਾਲਾ ਪ੍ਰੀਤਮ ਅਮਰਦਾਸ ਜੀ ਪਿੰਡ ਦੇ ਬ੍ਰਾਹਮਣ ਪ੍ਰੋਹਿਤ ਕੋਲ ਜਾ ਕੇ ਵੀ ਚੰਗੀਆਂ ਗੱਲਾਂ ਗ੍ਰਹਿਣ ਕਰਦੇ ਤੇ ਭਜਨ ਜਿਥੋਂ ਵੀ ਮਿਲਣ ਲਿਖ ਲੈਂਦੇ ਤੇ ਯਾਦ ਕਰ ਲੈਂਦੇ। ਉਹ ਭਜਨਾਂ ਨੂੰ ਬਹੁਤ ਪ੍ਰੇਮ ਨਾਲ ਗਾਉਂਦੇ ਸਨ।

ਬਾਲਕ ਅਮਰਦਾਸ ਜੀ ਦੀ ਇੱਕ ਹੋਰ ਸਹਿਜ ਪ੍ਰਵਿਰਤੀ ਸੀ ਕਿ ਉਹ ਸਾਦਾ ਭੋਜਨ ਬਹੁਤ ਪਸੰਦ ਕਰਦੇ ਸਨ। ਇਸ ਤੋਂ ਇਲਾਵਾ ਹੋਰ ਕੋਈ ਫਾਲਤੂ ਵਸਤੂ ਨਾ ਛੱਕਦੇ। ਰਾਤ ਨੂੰ ਸੌਣ ਵੇਲੇ ਉਹ ਇਕ ਵੱਡਾ ਗਲਾਸ ਦੁੱਧ ਦਾ ਜ਼ਰੂਰ ਛੱਕਦੇ। ਇਸ ਤਰ੍ਹਾਂ ਉਨ੍ਹਾਂ ਆਪਣਾ ਪੂਰਾ ਜੀਵਨ ਹੀ ਸਾਦਾ ਭੋਜਨ (ਉਗਰਾ) ਤੇ ਰਾਤ ਨੂੰ ਦੁੱਧ ਦਾ ਗਲਾਸ ਛੱਕ ਕੇ ਗੁਜ਼ਾਰਿਆ।

ਬਾਲਾ ਪ੍ਰੀਤਮ ਸਤਿਗੁਰ ਅਮਰਦਾਸ ਜੀ ਜਦ ਸਤਾਰਾਂ ਸਾਲਾਂ ਦੇ ਹੋਏ ਤਾਂ ਪਿਤਾ ਸ੍ਰੀ ਤੇਜਭਾਨ ਨੇ ਆਪਣੇ ਚਾਰਾਂ ਪੁੱਤਰਾਂ ਨੂੰ ਕੰਮਕਾਰ 'ਤੇ ਲਾ ਦਿੱਤਾ।

ਇਨ੍ਹਾਂ ਦੇ ਦੂਸਰੇ ਤਿੰਨ ਭਰਾ ਹੱਟੀ ਤੇ ਖੇਤੀ ਕਰਨ ਲੱਗ ਪਏ। ਪਿਤਾ ਜੀ ਨੇ ਜਦ ਬਾਲ ਅਮਰਦਾਸ ਜੀ ਨੂੰ ਕੰਮ ਕਰਨ ਬਾਰੇ ਪੁੱਛਿਆ ਤਾਂ ਇਨ੍ਹਾਂ ਆਖਿਆ ਪਿਤਾ ਜੀ ਮੈਨੂੰ ਇੱਕ ਚੰਗਾ ਘੋੜਾ ਖਰੀਦ ਦਿਓ। ਕਿਉਂਕਿ ਇਹ ਨਾਂ ਤਾਂ ਖੇਤੀ ਕਰਨਾ ਚਾਹੁੰਦੇ ਸਨ ਤੇ ਨਾ ਹੀ ਹੱਟੀ 'ਤੇ ਬੈਠਣਾ ਚਾਹੁੰਦੇ ਸਨ। ਪਰ ਇਹ ਵਿਹਲਾ ਵੀ ਬਹਿਣਾ ਨਹੀਂ ਸਨ ਚਾਹੁੰਦੇ। ਘੋੜ ਸਵਾਰੀ ਕਰਨਾ ਬਾਲ ਅਮਰਦਾਸ ਜੀ ਨੂੰ ਬਹੁਤ ਪਸੰਦ ਸੀ।

ਬਾਲ ਅਮਰਦਾਸ ਜੀ ਦੇ ਇੱਕ ਦਿਨ ਘੋੜ ਸਵਾਰੀ ਕਰਦਿਆਂ ਮਨ ਵਿਚ ਆਇਆ ਕਿ ਕਿਉਂਨਾ ਘੋੜੇ 'ਤੇ ਸਮਾਨ ਰੱਖ ਕੇ ਲਾਗੇ ਲਾਗੇ ਦੇ ਪਿੰਡਾਂ ਵਿੱਚ ਵੇਚਿਆ ਜਾਵੇ। ਸੋ ਇਨ੍ਹਾਂ ਘੋੜੇ 'ਤੇ ਲੂਣ, ਮਿਰਚ, ਮਸਾਲਾ, ਗੁੜ, ਖੰਡ ਅਤੇ ਹੋਰ ਕਰਿਆਨੇ ਦਾ ਸਾਮਾਨ ਲੱਦ ਕੇ ਪਿੰਡਾਂ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ। ਸਾਮਾਨ ਵੇਚਦਿਆਂ ਬਹੁਤ ਘੱਟ ਮੁਨਾਫ਼ਾ ਕਮਾਉਂਦੇ ਤੇ ਹਮੇਸ਼ਾ ਸੱਚ ਬੋਲਦੇ।

ਬਾਸਰਕੇ ਦੇ ਲਾਗਲੇ ਪਿੰਡਾਂ ਵਿੱਚ ਘੋੜੇ 'ਤੇ ਘੁੰਮ ਕੇ ਆਪਣੇ ਕਰਿਆਨੇ ਦਾ ਸਾਮਾਨ ਵੇਚਦੇ। ਸਾਮਾਨ ਵੇਚਦਿਆਂ ਜਦ ਜਿਸ ਪਿੰਡ ਵਿੱਚ ਦੁਪਹਿਰ ਹੋ ਜਾਂਦੀ ਤਾਂ ਉਸੇ ਪਿੰਡ ਵਿੱਚ ਥੋੜ੍ਹਾ ਚਿਰ ਅਰਾਮ ਕਰਨ ਲਈ ਰੁਕ ਜਾਂਦੇ।

ਪੰਜਾਬ ਦੇ ਹਰ ਪਿੰਡ ਦੇ ਵਿਚਕਾਰ ਚੁਰੱਸਤੇ ਤੇ ਇੱਕ ਵੱਡੇ ਦਰੱਖਤ ਦੇ ਦੁਆਲੇ ਉੱਚਾ ਥੜ੍ਹਾ ਬਣਿਆ ਹੁੰਦਾ ਸੀ। ਜਿੱਥੇ ਆਮ ਤੌਰ 'ਤੇ ਪਿੰਡ ਵਾਸੀ ਥੜ੍ਹੇ 'ਤੇ ਦੁਪਹਿਰ ਗੁਜਾਰਨ ਆ ਬੈਠਦੇ ਸਨ। ਬਾਲਾ ਪ੍ਰੀਤਮ ਅਮਰਦਾਸ ਜੀ ਵੀ ਉਸੇ ਥੜ੍ਹੇ 'ਤੇ ਪਹੁੰਚ ਜਾਂਦੇ ਤੇ ਘੋੜਾ ਇੱਕ ਪਾਸੇ ਬੰਨ੍ਹ ਕੇ ਥੜ੍ਹੇ ਤੇ ਬੈਠ ਜਾਂਦੇ।

ਪਿੰਡ ਦੇ ਲੋਕ ਬਾਲਕ ਅਮਰਦਾਸ ਜੀ ਨੂੰ ਕੋਈ ਭਜਨ ਗਾ ਕੇ ਸੁਣਾਉਣ ਲਈ ਬੇਨਤੀ ਕਰਦੇ। ਉਨ੍ਹਾਂ ਨੂੰ ਪਤਾ ਸੀ ਕਿ ਬਾਲ ਅਮਰਦਾਸ ਜੀ ਬਹੁਤ ਸੁੰਦਰ ਭਜਨ ਗਾਉਂਦੇ ਹਨ। ਬਾਲਕ ਅਮਰਦਾਸ ਜੀ ਦੀ ਆਵਾਜ਼ ਬਹੁਤ ਹੀ ਸੁਰੀਲੀ ਸੀ ਅਤੇ ਉਹ ਅਕਾਲ ਪੁਰਕ ਨਾਲ ਬਿਰਤੀ ਜੋੜ ਕੇ ਭਜਨ ਗਾਉਂਦੇ ਸਨ।

ਬਾਲਕ ਅਮਰਦਾਸ ਜੀ ਨੂੰ ਬਾਸਰਕੇ ਦੇ ਲਾਗੇ ਲਾਗੇ ਦੇ ਪਿੰਡਾਂ ਦੇ ਸਾਰੇ ਲੋਕ ਜਾਣਦੇ ਸਨ। ਉਨ੍ਹਾਂ ਨੂੰ ਪ੍ਰਭੂ ਪ੍ਰਮਾਤਮਾ ਦੇ ਭਜਨ ਬਹੁਤ ਜ਼ਿਆਦਾ ਜ਼ੁਬਾਨੀ ਯਾਦ ਸਨ।

ਬਾਲਾ ਪ੍ਰੀਤਮ ਪਿੰਡ ਵਾਸੀਆਂ ਦੀ ਬੇਨਤੀ ਮੰਨ ਕੇ ਉਸ ਅਕਾਲ ਪੁਰਖ ਦੇ ਭਜਨ ਅਜਿਹੇ ਪ੍ਰੇਮ ਵਿੱਚ ਆ ਕੇ ਗਾਉਂਦੇ ਕਿ ਥੜ੍ਹੇ 'ਤੇ ਬੈਠੇ ਪਿੰਡ ਦੇ ਲੋਕ ਮੰਤਰ-ਮੁਗਧ ਹੋ ਜਾਂਦੇ। ਜਦ ਇੱਕ ਭਜਨ ਸਮਾਪਤ ਹੁੰਦਾ ਤਾਂ ਉਨ੍ਹਾਂ ਨੂੰ ਹੋਰ



ਭਜਨ ਗਾਉਣ ਲਈ ਕਹਿੰਦੇ। ਕਈ ਵਾਰ ਬਾਲਕ ਅਮਰਦਾਸ ਜੀ ਨੂੰ ਭਜਨ ਗਾਉਂਦਿਆਂ ਐਸਾ ਆਤਮਿਕ ਰਸ ਆਉਂਦਾ ਕਿ ਉਹ ਕਈ ਘੰਟੇ ਭਜਨ ਗਾਉਂਦੇ ਰਹਿੰਦੇ ਤੇ ਉਸੇ ਪਿੰਡ ਉਨ੍ਹਾਂ ਨੂੰ ਸ਼ਾਮ ਹੋ ਜਾਂਦੀ।

ਬਾਲਾ ਪ੍ਰੀਤਮ ਅਮਰਦਾਸ ਜੀ ਨੂੰ ਲੋਕ ਉਡੀਕਦੇ ਰਹਿੰਦੇ ਕਿ ਕਦ ਉਹ ਉਨ੍ਹਾਂ ਦੇ ਪਿੰਡ ਕਰਿਆਨਾ ਵੇਚਣ ਆਉਣ ਤੇ ਉਹ ਉਨ੍ਹਾਂ ਕੋਲੋਂ ਭਜਨ ਸੁਣਨ। ਲੋਕ ਉਨ੍ਹਾਂ ਨੂੰ ਭਗਤ ਕਰਿਆਨੇ ਵਾਲੇ ਕਹਿ ਕੇ ਬੁਲਾਉਣ ਲੱਗ ਪਏ ਸਨ।

ਬਾਲਾ ਪ੍ਰੀਤਮ ਅਮਰਦਾਸ ਜੀ ਹਰ ਰੋਜ਼ ਦੁਪਹਿਰ ਵੇਲੇ ਕਦੀ ਕਿਸੇ ਪਿੰਡ ਥੋੜ੍ਹਾ ਚਿਰ ਲਈ ਰੁਕਦੇ ਅਤੇ ਕਦੀ ਕਿਸੇ ਪਿੰਡ ਰੁਕਦੇ। ਲੋਕਾਂ ਨੂੰ ਹਰ ਰੋਜ਼ ਭਜਨ

ਸੁਣਾਉਣੇ ਤੇ ਅਕਾਲ ਪੁਰਖ ਨਾਲ ਜੋੜਦੇ। ਇਸ ਤਰ੍ਹਾਂ ਕਰਨਾ, ਉਨ੍ਹਾਂ ਨੂੰ ਆਪ ਨੂੰ ਵੀ ਬਹੁਤ ਚੰਗਾ ਲੱਗਦਾ ਸੀ।

ਪਿੰਡਾਂ ਦੇ ਲੋਕ ਜ਼ਿਆਦਾਤਰ ਬਾਲ ਅਮਰਦਾਸ ਜੀ ਤੋਂ ਹੀ ਕਰਿਆਨਾ ਖਰੀਦਦੇ। ਹਰ ਰੋਜ਼ ਘੋੜੇ 'ਤੇ ਲੱਦ ਕੇ ਲਿਆਂਦਾ ਕਰਿਆਨਾ ਉਨ੍ਹਾਂ ਦਾ ਸਾਰੇ ਦਾ ਸਾਰਾ ਵਿੱਕ ਜਾਂਦਾ ਤੇ ਉਨ੍ਹਾਂ ਨੂੰ ਕਾਫ਼ੀ ਆਮਦਨ ਹੁੰਦੀ। ਸੌਦਾ ਵੇਚਦਿਆਂ ਹੋਇਆਂ ਵੀ ਸਹਿਜ ਸੁਭਾਅ ਉਨ੍ਹਾਂ ਦੀ ਸੁਰਤੀ ਹਰ ਵਕਤ ਅਕਾਲ ਪੁਰਖ ਨਾਲ ਜੁੜੀ ਰਹਿੰਦੀ।

SIKHBOOKCLUB.COM

# ਤ੍ਰਿਚਾਵਲੀ ਸੇਵਾ ਦੀ ਸਾਖੀ

ਬਾਲਾ ਪ੍ਰੀਤਮ ਅਮਰਦਾਸ ਜੀ ਦੇ ਵੱਡੇ ਵਡੇਰੇ ਪਿੰਡ ਬਾਸਰਕੇ ਆਣ ਕੇ ਵਸ ਗਏ ਸਨ। ਦਰਅਸਲ ਉਸ ਦਾ ਕਾਰਨ ਇਹ ਸੀ ਕਿ ਪਿੰਡ ਬਾਸਰਕੇ ਦਰਿਆ ਬਿਆਸ ਤੋਂ ਥੋੜ੍ਹੀ ਵਿੱਥ 'ਤੇ ਵਸਿਆ ਹੋਇਆ ਸੀ ਅਤੇ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕੰਢੇ 'ਤੇ ਸੀ।

ਪਿੰਡ ਬਾਸਰਕੇ ਵਿੱਚ ਜ਼ਿਆਦਾਤਰ ਭੱਲੇ ਖੱਤਰੀਆਂ ਦੇ ਪਰਿਵਾਰ ਰਹਿੰਦੇ ਸਨ ਜੋ ਵਪਾਰ ਕਰਦੇ ਸਨ। ਵਪਾਰੀਆਂ ਨੂੰ ਸਭ ਤੋਂ ਪਹਿਲਾਂ ਆਪਣੇ ਮਾਲ ਅਤੇ ਪੈਸੇ ਦੀ ਸੁਰੱਖਿਆ ਦਾ ਫਿਕਰ ਹੁੰਦਾ ਹੈ। ਪਿੰਡ ਬਾਸਰਕੇ ਇਸ ਪੱਖੋਂ ਉਨ੍ਹਾਂ ਲਈ ਬਹੁਤ ਫਿੱਟ ਬੈਠਦਾ ਸੀ। ਭੱਲੇ ਵਪਾਰ ਕਰਨ ਦੇ ਬਹੁਤ ਮਾਹਿਰ ਸਨ। ਉਨ੍ਹਾਂ ਦਾ ਵਪਾਰ ਗੋਇੰਦਵਾਲ ਸਾਹਿਬ ਵਿਖੇ ਚੱਲਦਾ ਸੀ। ਬਾਲਕ ਅਮਰਦਾਸ ਜੀ ਦੇ ਪਰਿਵਾਰ ਦਾ ਵਪਾਰ ਸਭ ਤੋਂ ਸਿਖਰ 'ਤੇ ਸੀ।

ਗੋਇੰਦਵਾਲ ਵਿਖੇ ਬਿਆਸ ਦਾ ਪੱਤਣ ਹੋਣ ਕਾਰਨ ਸ਼ਾਹੀ ਫੌਜ ਦਾ ਵੀ ਲਾਂਘਾ ਸੀ। ਜੇ ਫੌਜ ਦੇ ਲੰਘਦਿਆਂ ਉਸ ਦੇ ਜਰਨੈਲਾਂ ਨੂੰ ਕਿਸੇ ਪਿੰਡ ਦਾ ਪਤਾ ਲੱਗ ਜਾਂਦਾ ਕਿ ਇਨ੍ਹਾਂ ਲੋਕਾਂ ਕੋਲ ਧੰਨ ਬਹੁਤ ਹੈ ਤਾਂ ਫੌਜ ਕੋਲੋਂ ਜਰਨੈਲ ਲੁੱਟ ਮਾਰ ਕਰਵਾ ਦਿੰਦੇ ਸਨ। ਕਈ ਵਾਰ ਪਿੰਡਾਂ ਨੂੰ ਅੱਗ ਲਗਵਾ ਦਿੰਦੇ ਸਨ। ਜਿਸ ਦਾ ਘਰ ਅਮੀਰ ਲੱਗਦਾ, ਫਰੋਲ ਲੈਂਦੇ। ਬਾਲ ਅਮਰਦਾਸ ਜੀ ਦੇ ਵੱਡੇ-ਵਡੇਰੇ ਆਪਣਾ ਗੋਦਾਮ ਤਾਂ ਗੋਇੰਦਵਾਲ ਸਾਹਿਬ ਰੱਖਦੇ ਅਤੇ ਅਸਲੀ ਮੋਹਰਾਂ ਦੀਆਂ ਭੋਰੀਆਂ ਭਰ ਕੇ ਪਿੰਡ ਬਾਸਰਕੇ ਰੱਖਦੇ। ਇਸ ਤਰ੍ਹਾਂ ਸ਼ਾਹੀ ਲੁਟੇਰਿਆਂ ਤੋਂ ਬਚੇ ਰਹਿੰਦੇ।

ਭੱਟ ਸੁਲ ਅਤੇ ਕੱਲਸਹਾਰ ਆਪਣੀ ਬਾਣੀ ਵਿੱਚ ਉਚਾਰਣ ਕਰਦੇ ਹਨ ਕਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੱਲ ਨਾਲ ਜੁੜਿਆ, ਫਿਰ ਉਸੇ ਕੁੱਲ ਦਾ ਹੀ ਬਣ ਕੇ ਰਹਿ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਿਲਾਪ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੱਲ ਦੇ ਹੀ ਬਣ ਕੇ ਰਹਿ ਗਏ। ਉਨ੍ਹਾਂ ਦਾ ਆਪਣਾ ਸਭ ਕੁਝ ਸਮਾਪਤ ਹੋ ਗਿਆ। ਬਾਲਕ ਅਮਰਦਾਸ ਜੀ ਜਦ ਵੱਡੇ ਹੋਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ

ਮਿਲਾਪ ਤੋਂ ਬਾਅਦ ਉਨ੍ਹਾਂ ਵਿੱਚ ਹੀ ਅਭੇਦ ਹੋ ਗਏ।

ਤੀਸਰੇ ਪਾਤਸ਼ਾਹ ਬਾਲਾ ਅਮਰਦਾਸ ਜੀ ਦੀ ਸ਼ਾਦੀ ਮਾਤਾ ਰਾਮ ਕੌਰ ਸਹੁਰਿਆਂ ਦਾ ਨਾਂ, ਮਾਤਾ ਮਨਸਾ ਦੇਵੀ ਜੀ ਨਾਲ ਬਚਪਨ ਵਿੱਚ ਹੀ ਹੋ ਗਈ ਸੀ। ਮਾਤਾ ਮਨਸਾ ਦੇਵੀ ਜੀ ਬਹੁਤ ਧਾਰਮਿਕ ਵਿਚਾਰਾਂ ਦੇ ਸਨ ਅਤੇ ਘਰ ਆਏ ਸਾਧੂ ਸੰਤਦੀ ਬਹੁਤ ਸੇਵਾ ਕਰਦੇ ਸਨ। ਬਾਲਾ ਪ੍ਰੀਤਮ ਅਮਰਦਾਸ ਜੀ ਦੀ ਸ਼ਾਦੀ ਬੇਸ਼ੱਕ ਬਚਪਨ ਵਿੱਚ ਹੀ ਹੋ ਗਈ ਸੀ ਪਰ ਉਨ੍ਹਾਂ ਦੇ ਸੰਤਾਨ ਵਡੇਰੀ ਉਮਰ ਵਿੱਚ ਜਾ ਕੇ ਹੋਈ ਸੀ।

ਬਾਲਾ ਪ੍ਰੀਤਮ ਅਮਰਦਾਸ ਜੀ ਅਤੇ ਉਨ੍ਹਾਂ ਦੇ ਤਿੰਨ ਭਰਾਵਾਂ ਦਾ ਕਾਰੋਬਾਰ ਇਕੱਠਾ ਸੀ। ਜ਼ਮੀਨ ਜਾਇਦਾਦ ਕਾਫੀ ਸੀ। ਪਿੰਡ ਵਿੱਚ ਸ਼ਾਹੂਕਾਰਾਂ ਸੀ। ਘਰ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਸੀ। ਜਨਮ ਤੋਂ ਹੀ ਬਾਲਾ ਪ੍ਰੀਤਮ ਅਮਰਦਾਸ ਜੀ ਨੂੰ ਉਸ ਅਕਾਲ ਪੁਰਖ ਦੀ ਬੰਦਗੀ ਕਰਨ ਦੀ ਐਨੀ ਲਗਨ ਸੀ ਕਿ ਉਹ ਆਪਣੇ ਪਿਤਾ ਜੀ ਨਾਲ ਹਰਿ ਸਾਲ ਪੈਦਲ ਚੱਲ ਕੇ ਹਰਿਦੁਆਰ ਜਾਂਦੇ ਸਨ। ਗੰਗਾ ਇਸ਼ਨਾਨ ਤੋਂ ਬਾਅਦ ਕਈ ਕਈ ਦਿਨ ਸੰਤਾਂ ਮਹਾਤਮਾ ਦੇ ਪ੍ਰਵਚਨ ਸੁਣਦੇ ਰਹਿੰਦੇ ਸਨ। ਸੰਤਾਂ ਦੇ ਪ੍ਰਵਚਨਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਂਦੇ ਸਨ। ਬਾਲਕ ਅਮਰਦਾਸ ਜੀ ਆਪ ਵੀ ਬਹੁਤ ਸੁੰਦਰ ਭਜਨ ਗਾਉਂਦੇ ਸਨ। ਆਪਣੇ ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਵੀ ਉਹ ਸੰਤਾਂ ਮਹਾਤਮਾ ਦੇ ਦਰਸ਼ਨ ਕਰਨ ਹਰਿਦੁਆਰ ਜਾਂਦੇ ਰਹੇ ਸਨ।

ਬਚਪਨ ਵਿੱਚ ਬਾਲਕ ਅਮਰਦਾਸ ਜੀ ਦਾ ਮਿਲਾਪ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਭਿਰਾਈ ਜੀ ਨਾਲ ਹੋਇਆ ਸੀ। ਪਰ ਉਸ ਸਮੇਂ ਬਾਲਾ ਪ੍ਰੀਤਮ ਅਮਰਦਾਸ ਜੀ ਨੂੰ ਦੋਨਾਂ ਸਤਿਗੁਰ ਸਾਹਿਬਾਨ ਦੀ ਪਹਿਚਾਣ ਨਾ ਹੋ ਸਕੀ। ਹੋਇਆ ਇਸ ਤਰ੍ਹਾਂ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਖਡੂਰ ਸਾਹਿਬ ਜਾ ਕੇ ਰਹਿਣ ਲਈ ਆਖਿਆ। ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਜਾ ਕੇ ਮਾਤਾ ਭਿਰਾਈ ਦੇ ਘਰ ਵਿੱਚ ਗੁਪਤ ਰੂਪ ਵਿੱਚ ਰਹਿਣ ਲੱਗ ਪਏ ਸਨ। ਇੱਥੇ ਇੱਕ ਕਮਰੇ ਵਿੱਚ ਬੈਠ ਕੇ ਉਹ ਰਾਤ ਦਿਨ ਅਕਾਲ ਪੁਰਖ ਦੇ ਧਿਆਨ ਵਿੱਚ ਮਗਨ ਰਹਿੰਦੇ ਸਨ।

ਕੁਝ ਸਮੇਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਖਡੂਰ ਸਾਹਿਬ ਗਏ। ਉੱਥੇ ਹੀ ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ,

ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਭਿਰਾਈ ਪਿੰਡ ਦੇ ਬਾਹਰ ਇੱਕ ਤਲਾਅ ਦੇ ਕਿਨਾਰੇ ਬੈਠ ਗਿਆਨ ਚਰਚਾ ਕਰ ਰਹੇ ਸਨ। ਉਸੇ ਸਮੇਂ ਬਾਲਾ ਪ੍ਰੀਤਮ ਅਮਰਦਾਸ ਜੀ ਜੋ ਆਪਣੇ ਘੋੜੇ 'ਤੇ ਪਿੰਡਾਂ ਵਿੱਚ ਕਰਿਆਨੇ ਦਾ ਸਾਮਾਨ ਵੇਚ ਕੇ ਬਾਸਰਕੇ ਨੂੰ ਵਾਪਿਸ ਜਾਂਦੇ ਸਨ, ਅਕਾਲ ਪੁਰਖ ਦੀ ਮਰਜ਼ੀ ਸਦਕਾ ਸੁੱਤੇ ਸਿੱਧ ਇਨ੍ਹਾਂ ਕੋਲ ਆ ਕੇ ਖੜ੍ਹੇ ਹੋ ਗਏ।

ਬਾਲਾ ਪ੍ਰੀਤਮ ਅਮਰਦਾਸ ਜੀ ਕੋਲ ਉਸ ਸਮੇਂ ਤ੍ਰਿਚਾਵਲੀ, ਤਿਲ, ਚੌਲ ਭਿੱਜੇ ਹੋਏ ਤੇ ਸ਼ੱਕਰ ਮਿਲੀ ਹੋਈ ਸੀ। ਬਾਲ ਸਤਿਗੁਰੂ ਅਮਰਦਾਸ ਜੀ ਨੇ ਤਿੰਨਾਂ ਨੂੰ ਮਹਾਤਮਾ ਜਾਣ ਬੜੀ ਸ਼ਰਧਾ ਅਤੇ ਪ੍ਰੇਮ ਸਹਿਤ ਇਹ ਤਿੰਨੇ ਚੀਜ਼ਾਂ ਮਿਲੀਆਂ ਹੋਈਆਂ ਤ੍ਰਿਚਾਵਲੀ ਦੇ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਰੱਖੀਆਂ। ਸਤਿਗੁਰ ਨਾਨਕ ਦੇਵ ਜੀ ਨੇ ਆਪ ਅਤੇ ਦੂਸਰੇ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਭਿਰਾਈ ਨੂੰ ਛੱਕਣ ਵਾਸਤੇ ਦਿੱਤੀਆਂ।

ਤ੍ਰਿਚਾਵਲੀ ਛੱਕਣ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਖਿਆ, "ਅੰਗਦਾ! (ਦੂਸਰੇ ਪਾਤਸ਼ਾਹ ਜੀ) ਇਹ ਖਤਰੇਟੇ ਬਾਲਕ ਨੇ ਸਾਨੂੰ ਤ੍ਰਿਚਾਵਲੀ ਭਾਵ ਤਿਲ, ਚੌਲ ਤੇ ਸ਼ੱਕਰ ਛਕਾ ਕੇ ਕਰਜ਼ਾਈ ਕਰ ਲਿਆ ਹੈ। ਆਉਣ ਵਾਲੇ ਸਮੇਂ ਵਿੱਚ ਇਹ ਤੇਰੇ ਕੋਲੋਂ ਬਹੁਤ ਕੁਝ ਪ੍ਰਾਪਤ ਕਰੇਗਾ।

ਬਾਲਾ ਪ੍ਰੀਤਮ ਅਮਰਦਾਸ ਜੀ ਉਸ ਸਮੇਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਹੇ ਬਚਨਾਂ ਨੂੰ ਸਮਝ ਨਾ ਸਕੇ ਅਤੇ ਨਾ ਹੀ ਉਨ੍ਹਾਂ ਨੂੰ ਪਹਿਚਾਣ ਸਕੇ। ਫਿਰ ਬਾਲਕ ਅਮਰਦਾਸ ਜੀ ਨੇ ਬੜੀ ਸ਼ਰਧਾ ਭਾਵਨਾ ਨਾਲ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਇਜਾਜ਼ਤ ਲੈ ਆਪਣੇ ਘਰ ਪਿੰਡ ਬਾਸਰਕੇ ਚਲੇ ਗਏ। ਬਾਅਦ ਵਿੱਚ ਜਦ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ 'ਤੇ ਬੈਠੇ ਅਤੇ ਗੋਇੰਦਵਾਲ ਸਾਹਿਬ ਵਿਖੇ ਰਹਿਣ ਲੱਗ ਪਏ ਤਾਂ ਉਨ੍ਹਾਂ ਤ੍ਰਿਚਾਵਲੀ ਤਿਲ, ਚੌਲ ਭਿੱਜੇ ਹੋਏ ਤੇ ਸ਼ੱਕਰ ਮਿਲਾ ਕੇ ਇਸ ਨੂੰ ਉੱਤਮ ਜਾਣ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ ਦੇਹਰੇ ਚੜ੍ਹਾਉਂਦੇ ਰਹੇ।

SIKHBOOKCLUB.COM

# ਸ੍ਰੀ ਗੁਰੂ ਰਾਮਦਾਸ ਜੀ
# ਚੌਥੇ ਪਾਤਸ਼ਾਹ ਜੀ

## ਨਾਨੀ ਘਰ ਬਸੇਰਾ ਦੀ ਸਾਖੀ

ਸ੍ਰੀ ਗੁਰੂ ਰਾਮਦਾਸ ਜੀ ਚੌਥੇ ਪਾਤਸ਼ਾਹ ਜੀ ਦਾ ਪ੍ਰਕਾਸ਼ ਸੰਨ 1534 ਈਸਵੀ ਸੰਮਤ 1591 ਬਿਕ੍ਰਮੀ ਨੂੰ ਵੀਰਵਾਰ ਵਾਲੇ ਦਿਨ ਪਿਤਾ ਹਰਦਾਸ ਮੱਲ ਸੋਢੀ ਜੀ ਅਤੇ ਮਾਤਾ ਦਯਾ ਕੌਰ ਜੀ ਦੇ ਗ੍ਰਿਹ ਲਾਹੌਰ (ਹੁਣ ਪਾਕਿਸਤਾਨ ਵਿੱਚ) ਮੁਹੱਲਾ ਚੂਨਾ ਮੰਡੀ ਵਿਖੇ ਹੋਇਆ।

ਪ੍ਰਗਟ ਹੋਣ ਸਮੇਂ ਚੌਥੇ ਪਾਤਸ਼ਾਹ ਸਤਿਗੁਰੂ ਗੁਰੂ ਰਾਮਦਾਸ ਜੀ ਬਹੁਤ ਸੁੰਦਰ ਸਨ। ਉਨ੍ਹਾਂ ਦਾ ਮੁੱਖੜਾ ਅਵਤਾਰਾਂ ਵਰਗਾ ਸੀ। ਮੋਟੇ ਨੈਣ-ਨਕਸ਼ ਵਾਲੇ ਸਨ। ਉਨ੍ਹਾਂ ਦਾ ਮੱਥਾ ਚੌੜਾ ਸੀ। ਬਾਹਵਾਂ ਲੰਬੀਆਂ ਸਨ। ਪੈਰ ਵਿੱਚ ਪਦਮ ਸੀ।

ਚੌਥੇ ਪਾਤਸ਼ਾਹ ਬਾਲਾ ਪ੍ਰੀਤਮ ਦੇ ਜਨਮ ਦਾ ਲਾਹੌਰ ਦੇ ਮੁਹੱਲਾ ਦਾਨਾ ਮੰਡੀ ਦੀਆਂ ਤ੍ਰੀਮਤਾਂ ਨੂੰ ਜਦ ਪਤਾ ਲੱਗਾ ਤਾਂ ਖ਼ੁਸ਼ੀ ਵਿੱਚ ਬਾਲਕ ਨੂੰ ਦੇਖਣ ਉਨ੍ਹਾਂ ਦੇ ਘਰ ਪਹੁੰਚੀਆਂ।

ਮੁਹੱਲੇ ਦੀਆਂ ਇਸਤਰੀਆਂ ਨੇ ਰਲ ਖੁਸ਼ੀ ਦੇ ਗੀਤ ਗਾਏ। ਮਾਤਾ ਦਯਾ ਕੌਰ ਜੀ ਨੂੰ ਬਾਲਕ ਦੇ ਜਨਮ ਦੀਆਂ ਵਧਾਈਆਂ ਦਿੱਤੀਆਂ। ਬੱਚੇ ਦੀ ਮੂੰਹ ਦਿਖਾਈ ਵਜੋਂ ਸਭ ਤ੍ਰੀਮਤਾਂ ਨੇ ਰੁਪਏ ਪੈਸੇ ਦੇ ਰੂਪ ਵਿੱਚ ਮਾਤਾ ਦਯਾ ਕੌਰ ਨੂੰ ਭੇਟਾਵਾਂ ਦਿੱਤੀਆਂ। ਉਨ੍ਹਾਂ ਪਿਤਾ ਹਰਦਾਸ ਜੀ ਜੋ ਉਸ ਸਮੇਂ ਘਰ ਵਿੱਚ ਹੀ ਸਨ ਨੂੰ ਵੀ ਵਧਾਈਆਂ ਦਿੱਤੀਆਂ।

ਘਰ ਆਈਆਂ ਮੁਹੱਲੇ ਦੀਆਂ ਇਸਤਰੀਆਂ ਨੂੰ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਘਰੋਂ ਮਾਤਾ-ਪਿਤਾ ਵੱਲੋਂ ਲੱਡੂ, ਪਤਾਸੇ ਤੇ ਗੁੜ ਵੰਡਿਆ ਗਿਆ।

ਥੋੜ੍ਹੇ ਦਿਨ ਬਾਅਦ ਸਾਰੇ ਭਾਈਚਾਰੇ ਨੂੰ ਬੁਲਾ ਕੇ ਬਾਲ ਸਤਿਗੁਰ ਦੇ ਪਿਤਾ

ਹਰਦਾਸ ਜੀ ਅਤੇ ਮਾਤਾ ਦਯਾ ਕੌਰ ਨੇ ਸਾਰੇ ਭਾਈਚਾਰੇ ਦੀ ਸਹਿਮਤੀ ਨਾਲ ਉਨ੍ਹਾਂ ਦਾ ਨਾਂ ਰਾਮਦਾਸ ਰੱਖਿਆ। ਇਸ ਖੁਸ਼ੀ ਵਿੱਚ ਘਰ ਆਏ ਸਾਰੇ ਮੁਹੱਲਾ ਨਿਵਾਸੀਆਂ ਨੂੰ ਲੰਗਰ ਛਕਾਇਆ ਗਿਆ ਤੇ ਮਠਿਆਈਆਂ ਵੰਡੀਆਂ ਗਈਆਂ।

ਬਾਲਾ ਪ੍ਰੀਤਮ ਰਾਮਦਾਸ ਜੀ ਘਰ ਵਿੱਚ ਸਭ ਤੋਂ ਪਹਿਲੀ ਤੇ ਵੱਡੀ ਸੰਤਾਨ ਹੋਣ ਕਾਰਨ ਅਤੇ ਪਲੇਠੀ ਦਾ ਪੁੱਤਰ ਹੋਣ ਕਰਕੇ ਸਾਰੇ ਘਰਦੇ ਉਸ ਨੂੰ ਜੇਠਾ ਜੀ ਬੁਲਾਉਣ ਲੱਗ ਪਏ। ਮੁਹੱਲੇ ਦੇ ਲੋਕ ਵੀ ਉਨ੍ਹਾਂ ਨੂੰ ਜੇਠਾ ਕਹਿਣ ਲੱਗ ਪਏ। ਜਿਸ ਕਰਕੇ ਉਨ੍ਹਾਂ ਦਾ ਜ਼ਿਆਦਾ ਨਾਂ ਜੇਠਾ ਜੀ ਹੀ ਪੱਕ ਗਿਆ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਸਾਹਿਬ ਦਾ ਜਦੋਂ ਜਨਮ ਹੋਇਆ ਤਾਂ ਉਸ ਸਮੇਂ ਸ੍ਰੀ ਗੁਰੂ ਨਾਕ ਦੇਵ ਜੀ ਅਜੇ ਆਪਣੇ ਸਰੀਰਕ ਜਾਮੇ ਵਿੱਚ ਮੌਜੂਦ ਸਨ। ਉਨ੍ਹਾਂ ਦੀ ਉਮਰ ਉਸ ਸਮੇਂ 65 ਸਾਲਾਂ ਦੀ ਹੋ ਚੁੱਕੀ ਸੀ। ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਬਾਬਾ ਲਹਿਣਾ ਜੀ ਦੇ ਸਰੂਪ ਵਿੱਚ ਤੀਹ ਸਾਲਾਂ ਦੇ ਹੋ ਗਏ ਸਨ। ਸ੍ਰੀ ਗੁਰੂ ਅਮਰਦਾਸ ਜੀ ਤੀਜੇ ਪਾਤਸ਼ਾਹ ਆਪਣੇ ਸਰੀਰਕ ਜਾਮੇ ਵਿੱਚ ਉਸ ਸਮੇਂ ਪਚਵੰਜਾ ਸਾਲ ਛੇ ਮਹੀਨੇ ਦੇ ਹੋ ਗਏ ਸਨ। ਇਸ ਤਰ੍ਹਾਂ ਚਾਰੇ ਗੁਰੂ ਸਾਹਿਬਾਨ ਆਪਣੇ ਸਰੀਰਕ ਜਾਮੇ ਵਿੱਚ ਮੌਜੂਦ ਸਨ।

SIKHBOOKCLUB.COM

ਬਾਲ ਜੇਠਾ ਜੀ ਜਦ ਥੋੜ੍ਹੇ ਵੱਡੇ ਹੋਏ ਤਾਂ ਮੁਹੱਲੇ ਦੇ ਬਾਲ ਸਾਥੀਆਂ ਨਾਲ ਘਰੋਂ ਬਾਹਰ ਖੇਡਣ ਚਲੇ ਜਾਂਦੇ। ਥੋੜ੍ਹੀ ਦੇਰ ਖੇਡ ਘਰ ਵਾਪਿਸ ਆ ਜਾਂਦੇ। ਆਪਣੀ ਮਾਤਾ ਦਯਾ ਕੌਰ ਜੀ ਨਾਲ ਬਹੁਤ ਤੋਤਲੀਆਂ ਗੱਲਾਂ ਕਰਦੇ ਤੇ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ। ਮਾਤਾ ਜੀ ਬਾਲ ਜੇਠਾ ਜੀ ਨੂੰ ਬਹੁਤ ਸਨੇਹ ਕਰਦੇ ਸਨ। ਜਦ ਸ਼ਾਮ ਨੂੰ ਪਿਤਾ ਹਰਦਾਸ ਮੱਲ ਜੀ ਕੰਮ ਤੋਂ ਵਿਹਲੇ ਹੋ ਘਰ ਆਉਂਦੇ ਤਾਂ ਉਨ੍ਹਾਂ ਨਾਲ ਲਿਪਟ ਜਾਂਦੇ। ਇਸ ਤਰ੍ਹਾਂ ਉਨ੍ਹਾਂ ਦਾ ਬਚਪਨ ਖੁਸ਼ੀ, ਹਰਸ ਉਲਾਸ ਵਿੱਚ ਬੀਤ ਰਿਹਾ ਸੀ।

ਬਾਲਕ ਜੇਠਾ ਜੀ ਦੀ ਮਾਤਰ ਪੰਜ ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮਾਤਾ ਦੀ ਗੁਜ਼ਰ ਗਏ ਸਨ ਅਤੇ ਜਦ ਉਨ੍ਹਾਂ ਦੀ ਉਮਰ 7 ਸਾਲ ਦੀ ਹੋਈ ਤਾਂ ਪਿਤਾ ਹਰਦਾਸ ਜੀ ਵੀ ਅਕਾਲ ਚਲਾਣਾ ਕਰ ਗਏ। ਬਾਲਕ ਜੇਠਾ ਜੀ ਇਕੱਲੇ ਰਹਿ ਗਏ ਸਨ। ਉਨ੍ਹਾਂ ਦੀ ਉਮਰ ਵੀ ਬਹੁਤ ਛੋਟੀ ਸੀ। ਮਾਤਾ ਪਿਤਾ ਦੇ ਵਿਛੋੜੇ ਦਾ ਸਦਮਾ ਬਹੁਤ ਵੱਡਾ ਸੀ। ਇਸ ਲਈ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨੂੰ ਕਿਸੇ ਵੱਡੇ ਦੇ ਸਹਾਰੇ ਦੀ ਜ਼ਰੂਰਤ ਸੀ ਜੋ ਉਨ੍ਹਾਂ ਦੀ ਪਾਲਣਾ ਕਰ ਸਕੇ।



ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੀ ਨਾਨੀ ਜੀ ਪਿੰਡ ਬਾਸਰਕੇ ਰਹਿੰਦੇ ਸਨ। ਉਨ੍ਹਾਂ ਦੀ ਨਾਨੀ ਜੀ ਬਾਸਰਕੇ ਤੋਂ ਲਾਹੌਰ ਆ ਕੇ ਬਾਲਾ ਪ੍ਰੀਤਮ ਜੇਠਾ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਗਏ।

ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਬਾਲਕ ਜੇਠਾ ਜੀ ਦੇ ਸਰੂਪ ਵਿੱਚ ਉਸ ਸਮੇਂ ਅਜੇ ਸੱਤ ਸਾਲ ਦੇ ਸਨ। ਆਪਣੇ ਘਰ ਨੂੰ ਛੱਡਦਿਆਂ ਉਨ੍ਹਾਂ ਦੇ ਮਨ 'ਤੇ ਬੜਾ ਡੂੰਘਾ ਅਸਰ ਹੋਇਆ ਸੀ। ਉਹ ਸਾਰੇ ਬਾਲ ਸਾਥੀ, ਜਿਨ੍ਹਾਂ ਨਾਲ ਉਹ ਹਰ ਰੋਜ਼ ਖੇਡਦੇ ਸਨ, ਸਾਰੇ ਆਖਰੀ ਵਾਰ ਉਨ੍ਹਾਂ ਨੂੰ ਮਿਲਣ ਆਏ ਸਨ।

ਉਨ੍ਹਾਂ ਬਾਲਾਂ ਦੇ ਅੱਖਾਂ ਵਿੱਚ ਅੱਥਰੂ ਸਨ। ਇਨ੍ਹਾਂ ਬਾਲਕਾਂ ਦੇ ਮਾਤਾ-ਪਿਤਾ ਵੀ ਭਰੇ ਮਨ ਨਾਲ ਬਾਲਕ ਜੇਠਾ ਜੀ ਨੂੰ ਵਿਦਾ ਕਰਨ ਆਏ ਸਨ। ਇਹ ਸਭ ਬਹੁਤ ਉਦਾਸ ਸਨ।

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਸ਼ਰੀਕਾਂ ਦੇ ਘਰ ਵੀ ਉਨ੍ਹਾਂ ਦੇ ਘਰ ਦੇ ਲਾਗੇ ਸਨ। ਉਹ ਸਾਰੇ ਬਾਲਕ ਜੇਠਾ ਜੀ ਦੇ ਘਰ ਛੱਡ ਕੇ ਜਾਣ ਕਾਰਨ ਡੂੰਘੇ ਸਦਮੇ ਵਿੱਚ ਸਨ।

ਲਾਹੌਰ ਸ਼ਹਿਰ ਦਾ ਚੂਨਾ ਮੰਡੀ ਦਾ ਸਾਰਾ ਮੁਹੱਲਾ ਬਾਲਕ ਜੇਠਾ ਜੀ ਨੂੰ ਨਿਆਸਰਾ ਸਮਝ ਬਹੁਤ ਉਦਾਸ ਸੀ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਜਿਸ ਬਾਲਕ ਨੂੰ ਉਹ ਨਿਆਸਰਾ ਤੇ ਯਤੀਮ ਸਮਝ ਰਹੇ ਸਨ, ਉਸ ਬਾਲਕ ਜੇਠਾ ਜੀ ਦੇ ਸੀਸ ਤੇ ਅਕਾਲ ਪੁਰਖ ਦਾ ਗੁਰਿਆਈ ਛੱਤਰ ਝੂਲਣ ਵਾਲਾ ਸੀ। ਉਹ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਬਣ ਜਗਤ ਤਾਰਕ ਬਣਨ ਵਾਲੇ ਸਨ।

SIKHBOOKCLUB.COM

# ਬਚਪਨ ਵਿੱਚ ਕਿਰਤ ਤੇ ਸਤਿਸੰਗਤ ਦੀ ਰੰਗਤ

ਬਾਲਾ ਪ੍ਰੀਤਮ ਸ੍ਰੀ ਗੁਰੂ ਰਾਮਦਾਸ ਜੀ ਬਾਲ ਜੇਠਾ ਜੀ ਦੇ ਸਰੂਪ ਵਿੱਚ ਆਪਣੀ ਨਾਨੀ ਜੀ ਦੇ ਘਰ ਪਿੰਡ ਬਾਸਰਕੇ ਰਹਿਣ ਲੱਗੇ। ਉਨ੍ਹਾਂ ਦੀ ਨਾਨੀ ਜੀ ਦੇ ਘਰ ਦਾ ਗੁਜ਼ਾਰਾ ਸੌਖਾ ਨਹੀਂ ਸੀ। ਬਾਲਕ ਜੇਠਾ ਜੀ ਦੀ ਉਮਰ ਬੇਸ਼ੱਕ ਅਜੇ ਛੋਟੀ ਸੀ ਪਰ ਘਰ ਦਾ ਗੁਜ਼ਾਰਾ ਕਰਨ ਲਈ ਉਨ੍ਹਾਂ ਨਾਨੀ ਜੀ ਦੇ ਸਹਿਯੋਗ ਨਾਲ ਕੰਮ ਕਰਨ ਦੀ ਵਿਉਂਤ ਬਣਾਈ।

ਸਿੱਖ ਇਤਿਹਾਸ ਮੁਤਾਬਿਕ ਬਾਲ ਜੇਠਾ ਜੀ ਨਾਨੀ ਤੋਂ ਘਰ ਘੁੰਗਣੀਆਂ ਤਿਆਰ ਕਰਵਾ ਬਾਹਰ ਵੇਚਣ ਜਾਂਦੇ। ਕਿਉਂਕਿ ਉਨ੍ਹਾਂ ਦੀ ਵਰੇਸ ਅਜੇ ਛੋਟੀ ਸੀ ਇਸ ਲਈ ਨਾਨੀ ਜੀ ਉਨ੍ਹਾਂ ਦੀ ਦੇਖ-ਰੇਖ ਲਈ ਨਾਲ ਚਲੇ ਜਾਂਦੇ। ਇਸ ਤਰੀਕੇ ਨਾਲ, ਜੋ ਉਹ ਪੈਸੇ ਵੱਟ ਕੇ ਲਿਆਉਂਦੇ। ਉਸ ਨਾਲ ਘਰ ਦਾ ਗੁਜ਼ਾਰਾ ਚੱਲਦਾ ਸੀ।

ਬਾਲ ਸਤਿਗੁਰਾਂ ਦੀ ਨਾਨੀ ਜੀ ਸਵੇਰੇ ਉੱਠ ਉਨ੍ਹਾਂ ਨੂੰ ਘੁੰਗਣੀਆਂ ਤਿਆਰ ਕਰਕੇ ਦਿੰਦੇ। ਬਾਲ ਜੇਠਾ ਜੀ ਉਨ੍ਹਾਂ ਨਾਲ ਇਸ ਕੰਮ ਵਿੱਚ ਮਦਦ ਕਰਦੇ। ਫਿਰ ਸਾਰਾ ਦਿਨ ਉਹ ਘੁੰਗਣੀਆਂ ਵੇਚਦੇ ਤੇ ਸ਼ਾਮ ਨੂੰ ਘਰ ਆ ਜਾਂਦੇ। ਇਸ ਤਰ੍ਹਾਂ ਨਾਨੀ ਦੋਹਤੇ ਦਾ ਕਈ ਸਾਲ ਗੁਜ਼ਾਰਾ ਚੱਲਦਾ ਰਿਹਾ।

ਬਾਲਕ ਜੇਠਾ ਜੀ ਲਗਭਗ ਪੰਜ ਸਾਲ ਆਪਣੀ ਨਾਨੀ ਜੀ ਕੋਲ ਰਹਿ ਬਾਸਰਕੇ ਘੁੰਗਣੀਆਂ ਵੇਚਣ ਦਾ ਕੰਮ ਹੀ ਕਰਦੇ ਰਹੇ।

ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵਜੀ ਖਡੂਰ ਸਾਹਿਬ ਰਹਿੰਦੇ ਸਨ। ਪਿੰਡ ਬਾਸਰਕੇ ਉਨ੍ਹਾਂ ਦੀ ਰਿਸ਼ਤੇਦਾਰੀ ਸੀ। ਸੰਗਤ ਦੇ ਬੁਲਾਉਣ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਸਤਿਗੁਰੂ ਬਾਸਰਕੇ ਆਉਂਦੇ ਰਹਿੰਦੇ ਸਨ। ਬਾਸਰਕੇ ਵਿੱਚ ਉਨ੍ਹਾਂ ਦਾ ਮੇਲ ਬਾਲਕ ਜੇਠਾ ਜੀ ਨਾਲ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਲਕ ਜੇਠਾ ਜੀ ਨਾਲ ਬਹੁਤ ਪਿਆਰ ਕੀਤਾ ਅਤੇ ਉਸ ਦੀ ਮਿਹਨਤ ਅਤੇ ਲਗਨ ਦੀ ਸਿਫ਼ਤ ਕੀਤੀ। ਇਸ ਤਰ੍ਹਾਂ ਬਾਲ ਜੇਠਾ ਜੀ ਨੂੰ ਦੂਸਰੇ ਗੁਰੂ ਸਾਹਿਬ ਦੀ ਚਰਨ ਛੁਹ ਪ੍ਰਾਪਤ ਹੋਈ ਤੇ ਗੁਰੂ ਘਰ ਦੀ ਲਗਨ ਲੱਗ ਗਈ। ਹੁਣ ਜਦੋਂ ਵੀ ਦੂਸਰੇ ਪਾਤਸ਼ਾਹ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਬਾਲਕ ਜੇਠਾ ਜੀ ਨੂੰ



ਜਦ ਪਤਾ ਲੱਗਦਾ ਤਾਂ ਉਹ ਝੱਟ ਗੁਰੂ ਚਰਨਾਂ ਵਿੱਚ ਪਹੁੰਚ ਜਾਂਦੇ ਸਨ। ਇਸ ਤਰ੍ਹਾਂ ਉਨ੍ਹਾਂ ਦਾ ਗੁਰੂ ਘਰ ਵਿੱਚ ਵਿਸ਼ਵਾਸ ਦ੍ਰਿੜ੍ਹ ਹੋ ਗਿਆ ਸੀ।

ਇਸੇ ਤਰ੍ਹਾਂ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਜਦ ਸੰਨ 1546 ਵਿੱਚ ਗੋਇੰਦਵਾਲ ਸਾਹਿਬ ਵਸਾਇਆ ਤਾਂ ਉਹ ਬਾਸਰਕੇ ਤੋਂ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਸਬੰਧੀਆਂ ਅਤੇ ਜਾਣਕਾਰਾਂ ਨੂੰ ਪ੍ਰੇਰਕੇ ਗੋਇੰਦਵਾਲ ਸਾਹਿਬ ਲੈ ਆਏ ਅਤੇ ਉਨ੍ਹਾਂ ਨੂੰ ਇੱਥੇ ਹੀ ਵਸਾ ਲਿਆ। ਉਨ੍ਹਾਂ ਦਾ ਕਾਰੋਬਾਰ ਵੀ ਸ਼ੁਰੂ ਕਰਾ ਦਿੱਤਾ। ਦੇਖਦੇ ਹੀ ਦੇਖਦੇ ਗੋਇੰਦਵਾਲ ਸਾਹਿਬ ਇੱਕ ਨਗਰ ਦੇ ਰੂਪ ਵਿੱਚ ਵਸ ਗਿਆ। ਗੁਰੂ ਘਰ ਦੀਆਂ ਰੌਣਕਾਂ ਗੋਇੰਦਵਾਲ ਸਾਹਿਬ ਵਿਖੇ ਦਿਨੋਂ ਦਿਨ ਵੱਧਣ ਲੱਗੀਆਂ।

ਬਾਲਾ ਪ੍ਰੀਤਮ ਜੇਠਾ ਜੀ ਨੂੰ ਗੋਇੰਦਵਾਲ ਸਾਹਿਬ ਦਾ ਵਸਣਾ ਬਹੁਤ ਮਨ ਨੂੰ ਭਾਇਆ। ਸਤਿਗੁਰੂ ਸ੍ਰੀ ਅਮਰਦਾਸ ਜੀ ਦਾ ਵਸਣਾ ਬਹੁਤ ਹੀ ਚੰਗਾ ਲੱਗਾ। ਬਾਲ ਜੇਠਾ ਜੀ, ਆਪਣੀ ਨਾਨੀ ਜੀ ਨੂੰ ਨਾਲ ਲੈ ਗੋਇੰਦਵਾਲ ਸਾਹਿਬ ਆ ਕੇ ਵੱਸ ਗਏ।

ਬਾਲਾ ਪ੍ਰੀਤਮ ਜੇਠਾ ਜੀ ਦੇ ਸਰੂਪ ਵਿੱਚ ਇੱਥੇ ਗੋਇੰਦਵਾਲ ਸਾਹਿਬ ਵਿਖੇ ਘੁੰਗਣੀਆਂ ਵੇਚਣ ਦਾ ਕੰਮ ਜਾਰੀ ਰੱਖਿਆ। ਉਸ ਸਮੇਂ ਇਨ੍ਹਾਂ ਦੀ ਉਮਰ 14 ਸਾਲ ਦੀ ਸੀ। ਕਈ ਵਾਰ ਬਾਲ ਸਤਿਗੁਰੂ ਜੀ ਗੋਇੰਦਵਾਲ ਦੀਆਂ ਗਲੀਆਂ ਵਿੱਚ ਘੁੰਮ ਕੇ ਘੁੰਗਣੀਆਂ ਵੇਚਿਆ ਕਰਦੇ ਸਨ। ਸ਼ਾਮ ਢਲੀ ਉਹ ਨਾਨੀ ਜੀ ਕੋਲ ਘਰ ਵਾਪਸ ਆ ਜਾਂਦੇ ਸਨ। ਇਹ ਉਨ੍ਹਾਂ ਦਾ ਹਰ ਰੋਜ਼ ਦਾ ਵਿਹਾਰ ਸੀ।

ਗੋਇੰਦਵਾਲ ਵਿਖੇ ਬਾਲਾ ਪ੍ਰੀਤਮ ਜੇਠਾ ਜੀ ਜ਼ਿਆਦਾਤਰ ਸੰਗਤ ਦੇ ਬਾਹਰਵਾਰ ਸਵੇਰੇ ਆਪਣੀ ਘੁੰਗਣੀਆਂ ਦੀ ਛਾਬੜੀ ਲਗਾ ਲੈਂਦੇ। ਨਾਲੇ ਘੁੰਗਣੀਆਂ ਵੇਚਦੇ ਨਾਲੇ ਗੁਰੂ ਘਰ ਦਾ ਹਰਿਜਸ ਸਰਵਣ ਕਰਦੇ। ਇਸ ਤਰ੍ਹਾਂ ਬਾਲ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਤੀਸਰੇ ਪਾਤਸ਼ਾਹ ਦੀ ਕਈ ਸਾਲ ਸੰਗਤ ਮਾਣੀ। ਉਨ੍ਹਾਂ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਦੀ ਰੰਗਤ ਪੂਰੀ ਤਰ੍ਹਾਂ ਚੜ੍ਹ ਚੁੱਕੀ ਸੀ।

SIKHBOOKCLUB.COM

# ਸ੍ਰੀ ਗੁਰੂ ਅਮਰਦਾਸ ਜੀ ਨਾਲ ਮਿਲਾਪ ਤੇ ਸ਼ਾਦੀ

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਾਲ ਉਨ੍ਹਾਂ ਦੀ ਪਤਨੀ ਮਾਤਾ ਰਾਮ ਕੌਰ ਜੀ ਆਪਣੀ ਬੇਟੀ ਬੀਬੀ ਭਾਨੀ ਜੀ ਦੀ ਸ਼ਾਦੀ ਲਈ ਕੋਈ ਯੋਗ ਲੜਕਾ ਲੱਭਣ ਲਈ ਵਿਚਾਰ-ਵਟਾਂਦਰਾ ਕਰ ਰਹੇ ਸਨ। ਉਨ੍ਹਾਂ ਦੀ ਬੇਟੀ ਵੱਡੀ ਹੋ ਗਈ ਸੀ। ਤੀਸਰੇ ਪਾਤਸ਼ਾਹ ਜੀ ਨੇ ਆਪਣੀ ਪਤਨੀ ਨੂੰ ਪੁੱਛਿਆ ਕਿ ਤੁਹਾਡੇ ਵਿਚਾਰ ਵਿੱਚ ਬੀਬੀ ਭਾਨੀ ਲਈ ਕਿਹੋ ਜਿਹਾ ਲੜਕਾ ਹੋਣਾ ਚਾਹੀਦਾ ਹੈ।

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਬਾਲਕ ਜੇਠਾ ਦੇ ਸਰੂਪ ਵਿੱਚ ਅਜੇ ਗੋਇੰਦਵਾਲ ਵਿਖੇ ਘੁੰਗਣੀਆਂ ਵੇਚਣ ਦਾ ਹੀ ਕੰਮ ਕਰਦੇ ਸਨ। ਤੀਸਰੇ ਪਾਤਸ਼ਾਹ ਜਦੋਂ ਆਪਣੀ ਪਤਨੀ ਮਾਤਾ ਰਾਮ ਕੌਰ ਜੀ ਨਾਲ ਲੜਕੇ ਬਾਰੇ ਵਿਚਾਰ-ਵਟਾਂਦਰਾ ਕਰ ਹੀ ਰਹੇ ਸਨ ਤਾਂ ਅਕਾਲ ਪੁਰਖ ਦੀ ਮਰਜ਼ੀ ਮੁਤਾਬਿਕ ਉਸੇ ਸਮੇਂ ਬਾਲਾ ਪ੍ਰੀਤਮ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਸਾਹਮਣਿਓਂ ਦੀ ਲੰਘ ਰਹੇ ਸਨ।

ਮਾਤਾ ਰਾਮ ਕੌਰ ਜੀ ਦਾ ਅਚਾਨਕ ਧਿਆਨ ਬਾਲਕ ਜੇਠਾ ਜੀ ਵੱਲ ਗਿਆ। ਮਾਤਾ ਜੀ ਬਾਲ ਜੇਠਾ ਜੀ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ। ਉਹ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ ਜੋ ਲੜਕਾ ਸਾਡੇ ਘਰ ਦੇ ਸਾਹਮਣਿਓਂ ਦੀ ਲੰਘ ਰਿਹਾ ਹੈ। ਸਾਡੀ ਸਪੁੱਤਰੀ ਬੀਬੀ ਭਾਨੀ ਲਈ ਇਹੋ ਜਿਹਾ ਲੜਕਾ ਸੁੰਦਰ ਤੇ ਇੰਨੀ ਕੁ ਉਮਰ ਦਾ ਹੋਣਾ ਚਾਹੀਦਾ ਹੈ। ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਹੱਸ ਪਏ! ਕਹਿਣ ਲੱਗੇ, "ਇਹੋ ਜਿਹਾ ਲੜਕਾ ਤੇ ਫਿਰ ਇਹੀ ਹੈ, ਹੋਰ ਕੋਈ ਨਹੀਂ।" ਸਤਿਗੁਰਾਂ ਨੇ ਘਰ ਦੇ ਮੋਹਰਿਉਂ ਲੰਘ ਰਹੇ ਲੜਕੇ ਵੱਲ ਧਿਆਨ ਮਾਰਦਿਆਂ ਬਚਨ ਕੀਤਾ। ਸਤਿਗੁਰਾਂ ਇੱਕ ਸਿੱਖ ਭੇਜ ਕੇ ਬਾਲ ਜੇਠਾ ਜੀ ਨੂੰ ਆਪਣੇ ਕੋਲ ਬੁਲਾਇਆ।

ਸਤਿਗੁਰਾਂ ਬਾਲਕ ਜੇਠਾ ਨੂੰ ਪਛਾਣਦਿਆਂ ਮਨ ਵਿੱਚ ਸੋਚਿਆ ਕਿ ਇਹ ਤਾਂ ਉਹ ਹੀ ਬਾਲਕ ਹੈ ਜੋ ਸੰਗਤ ਦੇ ਬਾਹਰ ਬੈਠ ਕੇ ਹਰ ਰੋਜ਼ ਘੁੰਗਣੀਆਂ ਵੇਚਦਾ ਹੈ। ਬਾਲਕ ਜੇਠਾ ਜੀ ਦੇ ਹੁਣ ਭਾਗ ਖੁੱਲ੍ਹ ਚੁੱਕੇ ਸਨ।

ਬਾਲਾ ਪ੍ਰੀਤਮ ਜੇਠਾ ਜੀ ਨੇ ਆਪਣੀ ਛਾਬੜੀ ਇੱਕਪਾਸੇ ਰੱਖ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਿਆ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਬੜੇ ਪਿਆਰ ਤੇ ਆਦਰ ਨਾਲ ਜੇਠਾ ਜੀ ਨੂੰ ਆਪਣੇ ਪਾਸ ਬਿਠਾਇਆ ਤੇ ਉਨ੍ਹਾਂ ਤੋਂ ਉਸ ਦਾ ਨਾਮ ਪੁੱਛਿਆ ?

ਬਾਲਕ ਜੇਠਾ ਜੀ ਬੜੀ ਨਿਮਰਤਾ ਨਾਲ ਸਤਿਗੁਰਾਂ ਅੱਗੇ ਝੁੱਕ ਕੇ ਦੱਸਣ ਲੱਗੇ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਉਨ੍ਹਾਂ ਦਾ ਨਾਮ ਰਾਮਦਾਸ ਰੱਖਿਆ ਹੈ। ਘਰ 'ਚੋਂ ਸਭ ਤੋਂ ਵੱਡੀ ਪਲੇਠੀ ਤੇ ਜੇਠੀ ਸੰਤਾਨ ਹੋਣ ਕਾਰਨ ਸਾਰੇ ਮੈਨੂੰ ਜੇਠਾ ਕਹਿ ਕੇ ਬੁਲਾਉਣ ਲੱਗ ਪਏ ਸਨ। ਸਤਿਗੁਰਾਂ ਬਾਲਕ ਜੇਠਾ ਜੀ ਦੇ ਜਦ ਮਾਤਾ ਪਿਤਾ ਜੀ ਬਾਰੇ ਪੁੱਛਿਆ ਤਾਂ ਉਨ੍ਹਾਂ ਭਰੇ ਮਨ ਨਾਲ ਉੱਤਰ ਦਿੱਤਾ ਕਿ ਉਨ੍ਹਾਂ ਦੇ ਮਾਤਾ-ਪਿਤਾ ਛੋਟੀ ਉਮਰ ਵਿੱਚ ਹੀ ਚੜ੍ਹਾਈ ਕਰ ਗਏ ਸਨ। ਉਹ ਆਪਣੀ ਨਾਨੀ ਜੀ ਨਾਲ ਪਹਿਲਾਂ ਬਾਸਰਕੇ ਰਹਿੰਦੇ ਸਨ ਤੇ ਹੁਣ ਆਪਦੇ ਚਰਨਾਂ ਵਿੱਚ ਗੋਇੰਦਵਾਲ ਆ ਕੇ ਵੱਸ ਗਏ ਹਨ।

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਬਾਲਕ ਜੇਠਾ ਜੀ ਦੀ ਨਿਮਰ ਭਾਵਨਾ ਤੇ ਬਹੁਤ ਪ੍ਰਸੰਨ ਹੋਏ। ਸਤਿਗੁਰਾਂ ਆਪਣੇ ਬਚਨ ਦੁਬਾਰਾ ਕਹਿੰਦੇ ਹੋਏ ਮਾਤਾ ਰਾਮ ਕੌਰ ਜੀ ਨੂੰ ਆਖਿਆ, "ਇਹੋ ਜਿਹਾ ਬਾਲਕ ਤੇ ਫਿਰ ਇਹੀ ਹੈਂ ਕੋਈ ਹੋਰ ਨਹੀਂ।" ਸਤਿਗੁਰਾਂ ਇਕ ਸਿੱਖ ਭੇਜ ਕੇ ਉਨ੍ਹਾਂ ਦੀ ਨਾਨੀ ਨੂੰ ਆਪਣੇ ਘਰ ਬੁਲਾ ਲਿਆ। ਨਾਨੀ ਜੀ ਨੇ ਆ ਕੇ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਦਰਸ਼ਨ ਕਰ ਬਹੁਤ ਨਿਹਾਲ ਹੋਏ। ਸਤਿਗੁਰਾਂ ਨਾਨੀ ਜੀ ਨੂੰ ਆਖਿਆ ਕਿ ਤੁਹਾਡੇ ਦੋਹਤਾ ਰਾਮਦਾਸ ਜੀ, ਸਾਨੂੰ ਆਪਣੀ ਲੜਕੀ ਬੀਬੀ ਭਾਨੀ ਦੇ ਰਿਸ਼ਤੇ ਲਈ ਪਸੰਦ ਹੈ। ਜੇ ਤੁਸੀਂ ਤੇ ਤੁਹਾਡਾ ਦੋਹਤਾ ਇਸ ਰਿਸ਼ਤੇ ਲਈ ਰਜਾਮੰਦ ਹੋਵੋ ਤਾਂ ਅੱਜ ਹੀ ਇਨ੍ਹਾਂ ਦੀ ਕੁੜਮਾਈ ਕਰ ਦਿੰਦੇ ਹਾਂ।

ਬਾਲਾ ਪ੍ਰੀਤਮ ਜੇਠਾ ਜੀ ਤੇ ਉਨ੍ਹਾਂ ਦੀ ਨਾਨੀ ਜੀ ਸਤਿਗੁਰਾਂ ਦੇ ਬਚਨ ਸੁਣ ਬਹੁਤ ਨਿਹਾਲ ਹੋ ਗਏ। ਉਨ੍ਹਾਂ ਦੋਨਾਂ ਨੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਰਿਸ਼ਤੇ ਲਈ ਹਾਂ ਕਰ ਦਿੱਤੀ। ਜਦ ਸੰਗਤ ਨੇ ਇਹ ਗੱਲ ਸੁਣੀ ਤਾਂ ਸਾਰੀ ਸੰਗਤ ਵਿੱਚ ਖ਼ੁਸ਼ੀ ਦੀ ਲਹਿਰ ਫੈਲ ਗਈ।

ਤੀਸਰੇ ਪਾਤਸ਼ਾਹ ਜੀ ਨੇ ਬਾਲਾ ਪ੍ਰੀਤਮ ਜੇਠਾ ਜੀ ਨੂੰ ਸ਼ਗਨ ਦੇ ਕੇ ਸਗਾਈ ਦੀ ਰਸਮ ਪੂਰੀ ਕਰ ਦਿੱਤੀ। ਸਤਿਗੁਰਾਂ ਬਾਲ ਜੇਠਾ ਜੀ ਨੂੰ ਅਤੇ ਉਨ੍ਹਾਂ ਦੀ ਨਾਨੀ ਜੀ ਨੂੰ ਆਪਣੇ ਕੋਲ ਹੀ ਰੱਖ ਲਿਆ। ਉਨ੍ਹਾਂ ਨੂੰ ਰਹਿਣ ਲਈ ਵੱਖਰਾ ਸਥਾਨ ਦੇ ਦਿੱਤਾ।



ਬਾਲਾ ਪ੍ਰੀਤਮ ਜੇਠਾ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਪਹਿਲਾਂ ਹੀ ਨਾਮ ਬਾਣੀ ਦੀ ਰੰਗਤ ਚੜ੍ਹ ਚੁੱਕੀ ਸੀ। ਅੱਜ ਜਦ ਸਤਿਗੁਰੂ ਆਪਣੇ ਬਣ ਗਏ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਬਾਲ ਜੇਠਾ ਜੀ ਮਨ ਹੀ ਮਨ ਸਤਿਗੁਰਾਂ ਦਾ ਕੋਟਿਨ-ਕੋਟਿ ਧੰਨਵਾਦ ਕਰ ਰਹੇ ਸਨ। ਅਤੇ ਚਰਨਾਂ 'ਤੇ ਮੱਥਾ ਟੇਕ ਰਹੇ ਸਨ।

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਚੌਥੇ ਪਾਤਸ਼ਾਹ ਦਾ ਸ਼ਬਦ ਜੋ ਉਨ੍ਹਾਂ ਗੁਰੂ ਬਣਨ ਤੋਂ ਬਾਅਦ ਉਚਾਰਨ ਕੀਤਾ ਉਪਰੋਕਤ ਸਾਖੀ ਨਾਲ ਬਿਲਕੁਲ ਢੁਕਵੇਂ ਭਾਵ ਪ੍ਰਗਟ ਕਰਦਾ ਹੈ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,
ਸਾ ਬਿਧਿ ਤੁਮ ਹਰਿ ਜਾਣਹੁ ਆਪੇ।
ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।

ਥੋੜ੍ਹੇ ਚਿਰ ਬਾਅਦ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੀ 1553 ਈਸਵੀ ਨੂੰ ਸ਼ਾਦੀ ਕਰ ਦਿੱਤੀ।

ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਬਾਲਾ ਪ੍ਰੀਤਮ ਜੇਠਾ ਜੀ ਦੀ ਜਦ ਬਾਂਹ ਫੜੀ ਤਾਂ ਉਨ੍ਹਾਂ ਨੂੰ ਆਪਣਾ ਪਿਛਲਾ ਸਾਰਾ ਜੀਵਨ ਯਾਦ ਆ ਗਿਆ ਕਿ ਉਨ੍ਹਾਂ ਦੇ ਮਾਤਾ ਪਿਤਾ ਉਨ੍ਹਾਂ ਦੀ ਛੋਟੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਸਨ ਤੇ ਉਨ੍ਹਾਂ ਦੀ ਨਾਨੀ ਜੀ ਨੇ ਉਨ੍ਹਾਂ ਨੂੰ ਗਲ਼ ਨਾਲ ਲਾਇਆ ਸੀ ਤੇ ਅੱਜ ਸਤਿਗੁਰੂ ਅਮਰਦਾਸ ਮਹਾਰਾਜ ਜੀ ਨੇ ਉਨ੍ਹਾਂ ਨੂੰ ਆਪਣਾ ਬਣਾ ਕੇ ਉਨ੍ਹਾਂ ਦਾ ਜੀਵਨ ਧੰਨ ਕਰ ਦਿੱਤਾ ਸੀ।

SIKHBOOKCLUB.COM

# ਸ੍ਰੀ ਗੁਰੂ ਅਰਜਨ ਦੇਵ ਜੀ
# ਪੰਜਵੇਂ ਪਾਤਸ਼ਾਹ ਜੀ

## ਦੋਹਿਤਾ ਬਾਣੀ ਕਾ ਬੋਹਿਤਾ

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਜੋ ਬਾਲਾ ਪ੍ਰੀਤਮ ਅਰਜਨ ਦੇਵ ਜੀ ਦੇ ਨਾਨਾ ਜੀ ਲਗਦੇ ਸਨ, ਉਨ੍ਹਾਂ ਨੂੰ ਜਦ ਪਤਾ ਲੱਗਾ ਤਾਂ ਉਹ ਆਪ ਚੱਲ ਕੇ ਬੀਬੀ ਭਾਨੀ ਕੋਲ ਗਏ। ਬੱਚੇ ਨੂੰ ਆਪਣੇ ਕੁੱਛੜ ਚੁੱਕ ਕੇ ਅਸੀਸ ਦਿੱਤੀ। ਬਚਨ ਕੀਤਾ ਕਿ ਇਹ ਇਕ ਭਾਗੀ ਪੁਰਖ ਹੋਵੇਗਾ। ਨਾਨਾ ਗੁਰੂ ਅਮਰਦਾਸ ਜੀ ਨੇ ਬਾਲਕ ਅਰਜਨ ਦੇਵ ਜੀ ਨੂੰ ਬਹੁਤ ਪਿਆਰ ਕੀਤਾ। ਸਾਰੀ ਉਮਰ ਬਾਲ ਗੁਰੂ ਅਰਜਨ ਦੇਵ ਜੀ ਨਾਨਾ ਗੁਰੂ ਅਮਰਦਾਸ ਜੀ ਦੇ ਲਾਡਲੇ ਬਣੇ ਰਹੇ। ਬਾਬਾ ਮੋਹਣ ਜੀ ਜੋ ਬਾਲਾ ਪ੍ਰੀਤਮ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ ਤੇ ਵਿਰਕਤ ਸੁਰਤੀ ਵਾਲੇ ਸਨ, ਉਨ੍ਹਾਂ ਨੂੰ ਬਾਲਕ ਅਰਜਨ ਦੇਵ ਜੀ ਦੀ ਬਹੁਤ ਪਿਆਰੇ ਲੱਗਦੇ ਸਨ।

ਸਾਹਿਬ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਧਾਰਨ ਦਾ ਉਦੇਸ਼ ਸੀ ਮਾਇਆ ਵਿਚ ਫਸੇ ਲੋਕਾਂ ਨੂੰ ਬਾਹਰ ਕੱਢ ਕੇ ਧਰਮ ਦੇ ਪਾਸੇ ਵੱਲ ਲਾਉਣਾ। ਸਤਿਗੁਰਾਂ ਦਾ ਅਵਤਾਰ ਤਾਂ ਮਨੁੱਖਾਂ ਲਈ ਚੰਦਰਮਾ ਦੇ ਪ੍ਰਕਾਸ਼ ਦੀ ਤਰ੍ਹਾਂ ਸੀ। ਸਤਿਗੁਰਾਂ ਦੇ ਬਚਨ ਅੰਮ੍ਰਿਤਮਈ ਤੇ ਭਵਸਾਗਰ ਤੋਂ ਪਾਰ ਕਰਨ ਵਾਲੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਦੁੱਖਾਂ ਨੂੰ ਕੱਟਣ ਵਾਲੇ ਸਨ।

ਬਾਲਾ ਪ੍ਰੀਤਮ ਅਰਜਨ ਦੇਵ ਜੀ ਥੋੜ੍ਹੇ ਜਿਹੇ ਵੱਡੇ ਹੋਏ ਤਾਂ ਵਿਹੜੇ ਵਿੱਚ ਰਿੜਨ ਲੱਗ ਪਏ। ਆਪ ਜੀ ਦਾ ਨੂਰਾਨੀ ਮੁੱਖੜਾ, ਨੇਤਰਾਂ ਵਿੱਚ ਚਮਕ ਤੇ

ਛੋਟਾ ਵਾਕ ਸਭ ਨੂੰ ਰਿੜਦਿਆਂ ਬਹੁਤ ਚੰਗਾ ਲੱਗਦਾ ਸੀ। ਮਾਤਾ ਭਾਨੀ ਜੀ ਨੇ ਬਾਲ ਅਰਜਨ ਦੇਵ ਜੀ ਨੂੰ ਬਹੁਤ ਸੁੰਦਰ ਛੋਟੀ ਜਿਹੀ ਗੇਂਦ ਲੈ ਦਿੱਤੀ ਤਾਂ ਕਿ ਉਹ ਹੱਥ ਵਿੱਚ ਫੜ ਕੇ ਉਛਾਲ ਸਕਣ ਤੇ ਇਸ ਗੇਂਦ ਨਾਲ ਖੇਡ ਸਕਣ।

ਜਦ ਬਾਲਕ ਅਰਜਨ ਦੇਵ ਜੀ ਇਸ ਗੇਂਦ ਨਾਲ ਖੇਡਦੇ ਤਾਂ ਸਭ ਨੂੰ ਬਹੁਤ ਚੰਗੇ ਲੱਗਦੇ। ਆਪਣੇ ਹੱਥਾਂ ਨਾਲ ਜਦ ਗੇਂਦ ਨੂੰ ਉਛਾਲਦੇ ਤਾਂ ਗੇਦ ਰਿੜਦੀ ਰਿੜਦੀ ਕੁਝ ਦੂਰ ਚਲੀ ਜਾਂਦੀ। ਬਾਲਕ ਅਰਜਨ ਦੇਵ ਜੀ ਮੁੜ ਗੇਂਦ ਨੂੰ ਫੜਨ ਲਈ ਤੇਜ਼ ਤੇਜ਼ ਰਿੜਦੇ ਗੇਂਦ ਨੂੰ ਫੜ ਲੈਂਦੇ ਤੇ ਫਿਰ ਗੇਂਦ ਉਛਾਲਦੇ। ਇਸ ਤਰ੍ਹਾਂ ਉਹ ਗੇਂਦ ਨਾਲ ਖੇਡਦੇ ਰਹਿੰਦੇ। ਕਦੀ ਗੇਂਦ ਵਿਹੜੇ ਵਿੱਚ ਚਲੀ ਜਾਂਦੀ, ਕਦੀ ਵਰਾਂਡੇ ਵਿੱਚ ਹੁੰਦੀ ਤੇ ਕਦੀ ਗੇਂਦ ਕਮਰੇ ਵਿੱਚ ਚਲੀ ਜਾਂਦੀ। ਮਾਤਾ ਭਾਨੀ ਜੀ ਬਾਲ ਅਰਜਨ ਦੇਵ ਜੀ ਦਾ ਖੇਡਦਿਆਂ ਬਹੁਤ ਧਿਆਨ ਰੱਖਦੇ।

ਇੱਕ ਦਿਨ ਬਾਲਾ ਪ੍ਰੀਤਮ ਅਰਜਨ ਦੇਵ ਜੀ ਵਿਹੜੇ ਵਿੱਚ ਗੇਂਦ ਨਾਲ ਖੇਡ ਰਹੇ ਸਨ ਤਾਂ ਉਨ੍ਹਾਂ ਗੇਂਦ ਹੱਥ ਵਿੱਚ ਫੜ ਕੇ ਜ਼ੋਰ ਨਾਲ ਉਛਾਲ ਦਿੱਤੀ। ਗੇਂਦ ਉੱਛਲ ਕੇ ਰਿੜਦੀ ਰਿੜਦੀ ਉਸ ਕਮਰੇ ਵਿੱਚ ਜਾ ਪਈ ਜਿੱਥੇ ਆਪ ਜੀ ਦੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਅਰਾਮ ਕਰ ਰਹੇ ਸਨ।

ਬਾਲ ਅਰਜਨ ਦੇਵ ਜੀ ਗੇਂਦ ਲੈਣ ਲਈ ਉਸ ਦੇ ਪਿੱਛੇ-ਪਿੱਛੇ ਰਿੜਦੇ ਰਿੜਦੇ ਉਸ ਕਮਰੇ ਵਿੱਚ ਪੁੱਜੇ ਤਾਂ ਗੇਂਦ ਉਨ੍ਹਾਂ ਨੂੰ ਉਸ ਕਮਰੇ ਵਿੱਚ ਕਿਤੇ ਵੀ ਨਜ਼ਰ ਨਾ ਆਈ। ਬਾਲਕ ਅਰਜਨ ਦੇਵ ਜੀ ਨੇ ਸਮਝਿਆ ਕਿ ਸ਼ਾਇਦ ਗੇਂਦ ਮੰਜੇ 'ਤੇ ਹੋਵੇਗੀ।

ਮੰਜਾ ਉੱਚਾ ਸੀ ਤੇ ਆਪ ਬਹੁਤ ਛੋਟੇ ਸਨ। ਮੰਜੇ 'ਤੇ ਚੜ੍ਹ ਨਹੀਂ ਸਕਦੇ ਸਨ। ਬਾਲ ਅਰਜਨ ਦੇਵ ਜੀ ਦੇ ਮਨ ਵਿੱਚ ਇੱਕ ਤਰਕੀਬ ਸੁੱਝੀ। ਉਹ ਮੰਜੇ ਦੇ ਪਾਵੇ ਨਾਲ ਲਗ ਕੇ ਖੜ੍ਹੇ ਹੋ ਗਏ ਤੇ ਉਸ ਨੂੰ ਪੂਰੇ ਜ਼ੋਰ ਨਾਲ ਹਿਲਾਣਾ ਸ਼ੁਰੂ ਕਰ ਦਿੱਤਾ।

ਮੰਜਾ ਜ਼ੋਰ ਨਾਲ ਹਿਲਾਣ ਨਾਲ ਪੂਰਾ ਹਿੱਲ ਗਿਆ ਤੇ ਸਤਿਗੁਰ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਜਾਗ ਖੁੱਲ੍ਹ ਗਈ। ਸਤਿਗੁਰਾਂ ਸਹਿਜ ਸੁਭਾ ਬਚਨ ਕੀਤਾ :

ਇਹ ਕਿਹੜਾ ਵੱਡਾ ਪੁਰਖ ਹੈ ਭਾਰੀ।
ਜਿਸ ਮੰਜੀ ਹਿਲਾਈ ਸਾਡੀ ਸਾਰੀ।

ਇਤਨਾ ਬਚਨ ਕਰਨ ਤੋਂ ਬਾਅਦ ਸਤਿਗੁਰ ਗੁਰੂ ਅਮਰਦਾਸ ਪਾਤਸ਼ਾਹ

ਜੀ ਮੰਜੀ 'ਤੇ ਉੱਠ ਬੈਠੇ। ਅਜੇ ਏਧਰ-ਉਧਰ ਦੇਖਣ ਹੀ ਲੱਗੇ ਸਨ ਕਿ ਮਾਤਾ ਬੀਬੀ ਭਾਨੀ ਜੀ ਸਤਿਗੁਰਾਂ ਦੇ ਕਮਰੇ ਵਿੱਚ ਪਹੁੰਚ ਗਏ। ਗੁਰੂ ਅਮਰਦਾਸ ਜੀ ਦੇ ਬਚਨ ਉਨ੍ਹਾਂ ਸੁਣ ਲਏ ਸਨ। ਸਤਿਗੁਰਾਂ ਦੇ ਬਚਨ ਦਾ ਉੱਤਰ ਬੀਬੀ ਭਾਨੀ ਜੀ ਨੇ ਦਿੱਤਾ। ਕਹਿਣ ਲੱਗੇ, "ਦੋਹਿਤਾ ਜੇ ਦੋਹਿਤਾ।"

ਸਤਿਗੁਰ ਪਾਤਸ਼ਾਹ ਗੁਰੂ ਅਮਰਦਾਸ ਜੀ ਖਿੜ ਖਿੜਾ ਕੇ ਹੱਸ ਪਏ ਤੇ ਖੁਸ਼ ਹੁੰਦਿਆਂ ਦੂਜਾ ਬਚਨ ਕੀਤਾ :

ਦੋਹਿਤਾ ਬਾਣੀ ਕਾ ਬੋਹਿਤਾ।

ਇਸ ਤਰ੍ਹਾਂ ਕਹਿੰਦਿਆਂ ਸਤਿਗੁਰਾਂ ਬਾਲ ਅਰਜਨ ਦੇਵ ਜੀ ਨੂੰ ਥੱਲਿਉਂ ਉਠਾਇਆ ਤੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਸਤਿਗੁਰ ਆਪਣੇ ਪਹਿਲੇ ਬਚਨ ਨੂੰ ਫਿਰ ਦੁਹਰਾਇਆ ਇਹ ਸੰਸਾਰ ਵਿੱਚ ਭਾਰੀ ਪੁਰਖ ਹੋਵੇਗਾ ਅਤੇ ਬਾਣੀ ਦਾ ਬੋਹਿਥ ਹੋਵੇਗਾ।

ਬੀਬੀ ਭਾਨੀ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਛੋਟੀ ਸਪੁੱਤਰੀ ਸਨ। ਆਪ ਜੀ ਦਾ ਜਨਮ ਪਿੰਡ ਬਾਸਰਕੇ 2 ਫਰਵਰੀ 1534 ਨੂੰ ਹੋਇਆ ਸੀ। ਇਨ੍ਹਾਂ ਦਾ ਮੁੱਢਲਾ ਨਾਮ ਮੋਹਿਣੀ ਸੀ ਪਰ ਇਹ ਹਮੇਸ਼ਾ ਰਜ਼ਾ ਵਿੱਚ ਰਹਿ ਕੇ ਆਪਣੇ ਪਿਤਾ ਗੁਰੂ ਅਮਰਦਾਸ ਜੀ ਦਾ ਕਹਿਣਾ ਮੰਨਦੇ ਸਨ ਜਿਸ ਤੋਂ ਉਨ੍ਹਾਂ ਦਾ ਨਾਂ ਬੀਬੀ ਭਾਨੀ ਪ੍ਰਚਲਿਤ ਹੋ ਗਿਆ।

ਬੀਬੀ ਭਾਨੀ ਜੀ ਆਪਣੇ ਇਸ ਬਾਲਕ ਅਰਜਨ ਦੇਵ ਜੀ ਨੂੰ ਹਮੇਸ਼ਾ ਜੋ ਅਸੀਸ ਦਿੰਦੇ ਸਨ, ਉਸ ਵਿੱਚ ਕਹਿੰਦੇ ਸਨ ਕਿ ਹੇ ਪੁੱਤਰ ਅਰਜਨ ਦੇਵ ਤੈਨੂੰ ਕਦੀ ਵੀ ਉਹ ਅਕਾਲ ਪੁਰਖ ਅੱਖ ਝਪਕਣ ਜਿਨੇ ਸਮੇਂ ਲਈ ਵੀ ਨਾ ਭੁੱਲੇ। ਤੂੰ ਸਦਾ ਸੰਸਾਰ ਮਾਲਕ ਪ੍ਰਮਾਤਮਾ ਦਾ ਨਾਂ ਜਪਦਾ ਰਹੇ। ਤੇਰੇ ਕੋਲ ਆਤਮਿਕ ਖੁਸ਼ੀਆਂ ਦੇ ਭੰਡਾਰ ਸਦਾ ਰਹਿਣ। ਬੀਬੀ ਭਾਨੀ ਜੀ ਨੇ ਇਹ ਸਭ ਕੁਝ ਆਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਤੋਂ ਗ੍ਰਹਿਣ ਕੀਤਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਬਾਅਦ ਵਿੱਚ ਜਦ ਪੰਜਵੇਂ ਗੁਰੂ ਬਣੇ ਤਾਂ ਉਨ੍ਹਾਂ ਸ਼ਬਦ ਦੇ ਰੂਪ ਵਿੱਚ ਇਹੋ ਅਸੀਸ ਉਚਾਰਣ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਅਸੀਸ ਦੇ ਰੂਪ ਵਿੱਚ

ਗੂਜਰੀ ਮਹਲਾ ੫

ਜਿਸੁ ਸਿਮਰਤ ਸਭਿ ਕਿਲ ਵਿਖ ਨਾਸਹਿ, ਪਿਤਰੀ ਹੋਇ ਉਧਾਰੋ॥

ਸੋ ਹਰਿ ਹਰਿ ਤੁਮ ਸਦ ਹੀ ਜਾਪਹੁ, ਜਾ ਕਾ ਅੰਤ ਨ ਪਾਰੋ ॥
ਪੂਤਾ ਮਾਤਾ ਕੀ ਅਸੀਸ। ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ।੧ਰਹਾਉ ॥
ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨ ਕੀਰਤਨੁ ਨੀਤਿ ॥੨ ॥
ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ, ਹਰਿ ਸਿਮਰਤ ਅਨਦ ਅਨਤਾ ॥
ਰੰਗ ਤਮਾਸਾ ਪੂਰਨ ਆਸਾ, ਕਬਹਿ ਨਾ ਬਿਆਪੈ ਚਿੰਤਾ ॥
ਭਵਰੁ ਤੁਮਾਰਾ ਇਹੁ ਮਨੁ ਹੋਵਉ, ਹਰਿ ਚਰਣਾ ਹੋਹੁ ਕਉਲਾ ॥
ਨਾਨਕ ਦਾਸੁ ਉਨ ਸੰਗਿ ਲਪਟਾਇਓ, ਜਿਉ ਬੂੰਦਹਿ ਚਾਤ੍ਰਿਕ ਮਉਲਾ ॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸੀਸ ਦੇ ਰੂਪ ਵਿੱਚ ਉਚਾਰਿਆ ਇਹ ਸ਼ਬਦ ਸਪੱਸ਼ਟ ਕਰਦਾ ਹੈ ਕਿ ਬਾਲਾ ਪ੍ਰੀਤਮ ਅਰਜਨ ਦੇਵ ਜੀ ਦਾ ਜੀਵਨ ਕਿਵੇਂ ਗੁਰਮਤ ਅਨੁਸਾਰ ਢਾਲਿਆ ਅਤੇ ਸਵਾਰਿਆ ਜਾ ਰਿਹਾ ਸੀ। ਬਾਲ ਅਰਜਨ ਦੇਵ ਜੀ ਕੀਰਤਨ ਦੇ ਭੰਡਾਰ ਅਤੇ ਨਾਮ ਦੀ ਮੂਰਤ ਬਣ ਗਏ ਸਨ। ਅਕਾਲ ਪੁਰਖ ਦੀ ਰਜ਼ਾ ਵਿੱਚ ਸਥਿਤ ਹੋ ਗਏ ਸਨ। ਉਹ ਬਾਣੀ ਦੇ ਬੋਹਿਥ ਸਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਲ ਅਵਸਥਾ ਵਿੱਚ ਹੀ ਆਤਮਕ ਅਨੰਦ ਅਤੇ ਖੇੜੇ ਵਿੱਚ ਰਹਿ ਅਬਿਨਾਸੀ ਖੇਮ ਬਣ ਗਏ ਸਨ।

SIKHBOOKCLUB.COM

# ਬਾਲ ਕੌਤਕ ਤੇ ਵਿੱਦਿਆ ਪ੍ਰਾਪਤੀ

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਨਮ ਤੋਂ ਹੀ ਗੁਰੂ ਸੰਗਤ, ਬਾਣੀ ਅਤੇ ਗੁਰਮਤ ਵਾਤਾਵਰਣ ਵਿੱਚ ਵੱਡੇ ਹੋ ਰਹੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ, ਭਾਈ ਲਹਿਣਾ ਦੇ ਰੂਪ ਵਿੱਚ ਸਤਾਰਾਂ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਦੇਵ ਜੀ ਕੋਲ ਕਰਤਾਰਪੁਰ ਆਏ ਸਨ। ਸ੍ਰੀ ਗੁਰੂ ਅਮਰਦਾਸ ਜੀ ਤੀਸਰੇ ਪਾਤਸ਼ਾਹ ਸਤਾਹਟ ਸਾਲ ਦੀ ਉਮਰ ਵਿੱਚ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਆਏ ਸਨ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਚੌਥੇ ਪਾਤਸ਼ਾਹ ਜੀ ਗੋਇੰਦਵਾਲ ਵਿਖੇ ਗਿਆਰਾਂ ਸਾਲ ਦੀ ਉਮਰ ਵਿੱਚ ਗੁਰੂ ਅਮਰਦਾਸ ਜੀ ਕੋਲ ਆਏ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਨਮ ਤੋਂ ਹੀ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੀ ਗੋਦ ਪ੍ਰਾਪਤ ਸੀ। ਗੋਇੰਦਵਾਲ ਸਾਹਿਬ ਸਾਧ ਸੰਗਤ ਨਾਲ 24 ਘੰਟੇ ਭਰਪੂਰ ਰਹਿੰਦਾ ਸੀ। ਗੋਇੰਦਵਾਲ ਸੇਵਾ ਸਾਧਨਾ ਦਾ ਮਹਾਨ ਕੁੰਭ ਸੀ ਜਿਥੇ ਆਈਆਂ ਸੰਗਤਾਂ ਦਾ ਜਨਮ ਮਰਨ ਕੱਟਿਆ ਜਾਂਦਾ ਸੀ। 24 ਘੰਟੇ ਸਚਖੰਡ ਬਣਿਆ ਰਹਿੰਦਾ ਸੀ। ਬਾਲਾ ਪ੍ਰੀਤਮ ਅਰਜਨ ਦੇਵ ਜੀ ਗੋਇੰਦਵਾਲ ਵਿਖੇ ਐਸੇ ਵਾਤਾਵਰਣ ਵਿਚ ਆਪਣੇ ਨਾਨਾ ਸਤਿਗੁਰੂ ਅਮਰਦਾਸ ਜੀ ਤੋਂ ਅਸੀਸਾਂ ਤੇ ਵਰ ਪ੍ਰਾਪਤ ਕਰ ਰਹੇ ਸਨ।

ਛੋਟੇ ਬਾਲਕ ਅਰਜਨ ਦੇਵ ਜੀ ਜਦ ਰਿੜ੍ਹਨ ਲੱਗੇ ਤਾਂ ਉਹ ਰਿੜਦੇ-ਰਿੜਦੇ ਕਦੀ ਕਮਰੇ ਵਿੱਚ ਚਲੇ ਜਾਂਦੇ, ਕਦੀ ਵਰਾਂਡੇ ਵਿੱਚ ਚਲੇ ਜਾਂਦੇ, ਕਦੀ ਵਿਹੜੇ ਵਿੱਚ, ਕਦੀ ਬਾਹਰ ਤੇ ਕਦੀ ਲੰਗਰ ਹਾਲ ਵਿੱਚ ਚਲੇ ਜਾਂਦੇ। ਮਾਤਾ ਬੀਬੀ ਭਾਨੀ ਜੀ ਬਾਲ ਅਰਜਨ ਦੇ ਪਿੱਛੇ ਪਿੱਛੇ ਰਹਿੰਦੇ। ਜਦੋਂ ਕਿਤੇ ਰਿੜਦੇ ਬਾਹਰ ਚਲੇ ਜਾਂਦੇ ਤਾਂ ਉਹ ਉਨ੍ਹਾਂ ਨੂੰ ਚੁੱਕ ਲਿਆਉਂਦੇ ਤੇ ਬਾਲ ਅਰਜਨ ਦੇਵ ਜੀ ਫਿਰ ਥੱਲੇ ਰਿੜਨ ਦੀ ਜ਼ਿਦ ਕਰਦੇ।

ਇੱਕ ਦਿਨ ਬਾਲ ਅਰਜਨ ਦੇਵ ਜੀ ਥੱਲੇ ਰਿੜਦੇ ਰਿੜਦੇ ਲੰਗਰ ਹਾਲ ਵਿਚ ਚਲੇ ਗਏ। ਉਸ ਸਮੇਂ ਲੰਗਰ ਹਾਲ ਵਿੱਚ ਗੁਰੂ ਅਮਰਦਾਸ ਜੀ ਬੈਠ ਉਗਰਾ ਪ੍ਰਸ਼ਾਦ ਛੱਕ ਰਹੇ ਸਨ। ਬਾਲਾ ਪ੍ਰੀਤਮ ਅਰਜਨ ਦੇਵ ਜੀ ਨੇ ਆਪਣੇ ਨਾਨਾ ਜੀ ਨੂੰ ਪ੍ਰਸ਼ਾਦਾ ਛੱਕਦੇ ਦੇਖ ਖੁਸ਼ੀ ਵਿਚ ਕਿਲਕਾਰੀ ਮਾਰੀ। ਜਲਦੀ ਜਲਦੀ ਰਿੜਕੇ ਉਨ੍ਹਾਂ ਕੋਲ ਆ ਗਏ।

SIKHBOOKCLUB.COM

ਸ੍ਰੀ ਗੁਰੂ ਅਮਰਦਾਸ ਜੀ ਇਕ ਥਾਲ ਵਿੱਚ ਉਗਰਾ ਪ੍ਰਸਾਦ ਛੱਕ ਰਹੇ ਸਨ ਤੇ ਦੂਜਾ ਥਾਲ ਉਗਰੇ ਦਾ ਭਰਿਆ ਹੋਇਆ ਉਨ੍ਹਾਂ ਦੇ ਲਾਗੇ ਪਿਆ ਸੀ। ਬਾਲ ਅਰਜਨ ਦੇਵ ਜੀ ਨਾਨਾ ਗੁਰੂ ਜੀ ਦੇ ਸਾਹਮਣੇ ਬੈਠ ਗਏ ਤੇ ਦੂਜੇ ਭਰੇ ਥਾਲ ਵਿਚੋਂ ਉਗਰਾ ਦੋਨਾਂ ਹੱਥਾਂ ਨਾਲ ਖਿਲਾਰਨ ਲੱਗ ਪਏ।

ਲਾਗੇ ਖੜ੍ਹੇ ਲਾਂਗਰੀ ਸੇਵਾਦਾਰ ਨੇ ਦੇਖਦੇ ਸਾਰ ਹੀ ਬਾਲ ਅਰਜਨ ਦੇਵ ਜੀ ਨੂੰ ਚੁੱਕ ਲਿਆ ਤੇ ਬਾਹਰ ਵਰਾਂਡੇ ਵਿੱਚ ਖੇਡਣ ਅਤੇ ਰਿੜਨ ਲਈ ਛੱਡ ਦਿੱਤਾ। ਸੇਵਾਦਾਰ ਨੇ ਉਗਰਾ ਪ੍ਰਸਾਦ ਦਾ ਹੋਰ ਭਰਿਆ ਹੋਇਆ ਥਾਲ ਲਿਆ ਕੇ ਸਤਿਗੁਰਾਂ ਕੋਲ ਰੱਖ ਦਿੱਤਾ।

ਥੋੜ੍ਹੀ ਦੇਰ ਬਾਅਦ ਫਿਰ ਬਾਲਕ ਅਰਜਨ ਦੇਵ ਜੀ ਰਿੜਦੇ-ਰਿੜਦੇ ਉਸੇ ਜਗ੍ਹਾ 'ਤੇ ਪਹੁੰਚ ਗਏ ਜਿੱਥੇ ਗੁਰੂ ਅਮਰਦਾਸ ਜੀ ਉਗਰਾ ਪ੍ਰਸ਼ਾਦ ਛੱਕ ਰਹੇ ਸਨ ਤੇ ਲਾਗੇ ਦੂਜਾ ਉਗਰੇ ਨਾਲ ਭਰਿਆ ਥਾਲ ਪਿਆ ਸੀ। ਬਾਲਾ ਪ੍ਰੀਤਮ ਅਰਜਨ ਦੇਵ ਜੀ ਫਿਰ ਤੋਂ ਦੂਜੇ ਉਗਰਾ ਪ੍ਰਸ਼ਾਦ ਭਰੇ ਥਾਲ ਨੂੰ ਖਿਲਾਰਨ ਲੱਗ ਪਏ।

ਦੁਬਾਰਾ ਜਦ ਲੰਗਰ ਸੇਵਾਦਾਰ ਬਾਲ ਅਰਜਨ ਦੇਵ ਜੀ ਨੂੰ ਉਠਾਣ ਲੱਗਾ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾਦਾਰ ਨੂੰ ਉਠਾਉਣ ਤੋਂ ਮਨ੍ਹਾ ਕਰ ਦਿੱਤਾ।

ਤੀਸਰੇ ਪਾਤਸ਼ਾਹ ਨੇ ਖ਼ੁਸ਼ ਹੁੰਦਿਆਂ ਬਾਲਕ ਅਰਜਨ ਦੇਵ ਜੀ ਨੂੰ ਚੁੱਕ ਕੇ ਆਪਣੀ ਗੋਦੀ ਵਿੱਚ ਬਿਠਾ ਲਿਆ। ਸਤਿਗੁਰਾਂ ਹੱਸਦਿਆਂ ਬਚਨ ਕੀਤਾ, "ਠਹਿਰ ਓਇ ਥਾਲ ਦੇ ਮਾਲਕਾ! ਤੇਰਾ ਇਹ ਕੌਤਕ ਕਰਨਾ ਸਾਨੂੰ ਸਮਝ ਆ ਗਿਆ ਹੈ! ਤੂੰ ਇਹ ਹੀ ਕਹਿਣਾ ਚਾਹੁੰਦਾ ਹੈਂ ਨਾ ਕਿ ਥਾਲ ਵਿੱਚ ਪਈ ਵਸਤੂ ਕਿਸੇ ਇੱਕ ਦੀ ਨਹੀਂ ਸਭਦੀ ਸਾਂਝੀ ਹੈ। ਅਸੀਂ ਤਾਂ ਹੀ ਤਾਂ ਲੰਗਰ ਤੇ ਪੰਗਤ ਸਾਂਝੀ ਬਣਾਈ ਹੈ ਤੇ ਇਸੇ ਕਰਕੇ ਹੀ ਅਸੀਂ ਵੀ ਪ੍ਰਸ਼ਾਦਾ ਲੰਗਰ ਵਿੱਚ ਆ ਕੇ ਛੱਕਦੇ ਹਾਂ। ਲੰਗਰ ਹਾਲ ਵਿੱਚ ਭੋਜਨ ਛੱਕ ਰਹੀ ਸਾਰੀ ਸੰਗਤ ਅਤੇ ਸੇਵਾਦਾਰਾਂ ਨੇ ਸਤਿਗੁਰੂ ਅਮਰਦਾਸ ਜੀ ਅਤੇ ਬਾਲ ਅਰਜਨ ਦੇਵ ਜੀ ਅੱਗੇ ਸੀਸ ਝੁਕਾਇਆ।

ਬਾਲਕ ਅਰਜਨ ਦੇਵ ਜੀ ਜਦ ਗੁਰੂ ਅਰਜਨ ਦੇਵ ਜੀ ਬਣੇ ਤਾਂ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਉਸ ਨੂੰ ਇਕ ਥਾਲ ਦੇ ਰੂਪ ਵਿੱਚ 36 ਮਹਾਂਪੁਰਖਾਂ ਦੀ ਬਾਣੀ ਜਗਤ ਤਾਰਨ ਲਈ ਪਰੋਸ ਕੇ ਲੋਕਾਈ ਸਾਹਮਣੇ ਰੱਖਿਆ। ਬਚਪਨ ਦਾ ਰਚਿਆ ਕੌਤਕ ਸੱਚ ਹੋਇਆ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਥਾਲ ਸਭਸ ਦੇ ਉਧਾਰ ਵਾਸਤੇ ਸੀ।

ਬਾਲ ਸਤਿਗੁਰੂ ਅਰਜਨ ਦੇਵ ਜੀ ਥੋੜ੍ਹੇ ਵੱਡੇ ਹੋਏ ਤਾਂ ਗੁਰਮੁਖੀ ਅੱਖਰਾਂ ਦਾ ਗਿਆਨ ਉਨ੍ਹਾਂ ਨੇ ਆਪਣੇ ਨਾਨਾ ਜੀ ਗੁਰੂ ਅਮਰਦਾਸ ਜੀ ਕੋਲੋਂ ਸਿੱਖਿਆ।



ਬਾਬਾ ਮੋਹਰੀ ਜੀ ਤੋਂ ਗਣਿਤ ਵਿੱਦਿਆ ਹਾਸਲ ਕੀਤੀ।

ਆਪ ਜੀ ਦੇ ਜਮਾਤੀ ਭਾਈ ਗੁਰਦਾਸ ਜੀ ਅਤੇ ਭਾਈ ਸਾਵਨ ਮੱਲ ਸਨ। ਬਾਲਾ ਪ੍ਰੀਤਮ ਅਰਜਨ ਦੇਵ ਜੀ ਨੇ ਦੇਵਨਾਗਰੀ ਦਾ ਗਿਆਨ ਪਿੰਡ ਦੇ ਪਾਂਧੇ ਤੋਂ ਸਿੱਖ ਲਿਆ ਸੀ। ਫ਼ਾਰਸੀ ਭਾਸ਼ਾ ਨੂੰ ਪਿੰਡ ਦੇ ਮਕਤਬ ਵਿੱਚੋਂ ਸਿੱਖਿਆ ਇਸੇ ਤਰ੍ਹਾਂ ਸੰਸਕ੍ਰਿਤ ਦਾ ਗਿਆਨ ਪੰਡਿਤ ਬੇਣੀ ਪਾਸੋਂ ਪ੍ਰਾਪਤ ਕੀਤਾ।

ਬਾਲਾ ਪ੍ਰੀਤਮ ਅਰਜਨ ਦੇਵ ਜੀ ਕੀਰਤਨ ਆਪ ਵੀ ਕਰਨ ਲੱਗ ਪਏ ਸਨ। ਸਿਰੰਦਾ ਸਾਜ ਬਹੁਤ ਸੁੰਦਰ ਵਜਾ ਲੈਂਦੇ ਸਨ। ਸਤਿਗੁਰ ਪਾਤਸ਼ਾਹ ਰਾਗਾਂ ਦੇ ਬਹੁਤ ਮਾਹਿਰ ਸਨ। ਦੂਜੇ ਧਰਮਾਂ ਦਾ ਵੀ ਉਨ੍ਹਾਂ ਨੂੰ ਡੂੰਘਾ ਗਿਆਨ ਸੀ। ਸੰਸਾਰ ਦੀ ਹਰ ਵਿੱਦਿਆ 'ਤੇ ਉਹ ਕਾਬੂ ਪਾ ਚੁੱਕੇ ਸਨ। ਘੋੜ ਸਵਾਰੀ ਤੇ ਨੇਜਾਬਾਜ਼ੀ ਉਨ੍ਹਾਂ ਸਿੱਖ ਲਈ ਸੀ ਤੇ ਉਨ੍ਹਾਂ 'ਤੇ ਮੁਹਾਰਤ ਹਾਸਲ ਕਰ ਲਈ ਸੀ। ਬਾਲਾ ਪ੍ਰੀਤਮ ਅਰਜਨ ਦੇਵ ਜੀ ਸੰਸਾਰਕ ਤੇ ਧਾਰਮਿਕ ਵਿੱਦਿਆ ਵਿਚ ਪੂਰਨ ਰੂਪ ਵਿੱਚ ਪਰਪੱਕ ਹੋ ਗਏ ਸਨ।

# ਪਰਖ ਦਾ ਪਰਚਾ

ਇੱਕ ਸਿੱਖ ਦੇ ਇੱਕ ਵਾਰ ਪ੍ਰਸ਼ਨ ਪੁੱਛਣ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉੱਤਰ ਦਿੱਤਾ ਸੀ :

ਸਿੱਖ ਨਹੀਂ ਕੋਈ (ਗੁਰੂ) ਅੰਗਦ ਜੇਹਾ ਹੋਆ।
ਟਹਲੀਆ ਨਹੀਂ ਕੋਈ (ਗੁਰੂ) ਅਮਰਦਾਸ ਜੇਹਾ ਬਣ ਖੜੋਇਆ।
ਸਾਕ ਨਹੀਂ ਕੋਈ (ਗੁਰੂ) ਰਾਮਦਾਸ ਜੈਸਾ।
ਪੁੱਤਰ ਨਹੀਂ ਕੋਈ (ਗੁਰੂ) ਅਰਜਨ ਵੈਸਾ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ। ਵੱਡੇ ਪ੍ਰਿਥੀ ਚੰਦ ਜੀ, ਉਨ੍ਹਾਂ ਤੋਂ ਛੋਟੇ ਮਹਾਦੇਵ ਸੱਭ ਤੋਂ ਛੋਟੇ ਸ੍ਰੀ ਗੁਰੂ ਅਰਜਨ ਦੇਵ ਜੀ ਸਨ।

ਤਿੰਨੇ ਪੁੱਤਰ ਸਾਧ ਸੰਗਤ, ਬਾਣੀ, ਸਿਮਰਨ, ਕੀਰਤਨ ਅਤੇ ਗੁਰੂ ਵਾਤਾਵਰਣ ਵਿਚ ਪਲ ਕੇ ਵੱਡੇ ਹੋਏ ਸਨ। ਉਪਰੋਂ ਦੇਖਣ ਤੋਂ ਤਾਂ ਤਿੰਨੇ ਹੀ ਸੇਵਾ, ਸਿਮਰਨ ਤੇ ਨਾਮ ਕੀਰਤਨ ਦੀ ਘਾਲ ਕਰ ਰਹੇ ਸਨ। ਉਪਰਲੀ ਨਜਰੇ ਭੁਲੇਖਾ ਖਾ ਜਾਣਾ ਕੁਦਰਤੀ ਸੀ। ਕੁਝ ਮਸੰਦ ਇਸ ਭੁਲੇਖੇ ਨੂੰ ਹੋਰ ਵਧਾ ਰਹੇ ਸਨ। ਪਰ ਜਦ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਦੇਖ ਤਿਨ੍ਹਾਂ ਨੂੰ ਪਰਖ ਦੀ ਕਸਵੱਟੀ ਪਰਖਿਆ ਤਾਂ ਤਿੰਨਾਂ ਦੇ ਸੁਭਾਅ ਮੁਤਾਬਿਕ ਕੀਤੇ ਕਰਮ ਸਭ ਉਬੱਰ ਕੇ ਸਾਹਮਣੇ ਆ ਗਏ। ਬੇਸ਼ੱਕ ਪਰਖ ਦਾ ਪਰਚਾ ਬੜਾ ਸਰਲ ਪਾਇਆ ਗਿਆ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਹੁਕਮ ਕੇਵਲ ਬਾਲਾ ਪ੍ਰੀਤਮ ਅਰਜਨ ਦੇਵ ਜੀ ਨੇ ਮੰਨਿਆ ਤੇ ਪਰਖ ਵਿੱਚ ਪੂਰੇ ਉਤਰੇ ਸਨ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਲਾਹੌਰ ਵਿਖੇ ਨੇੜੇ ਦੇ ਰਿਸ਼ਤੇਦਾਰ ਘਰ ਸ਼ਾਦੀ ਸੀ। ਸਤਿਗੁਰਾਂ ਪਹਿਲਾਂ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਆਪਣੇ ਕੋਲ ਬੁਲਾਇਆ ਤੇ ਆਖਿਆ, "ਤੁਸੀਂ ਸ਼ਾਦੀ 'ਤੇ ਲਾਹੌਰ ਜਾਓ।" ਏਧਰ ਪਰਖ ਦਾ ਪਰਚਾ ਪੈ ਗਿਆ ਸੀ। ਪ੍ਰਿਥੀ ਚੰਦ ਚਤੁਰ ਬੁੱਧੀ ਦੇ ਮਾਲਕ ਸੀ ਉਸ ਸੋਚਿਆ। ਪਿਤਾ ਜੀ ਦੇ ਨਾਨਾ ਜੀ ਗੁਰੂ ਅਮਰਦਾਸ ਜੀ ਦੀ ਬਖ਼ਸ਼ੀ ਉਮਰ ਦੇ

ਸਾਲ ਪੁੱਗਣ ਵਾਲੇ ਸਨ। ਸ਼ਾਇਦ ਪਿਤਾ ਜੀ ਉਸ ਨੂੰ ਵੱਖ ਕਰਨ ਦੀ ਸੋਚ ਰਹੇ ਸਨ। ਇਹ ਵਿਚਾਰ ਕਰਨ ਉਪਰੰਤ ਉਸ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ਼ਾਦੀ ਤੇ ਲਾਹੌਰ ਜਾਣ ਤੋਂ ਨਾ ਕਰ ਦਿੱਤੀ।

ਸ੍ਰੀ ਗੁਰੂ ਰਾਮਦਾਸ ਜੀ ਮੁਸਕਰਾ ਕੇ ਚੁੱਪ ਕਰ ਗਏ ਸਨ। ਉਨ੍ਹਾਂ ਜਾਣ ਲਿਆ ਸੀ, ਪ੍ਰਿਥੀ ਚੰਦ ਵਿੱਚ ਨਿਮਰਤਾ ਦੀ ਥਾਂ ਹੰਕਾਰ ਨੇ ਲੈ ਲਈ ਹੈ। ਪ੍ਰਿਥੀ ਚੰਦ ਵਿੱਚ ਸੇਵਾ ਸ਼ਰਧਾ ਅਤੇ ਪ੍ਰੇਮ ਦੀ ਥਾਂ ਆਪਣੀ ਹੋਂਦ ਤੇ ਹਸਤੀ ਨੇ ਮੱਲ ਲਈ ਹੈ।

ਸਤਿਗੁਰੂ ਚੌਥੇ ਪਾਤਸ਼ਾਹ ਜੀ ਨੇ ਫਿਰ ਦੂਸਰੇ ਆਪਣੇ ਪੁੱਤਰ ਮਹਾਦੇਵ ਨੂੰ ਬੁਲਾ ਕੇ ਲਾਹੌਰ ਸ਼ਾਦੀ 'ਤੇ ਜਾਣ ਲਈ ਆਖਿਆ। ਉਨ੍ਹਾਂ ਸੁਣਦੇ ਸਾਰ ਖਿਝ ਕੇ ਆਖਿਆ : ਮੇਰੇ ਕੋਲੋਂ ਗਰਮੀ ਵਿੱਚ ਲਾਹੌਰ ਨਹੀਂ ਜਾਇਆ ਜਾਂਦਾ। ਦੂਜਾ ਮੈਨੂੰ ਸਭ ਦਿਖਾਵਾ ਹੀ ਲੱਗਦਾ ਹੈ ਇਸ ਲਈ ਸ਼ਾਦੀ 'ਤੇ ਜਾਣਾ ਫਜ਼ੂਲ ਹੈ। ਸ੍ਰੀ ਗੁਰੂ ਰਾਮਦਾਸ ਜੀ ਉਸ ਦੀ ਗੱਲ ਸੁਣਕੇ ਫਿਰ ਮੁਸਕਰਾ ਕੇ ਚੁੱਪ ਕਰ ਗਏ। ਉਨ੍ਹਾਂ ਦੇਖ ਲਿਆ ਸੀ ਕਿ ਐਸੇ ਸੁਭਾਅ ਦੇ ਮਾਲਕ ਸੰਗਤ ਦੀ ਅਗਵਾਈ ਕਿਵੇਂ ਕਰ ਸਕਦੇ ਸੀ।

SIKHBOOKCLUB.COM

ਦੋਨਾਂ ਪੁੱਤਰਾਂ ਨੂੰ ਪਰਖਣ ਤੋਂ ਬਾਅਦ ਆਖਰ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਬਾਲਾ ਪ੍ਰੀਤਮ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਜੀ ਜਿਨ੍ਹਾਂ ਦੀ ਉਮਰ ਅਜੇ ਬਾਲਪਨ ਵਿੱਚ ਸੀ, ਨੂੰ ਆਪਣੇ ਕੋਲ ਬੁਲਾਇਆ। ਉਨ੍ਹਾਂ ਨੂੰ ਸ਼ਾਦੀ 'ਤੇ ਲਾਹੌਰ ਜਾਣ ਦਾ ਹੁਕਮ ਦਿੱਤਾ। ਬਾਲਾ ਪ੍ਰੀਤਮ ਅਰਜਨ ਨੇ ਲਾਹੌਰ ਜਾਣ ਦੇ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ।

ਬਾਲਕ ਅਰਜਨ ਦੇਵ ਜੀ ਜਿਨ੍ਹਾਂ ਨੇ ਆਪਣੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਗੋਦ ਵਿੱਚ ਬੈਠ, ਇਹ ਜਾਣ ਲਿਆ ਸੀ ਕਿ ਸਾਰਾ ਜ਼ੋਰ ਸ਼ਬਦ ਵਿਚਾਰ 'ਤੇ ਹੀ ਦਿੱਤਾ ਜਾ ਰਿਹਾ ਹੈ। ਅਰਾਧਨਾ ਕੇਵਲ ਇਕ ਅਕਾਲ ਪੁਰਖ ਦੀ ਹੋ ਰਹੀ ਹੈ। ਇਹ ਵੀ ਜਾਣ ਲਿਆ ਸੀ ਕਿ ਗ੍ਰਹਿਸਥ ਵਿੱਚ ਰਹਿ ਕੇ ਮਾਇਆ ਦੀ ਪਕੜ ਤੋਂ ਉੱਪਰ ਰਹਿਣਾ ਹੈ। ਬਾਲ ਅਰਜਨ, ਗੁਰੂ ਦਰਬਾਰ ਵਿੱਚ ਰਾਜਿਆਂ, ਮਹਾਰਾਜਿਆਂ ਨੂੰ ਝੁਕਦੇ ਦੇਖ ਰਹੇ ਸਨ। ਜਦ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਦਰਬਾਰ ਵਿੱਚ ਅਕਬਰ ਹਾਜ਼ਰੀ ਭਰਨ ਆਇਆ ਸੀ ਤਾਂ ਬਾਲ ਅਰਜਨ ਦੀ ਉਮਰ ਕੇਵਲ 11 ਸਾਲ ਦੀ ਸੀ। ਅਕਬਰ ਨੇ ਜਦ ਗੁਰੂ ਜੀ ਨੂੰ ਨਿਮਰਤਾ ਨਾਲ ਬੇਨਤੀ ਕੀਤੀ ਸੀ, ਸੇਵਾ ਕਰਨ ਲਈ ਕੁਝ ਕਹੋ ਤਾਂ ਸਤਿਗੁਰਾਂ ਆਖਿਆ :

ਸਾਡੀ ਕੋਈ ਚਾਹ ਨਹੀਂ ਹੈ। ਬਾਲ ਅਰਜਨ ਦੇਵ ਜੀ ਐਸੇ ਵਾਤਾਵਰਣ ਵਿੱਚ ਰਹਿ, ਗੁਰ ਗੋਦੀ ਵਿੱਚ ਵੱਡੇ ਹੋ, ਸਹਿਜ ਬਿਰਤੀ ਵਿੱਚ ਵਿਚਰ, ਦੂਰ ਅੰਦੇਸ਼ੀ ਅਤੇ ਈਸ਼ਵਰੀ ਗੁਣਾ ਨਾਲ ਭਰਪੂਰ ਹੋ ਗਏ ਸਨ।

ਬਾਲਾ ਪ੍ਰੀਤਮ ਅਰਜਨ ਦੇਵ ਜੀ ਨੇ ਆਪਣੇ ਪਿਤਾ ਸਤਿਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਆਪਣਾ ਸੀਸ ਝੁਕਾਇਆ ਅਤੇ ਆਖਿਆ, "ਪਿਤਾ ਜੀ, ਇਹ ਤਾਂ ਤੁਸੀਂ ਮੈਨੂੰ ਖੁਸ਼ੀ ਵਾਲੇ ਕਾਰਜ ਲਈ ਲਾਹੌਰ ਭੇਜ ਰੇਹ ਹੋ, ਜਿੱਥੇ ਮੈਨੂੰ ਬਹੁਤ ਖੁਸ਼ੀ ਮਿਲੇਗੀ। ਪਰ ਪਿਤਾ ਜੀ ਜੇ ਤੁਸੀਂ ਮੈਨੂੰ ਕਿਸੇ ਖਤਰੇ ਵਾਲੇ ਕੰਮ 'ਤੇ ਵੀ ਭੇਜੋ, ਜਿੱਥੇ ਮੇਰੀ ਜਾਨ ਜਾ ਸਕਦੀ ਹੈ, ਮੈਂ ਉੱਥੇ ਜਾਣ ਲਈ ਵੀ ਦੇਰੀ ਨਹੀਂ ਲਾਵਾਂਗਾ। ਮੈਂ ਆਪਣੇ ਪ੍ਰਾਣ ਦੇ ਕੇ ਵੀ ਆਪ ਦੀ ਆਗਿਆ ਦਾ ਪਾਲਣ ਕਰਾਂਗਾ। ਸ੍ਰੀ ਗੁਰੂ ਰਾਮਦਾਸ ਜੀ ਦੇ ਨੇਤਰਾਂ ਵਿੱਚ ਖੁਸ਼ੀ ਦੇ ਅੱਥਰੂ ਆ ਗਏ। ਉਨ੍ਹਾਂ ਆਪਣੇ ਪੁੱਤਰ ਅਰਜਨ ਦੇਵ ਜੀ ਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ।

ਸਤਿਗੁਰਾਂ ਭਰੀ ਸੰਗਤ ਵਿੱਚ ਆਖਿਆ : ਪੁੱਤਰਾਂ ਵਿੱਚੋਂ ਇਸੇ ਪੁੱਤਰ ਅਰਜਨ ਦੇਵ ਨੇ ਹੀ ਗੱਲ ਮੰਨੀ ਤੇ ਰੱਬੀ ਹੁਕਮ ਸਮਝਿਆ। ਇਹ ਹੀ ਗੁਰਿਆਈ ਦੀ ਜ਼ਿੰਮੇਵਾਰੀ ਚੁੱਕਣਯੋਗ ਹਨ। ਇਨ੍ਹਾਂ ਵਿੱਚ ਹੰਕਾਰ ਲੇਸ਼ ਮਾਤਰ ਵੀ ਨਹੀਂ। ਗੁਰਿਆਈ ਨੂੰ ਕੇਵਲ ਇਹ ਹੀ ਸੰਭਾਲ ਸਕਣਗੇ। ਗੁਰੂ ਰਾਮਦਾਸ ਜੀ ਨੇ ਲਾਗੇ ਬੈਠੇ ਬਾਬਾ ਬੁੱਢਾ ਜੀ ਤੋਂ ਜਦ ਇਸ ਬਾਰੇ ਸਲਾਹ ਪੁੱਛੀ ਤਾਂ ਉਨ੍ਹਾਂ ਆਖਿਆ ਜੋ ਤੁਸੀਂ ਬਚਨ ਕੀਤਾ ਉਹ ਸੱਤ ਹੈ। ਬਾਲਾ ਪ੍ਰੀਤਮ ਅਰਜਨ ਦੇਵ ਜੀ ਬਹੁਤ ਸਿਫਤ ਕਰਨਯੋਗ ਹਨ। ਇਨ੍ਹਾਂ ਵਰਗਾ ਸੇਵਾ ਕਰਨ ਵਾਲਾ, ਪਿਤਾ ਸਤਿਗੁਰ ਦਾ ਕਹਿਣਾ ਮੰਨਣ ਵਾਲਾ ਹੋਰ ਕੋਈ ਨਹੀਂ ਡਿੱਠਾ। ਬਾਲ ਅਰਜਨ ਦੇਵ ਜੀ ਨੇ ਪਿਤਾ ਗੁਰੂ ਦੇ ਹੁਕਮ ਵਿੱਚ ਰਹਿਣਾ ਤੇ ਉਸ ਨੂੰ ਮੰਨਣਾ ਆਪਣੇ ਜੀਵਨ ਦਾ ਲਕਸ਼ ਮੰਨ ਲਿਆ ਹੈ। ਇਸ ਲਈ ਇਨ੍ਹਾਂ ਵਰਗਾ ਕੋਈ ਹੋਰ ਪੁੱਤਰ ਨਹੀਂ ਹੋ ਸਕਦਾ। ਉਸ ਸਮੇਂ ਸਤਿਗੁਰਾਂ ਸਨਮੁੱਖ ਬੈਠੀ ਸਭ ਸੰਗਤ ਨੇ ਹਾਂ ਵਿੱਚ ਸੀਸ ਝੁਕਾਇਆ ਤੇ ਬਹੁਤ ਖੁਸ਼ੀ ਕੀਤੀ।

ਲਾਹੌਰ ਜਾਣ ਵੇਲੇ ਬਾਲ ਅਰਜਨ ਦੇਵ ਜੀ ਨੂੰ ਇਹ ਵੀ ਆਗਿਆ ਕੀਤੀ ਕਿ ਜਦ ਤੱਕ ਅਸੀਂ ਨਾ ਕਹਾਂਗੇ ਤੁਸੀਂ ਲਾਹੌਰ ਤੋਂ ਵਾਪਿਸ ਨਾ ਆਉਣਾ। ਸਤਿਗੁਰਾਂ ਕੇਵਲ ਇਹ ਦੇਖਣ ਲਈ ਕਿ ਬਾਲਾ ਪ੍ਰੀਤਮ ਅਰਜਨ ਦੇਵ ਜੀ ਦੀ ਪੂਰੀ ਤਰ੍ਹਾਂ ਆਗਿਆ ਤਾ ਪਾਲਣ ਕਰਦੇ ਹਨ ? ਬਾਲਾ ਪ੍ਰੀਤਮ ਅਰਜਨ ਦੇਵ ਜੀ ਨੇ ਪਿਤਾ ਗੁਰੂ ਜੀ ਦੇ ਹੁਕਮ ਤੇ ਪੂਰੀ ਤਰ੍ਹਾਂ ਫੁੱਲ ਚੜ੍ਹਾਏ। ਲੰਮੇ ਵਿਛੋੜੇ ਤੇ

ਵੈਰਾਗ ਵਿੱਚ ਤਿੰਨ ਪੱਤਰ ਲਾਹੌਰ ਤੋਂ ਸ਼ਬਦ ਦੇ ਰੂਪ ਵਿੱਚ ਪਿਤਾ ਗੁਰੂ ਜੀ ਨੂੰ ਲਿਖੇ। ਪਹਿਲੇ ਦੋ ਪ੍ਰਿਥੀ ਚੰਦ ਨੇ ਲਕੋ ਲਏ। ਤੀਸਰੇ ਪੱਤਰ ਨੂੰ ਪੜ੍ਹ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਅਗਵਾਈ ਹੇਠ ਪੰਜ ਸਿੱਖਾਂ ਨੂੰ ਨਾਲ ਲੈ ਜਾ ਕੇ ਬਾਲ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਆਦਰ ਸਹਿਤ ਲਿਆਉਣ ਦੀ ਆਗਿਆ ਕੀਤੀ। ਬਾਲਾ ਪ੍ਰੀਤਮ ਅਰਜਨ ਦੇਵ ਜੀ ਗੁਰੂ ਪਿਤਾ ਰਾਮਦਾਸ ਜੀ ਕੋਲ ਆ ਦਰਸ਼ਨ ਕਰ ਨਿਹਾਲ ਹੋ ਗਏ। ਖੁਸ਼ੀ ਵਿੱਚ ਸ਼ਬਦ ਦਾ ਚੌਥਾ ਪੱਦ ਉਚਾਰਨ ਕੀਤਾ।

ਸੰਗਤ ਦੇ ਭਰੇ ਦਰਬਾਰ ਵਿੱਚ ਸਿੱਖੀ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਪੰਜ ਪੈਸੇ ਤੇ ਲਲੇਰ ਭੇਟਾ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੱਥਾ ਟੇਕਿਆ ਤੇ ਪ੍ਰਕਰਮਾ ਕੀਤੀ। ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਗਾ ਕੇ ਗੁਰਗੱਦੀ ਸੌਂਪਣ ਦੀ ਰਸਮ ਪੂਰੀ ਕਰ ਦਿੱਤੀ। ਬਾਲਾ ਪ੍ਰੀਤਮ ਅਰਜਨ ਦੇਵ ਜੀ ਹੁਣ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਬਣ ਚੁੱਕੇ ਸਨ।

SIKHBOOKCLUB.COM

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
# ਛੇਵੇਂ ਪਾਤਸ਼ਾਹ ਜੀ

## ਗੁੜ ਦੀ ਰੋੜੀ ਦੀ ਸਾਖੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ 19 ਜੂਨ 1545 ਨੂੰ ਵੀਰਵਾਰ ਵਾਲੇ ਦਿਨ ਪਿੰਡ ਵਡਾਲੀ ਵਿਖੇ ਹੋਇਆ। ਬਾਲ ਹਰਿਗੋਬਿੰਦ ਜੀ ਦੇ ਪਿਤਾ ਸਤਿਗੁਰ ਅਰਜਨ ਦੇਵ ਜੀ ਪੰਜਵੇਂ ਪਾਤਸ਼ਾਹ ਅਤੇ ਮਾਤਾ ਗੰਗਾ ਜੀ ਸਨ। ਪਿੰਡ ਵਡਾਲੀ ਅੰਮ੍ਰਿਤਸਰ ਤੋਂ ਕੋਈ ਲਗਭਗ ਲਹਿੰਦੀ ਵੱਲ ਛੇ ਕੁ ਮੀਲ ਦੀ ਦੂਰੀ 'ਤੇ ਹੈ।

ਜਦੋਂ ਬਾਲਾ ਪ੍ਰੀਤਮ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਦੀ ਤਿਆਰੀ ਮੁਕੰਮਲ ਕਰ ਚੁੱਕੇ ਸਨ। ਪੰਚਮ ਪਾਤਸ਼ਾਹ ਇਸ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ ਲਈ ਅੰਮ੍ਰਿਤਸਰ ਤੋਂ ਦੱਖਣਵਾਲੇ ਪਾਸੇ ਸੰਗਤਾਂ ਨੂੰ ਤਾਰਨ ਚਲੇ ਗਏ ਸਨ। ਫਿਰ ਉਸ ਤੋਂ ਬਾਅਦ ਸਤਿਗੁਰੂ ਦੁਆਬੇ ਦੀਆਂ ਸੰਗਤਾਂ ਵਿੱਚ ਨਾਮ ਸਿਮਰਨ ਜਪਾਉਣ ਚਲੇ ਗਏ। ਦੁਆਬੇ ਰਹਿੰਦਿਆਂ ਉਨ੍ਹਾਂ ਕਰਤਾਰਪੁਰ ਸ਼ਹਿਰ ਵਸਾਇਆ। ਸਿੱਖੀ ਪ੍ਰਚਾਰ ਕਰਦੇ ਕਰਦੇ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਤੋਂ ਲਹਿੰਦੇ ਵੱਲ ਚਲੇ ਗਏ। ਇਸ ਸਿੱਖੀ ਪ੍ਰਚਾਰ ਵਿੱਚ ਉਨ੍ਹਾਂ ਨੂੰ ਗਿਆਰਾਂ ਸਾਲ ਬੀਤ ਗਏ। ਇਨ੍ਹਾਂ ਗਿਆਰਾਂ ਸਾਲਾਂ ਵਿੱਚ ਉਨ੍ਹਾਂ ਆਪਣੇ ਪਰਿਵਾਰ ਦਾ ਰਹਿਣ ਸਥਾਨ ਪਿੰਡ ਵਡਾਲੀ ਹੀ ਰੱਖਿਆ। ਇੱਥੇ ਹੀ ਬਾਲਾ ਪ੍ਰੀਤਮ ਹਰਿਗੋਬਿੰਦ ਜੀ ਦਾ ਜਨਮ ਹੋਇਆ ਸੀ।

ਬਾਲ ਹਰਿਗੋਬਿੰਦ ਜੀ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਜਦੋਂ ਅਜੇ ਪੰਚਮ ਪਾਤਸ਼ਾਹ ਦੇ ਕੋਈ ਸੰਤਾਨ ਨਹੀਂ ਸੀ ਤਾਂ ਮਾਤਾ ਬੀਬੀ ਭਾਨੀ ਜੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਮਾਤਾ ਜੀ ਦੀ ਪ੍ਰੇਰਨਾ ਸਦਕਾ ਮਾਤਾ

SIKHBOOKCLUB.COM

ਗੰਗਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਤਨੀ ਜੀ ਨੇ ਬਾਬਾ ਬੁੱਢਾ ਜੀ ਦਾ ਅਸ਼ੀਰਵਾਦ ਲੈਣ ਦਾ ਮਨ ਬਣਾਇਆ। ਬਾਬਾ ਬੁੱਢਾ ਜੀ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਸਿੱਖੀ ਧਾਰਨ ਕੀਤੀ ਸੀ, ਬਿਰਧ ਅਵਸਥਾ ਵਿੱਚ ਸਨ। ਪਿੰਡ ਝਬਾਲ ਵਿਖੇ ਨਾਮ ਸਿਮਰਨ ਜਪ ਦੇ ਨਾਲ-ਨਾਲ ਖੇਤੀਬਾੜੀ ਕਰਦੇ ਸਨ।

ਇੱਕ ਦਿਨ ਮਾਤਾ ਗੰਗਾ ਜੀ ਬਹੁਤ ਸਵੱਖਤੇ ਸਵੇਰੇ ਉੱਠ ਸਭ ਤੋਂ ਪਹਿਲਾਂ ਇਸ਼ਨਾਨ ਕੀਤਾ। ਆਪਣੇ ਹੱਥੀਂ ਦਾਣਿਆਂ ਦਾ ਪੀਹਣ ਕੀਤਾ। ਹੱਥ ਚੱਕੀ ਨਾਲ ਆਪ ਹੱਥੀਂ ਦਾਣਿਆਂ ਦਾ ਆਟਾ ਪੀਸਿਆ ਤੇ ਫਿਰ ਆਪ ਉਸ ਆਟੇ ਨੂੰ ਗੁੰਨਿਆ। ਰੋਟੀ ਪਕਾਈ, ਆਪਣੇ ਹੱਥ ਨਾਲ ਦੁੱਧ ਰਿੜਕਿਆ ਤੇ ਮੱਖਣ ਦਾ ਕਟੋਰਾ ਭਰ ਲਿਆ। ਲੱਸੀ ਦੀ ਚਾਟੀ ਭਰ ਉੱਪਰ ਢੱਕਣ ਨਾਲ ਢੱਕਿਆ। ਮੱਖਣ ਨਾਲ ਬਣਾਏ ਮਿੱਸੇ ਪ੍ਰਸ਼ਾਦੇ ਰੁਮਾਲ ਵਿੱਚ ਬੰਨ੍ਹ, ਨਾਲ ਗੰਢਾ ਤੇ ਅਚਾਰ ਲੈ, ਲੱਸੀ ਦੀ ਚਾਟੀ ਸਿਰ 'ਤੇ ਚੁੱਕ ਮਾਤਾ ਗੰਗਾ ਜੀ, ਤਾਰਿਆਂ ਦੀ ਛਾਵੇਂ ਨੰਗੀ ਪੈਰੀ ਪੈਦਲ ਬਾਬਾ ਬੁੱਢਾ ਜੀ ਨੂੰ ਸਵੇਰ ਦਾ ਸ਼ਾਹ ਵੇਲਾ ਛਕਾਉਣ ਤੁਰ ਪਏ। ਅੰਮ੍ਰਿਤਸਰ ਤੋਂ ਝਬਾਲ ਕਾਫੀ ਮੀਲ ਦੂਰ ਸੀ। ਸਵੇਰੇ ਸਵੱਖਤੇ ਤੁਰੇ ਮਾਤਾ ਗੰਗਾ ਜੀ ਕਾਫੀ ਸੂਰਜ ਚੜ੍ਹੇ ਬਾਬਾ ਬੁੱਢਾ ਜੀ ਕੋਲ ਪਹੁੰਚੇ।

ਬਾਬਾ ਬੁੱਢਾ ਜੀ ਉਸ ਸਮੇਂ ਖੇਤਾਂ ਵਿੱਚ ਕੰਮ ਕਰ ਰਹੇ ਸਨ। ਉਨ੍ਹਾਂ ਨੂੰ ਬਹੁਤ ਭੁੱਖ ਤੇ ਪਿਆਸ ਲੱਗੀ ਸੀ। ਮਾਤਾ ਗੰਗਾ ਜੀ ਨੂੰ ਸ਼ਾਹ ਵੇਲਾ ਲਿਆਉਂਦੇ ਦੇਖ ਬਹੁਤ ਖੁਸ਼ ਹੋਏ।

ਮਾਤਾ ਗੰਗਾ ਜੀ ਨੇ ਬਾਬਾ ਜੀ ਕੋਲ ਪ੍ਰਸ਼ਾਦਾ ਤੇ ਲੱਸੀ ਦੀ ਚਾਟੀ ਥੱਲੇ ਬੰਨੇ ਤੇ ਰੱਖ, ਬਾਬਾ ਬੁੱਢਾ ਜੀ ਨੂੰ ਜਾ ਮੱਥਾ ਟੇਕਿਆ। ਬਾਬਾ ਜੀ ਨੂੰ ਬੇਨਤੀ ਕੀਤੀ, ਬਾਬਾ ਜੀ ਪ੍ਰਸ਼ਾਦਾ ਛਕੋ!" ਮਾਤਾ ਜੀ ਨੇ ਬਾਬਾ ਬੁੱਢਾ ਜੀ ਨੂੰ ਮਿੱਸੇ ਪ੍ਰਸ਼ਾਦੇ ਉੱਤੇ ਆਚਾਰ ਨਾਲ ਗੰਢਾ ਰੱਖ ਕੇ ਦਿੱਤਾ। ਮੱਖਣ ਦਾ ਭਰਿਆ ਕਟੋਰਾ ਵੀ ਦਿੱਤਾ। ਲੱਸੀ ਦੀ ਭਰੀ ਚਾਟੀ ਅੱਗੇ ਧਰ ਦਿੱਤੀ।

ਬਾਬਾ ਬੁੱਢਾ ਜੀ ਬਹੁਤ ਖੁਸ਼ ਹੋਏ। ਗੰਢਾ ਹੱਥ 'ਚ ਫੜ, ਗੋਡੇ 'ਤੇ ਰੱਖ, ਜ਼ੋਰ ਨਾਲ ਮੁੱਕਾ ਮਾਰਿਆ ਤੇ ਗੰਢਾ ਭੰਨ ਸੁੱਟਿਆ। ਪ੍ਰਸ਼ਾਦਾ ਛੱਕਦੇ ਹੋਏ ਖੁਸ਼ੀ ਤੇ ਆਨੰਦ ਵਿੱਚ ਆਖਣ ਲੱਗੇ, "ਮਾਤਾ ਤੇਰੀ ਗੋਦੀ ਵਿੱਚ ਪੁੱਤਰ ਖੇਡੇਗਾ। ਜਿਹੜਾ ਮੁਗਲਾਂ ਦੇ ਸਿਰ ਭੰਨੇਗਾ। ਇਸ ਤਰ੍ਹਾਂ ਜਿਸ ਤਰ੍ਹਾਂ ਮੈਂ ਗੰਢਾ ਭੰਨਿਆ ਹੈ।" ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਅਸੀਸ ਦਿੱਤੀ ਤੇ ਫਿਰ ਬਚਨ ਕੀਤਾ, "ਮਾਤਾ ਤੇਰਾ ਪੁੱਤਰ ਮੱਖਣ ਵਰਗਾ ਸੋਹਣਾ ਤੇ ਲੱਸੀ ਵਰਗਾ ਠੰਢੇ



ਸੁਭਾਅ ਦਾ ਹੋਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਆਪ ਸੰਸਾਰ 'ਤੇ ਭੰਡਾਰਿਆਂ ਦੇ ਮਾਲਕ ਹਨ। ਉਨ੍ਹਾਂ ਆਪ ਆਪਣੇ ਸੇਵਕ ਸਿੱਖ ਦੀ ਵਡਿਆਈ ਕਰਨ ਲਈ ਇਹ ਗੁਪਤ ਭੇਦ ਖੋਲ੍ਹਣ ਦਾ ਮਾਣ ਮੈਨੂੰ ਬਖ਼ਸ਼ਿਆ ਹੈ।

ਬਾਬਾ ਬੁੱਢਾ ਜੀ ਨੇ ਅੱਗੇ ਆਖਿਆ, "ਜਿਸ ਤਰ੍ਹਾਂ ਮਾਤਾ ਜੀ ਤੁਸਾਂ ਮੈਨੂੰ ਮਨ ਭਾਉਂਦਾ ਪ੍ਰਸ਼ਾਦਾ ਛਕਾਇਆ ਹੈ, ਉਸ ਤਰ੍ਹਾਂ ਤੁਹਾਨੂੰ ਮਨਭਾਉਂਦਾ ਪੁੱਤਰ

ਮਿਲੇਗਾ। ਮੀਰੀ ਤੇ ਪੀਰੀ ਦਾ ਮਾਲਕ! ਬਲਵਾਨ! ਸ਼ਾਹੀ ਘੋੜਿਆਂ ਦੀ ਸਵਾਰੀ ਕਰੇਗਾ। ਆਪ ਮਾਲਕ ਹੋਵੇਗਾ ਹਾਥੀ ਤੇ ਘੋੜਿਆਂ ਦਾ। ਬਲੀ ਤੇ ਯੋਧਾ ਹੋਵੇਗਾ। ਦੁਸ਼ਮਣਾਂ ਨੂੰ ਭਾਂਜ ਦੇਵੇਗਾ। ਉਹ ਦੋ ਤਲਵਾਰਾਂ ਪਹਿਨੇਗਾ। ਇਕ ਮੀਰੀ ਦੀ ਤੇ ਇੱਕ ਪੀਰੀ ਦੀ। ਦੁਸ਼ਮਣ ਉਸ ਦੇ ਪ੍ਰਛਾਵੇਂ ਤੋਂ ਵੀ ਡਰਨਗੇ। ਬਾਬਾ ਜੀ ਇੱਕ ਇੱਕ ਉਗਰਾਹੀ ਛਕੀ ਜਾਂਦੇ ਸਨ, ਨਾਲ-ਨਾਲ ਇੱਕ-ਇੱਕ ਵਰ ਦਈ ਜਾਂਦੇ ਸਨ।

ਬਾਬਾ ਬੁੱਢਾ ਜੀ ਨੇ ਫਿਰ ਮਾਤਾ ਗੰਗਾ ਜੀ ਨੂੰ ਅਸੀਸ ਦਿੰਦੇ ਹੋਏ ਆਖਿਆ, "ਮਾਤਾ ਤੇਰਾ ਪੁੱਤਰ ਕੇਵਲ ਜੋਧਾ ਹੀ ਨਹੀਂ ਹੋਵੇਗਾ! ਸਗੋਂ ਭਾਰੀ ਗੁਰੂ ਵੀ ਹੋਵੇਗਾ। ਤੇਰਾ ਪੁੱਤਰ ਰਾਜ ਮਹਿ ਰਾਜ, ਜੋਗ ਮਹਿ ਜੋਗੀ ਹੋਵੇਗਾ। ਉਸ ਦਾ ਸਿਹਾਸਨ ਰਾਜ ਸਿਹਾਸਨ ਹੋਵੇਗਾ। ਸ਼ੇਰਾਂਦਾ ਸ਼ਿਕਾਰੀ, ਜਾਬਰ ਤੇ ਖੂੰਖਾਰ ਉਸ ਦਾ ਪ੍ਰਛਾਵਾਂ ਵੀ ਨਹੀਂ ਟੱਪਣਗੇ। ਤੇਰੇ ਪੁੱਤਰ ਦਾ ਸਥਾਨ ਬਹਾਦਰ, ਵੀਰਾਂ ਤੇ ਯੋਧਿਆਂ ਦਾ ਇਕ ਗੜ੍ਹ ਬਣ ਜਾਵੇਗਾ। ਉਸ ਦਾ ਨਾਂ 'ਹਰਿਗੋਬਿੰਦ' ਰੱਖਣਾ।" ਬਾਬਾ ਬੁੱਢਾ ਜੀ ਵਰ ਦੇਈ ਜਾ ਰਹੇ ਸਨ ਤੇ ਮਾਤਾ ਗੰਗਾ ਜੀ ਸੁਣ ਸੁਣ ਫੁੱਲੇ ਨਹੀਂ ਸਨ ਸਮਾ ਰਹੇ। ਉਨ੍ਹਾਂ ਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਸਾਰੇ ਜਹਾਨ ਦੀਆਂ ਖ਼ੁਸ਼ੀਆਂ ਅੱਜ ਉਨ੍ਹਾਂ ਨੂੰ ਮਿਲ ਗਈਆਂ ਸਨ।

SIKHBOOKCLUB.COM

ਪ੍ਰਸ਼ਾਦਾ ਛਕਾ ਕੇ ਵਾਪਸ ਜਾਣ ਲੱਗਿਆਂ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਨੂੰ ਮੱਥਾ ਟੇਕਿਆ। ਬਾਬਾ ਬੁੱਢਾ ਜੀ ਨੇ ਆਖਿਆ ਮਾਤਾ ਥੋੜ੍ਹਾ ਠਹਿਰੋ! ਬਾਬਾ ਜੀ ਨੇ ਮਾਤਾ ਗੰਗਾ ਜੀ ਦੀ ਝੋਲੀ ਵਿੱਚ ਗੁੜ ਦੀ ਰੋੜੀ ਪਾ ਦਿੱਤੀ। ਮਾਤਾ ਗੰਗਾ ਜੀ ਨੰਗੇ ਪੈਰੀਂ ਚੱਲਦੇ ਖੁਸ਼ੀ-ਖੁਸ਼ੀ ਤਰਕਾਲੀ ਗੁਰੂ ਕੇ ਮਹਿਲ ਪਹੁੰਚ ਗਏ।

ਗੁਰੂ ਕੇ ਮਹਿਲ ਪਹੁੰਚ ਕੇ ਮਾਤਾ ਗੰਗਾ ਜੀ ਨੇ ਬੀਬੀ ਭਾਨੀ ਜੀ ਨੂੰ ਜਾ ਮੱਥਾ ਟੇਕਿਆ। ਮਾਤਾ ਗੰਗਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਦੀ ਪਤਨੀ ਮਾਤਾ ਕਰਮੋ ਜੀ ਨੂੰ ਵੀ ਮੱਥਾ ਟੇਕਿਆ। ਬਾਬਾ ਪ੍ਰਿਥੀ ਚੰਦ ਵੀ ਉਸ ਸਮੇਂ ਘਰ ਹੀ ਸਨ। ਮਾਤਾ ਗੰਗਾ ਜੀ ਨੇ ਉਨ੍ਹਾਂ ਨੂੰ ਵੀ ਮੱਥਾ ਟੇਕਿਆ ਤੇ ਸਭ ਤੋਂ ਅਸੀਸ ਲਈ। ਰਾਤ ਨੂੰ ਜਦ ਗੁਰੂ ਅਰਜਨ ਦੇਵ ਜੀ ਗੁਰੂ ਕੇ ਮਹਿਲ ਪਹੁੰਚੇ ਤਾਂ ਮਾਤਾ ਗੰਗਾ ਜੀ ਉਨ੍ਹਾਂ ਦੇ ਚਰਨੀ ਲੱਗੇ। ਮਾਤਾ ਜੀ ਨੇ ਸਾਰਾ ਬ੍ਰਿਤਾਂਤ ਗੁਰੂ ਜੀ ਨੂੰ ਕਹਿ ਸੁਣਾਇਆ। ਗੁੜ ਦੀ ਰੋੜੀ ਨਾਲ ਸਤਿਗੁਰਾਂ ਦਾ ਮੂੰਹ ਮਿਠਾ ਕਰਵਾਇਆ। ਉਸ ਸਮੇਂ ਸਤਿਗੁਰ ਪਾਤਸ਼ਾਹ ਵੱਜਦ ਵਿੱਚ ਆ ਗਏ। ਅਨੰਦ ਵਿੱਚ ਉਨ੍ਹਾਂ ਸ਼ਬਦ ਉਚਾਰਨ ਕੀਤਾ।

ਮਹਲਾ ੫

ਅਟਲ ਬਚਨ ਸਾਧੂ ਜਨਾ, ਸਭ ਮਹਿ ਪ੍ਰਗਟਾਇਆ।
ਜਿਸ ਜਨ ਹੋਆ ਸਾਧ ਸੰਗੁ ਤਿਸ ਭੇਟੇ ਹਰਿ ਰਾਇਆ।
ਇਹ ਪਰਤੀਤ ਗੋਵਿੰਦ ਕੀ, ਜਪਿ ਹਰਿ ਸੁਖ ਪਾਇਆ।
ਅਨਿਕ ਬਾਤਾਂ ਸਭਿ ਕਰਿ ਰਹੇ, ਗੁਰ ਘਰਿ ਲੈ ਆਇਆ।

ਕੁਝ ਅਰਸੇ ਬਾਅਦ ਮਾਤਾ ਗੰਗਾ ਜੀ ਦੀ ਕੁੱਖੋਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਬਾਲਾ ਪ੍ਰੀਤਮ ਹਰਿਗੋਬਿੰਦ ਜੀ ਸਾਹਿਬ ਦਾ ਜਨਮ ਹੋਇਆ। ਅੱਧੀ ਰਾਤੀਂ ਵਡਾਲੀ ਵਿੱਚ ਢੋਲ ਖੜਕਿਆ। ਸਾਰਾ ਪਿੰਡ ਖ਼ੁਸ਼ੀ ਵਿੱਚ ਝੂਮ ਉੱਠਿਆ। ਉਸੇ ਵੇਲੇ ਕੜਾਹੀ ਧਰ ਦਿੱਤੀ ਗਈ। ਹਲਵਾਈ ਲੱਡੂ ਬਣਾਉਣ ਵਿੱਚ ਰੁਝ ਗਿਆ। ਲੋਕਾਂ ਨੇ ਆਣ ਦਰਵਾਜ਼ਿਆਂ ਨੂੰ ਸਿਹਰੇ ਬੰਨੇ। ਗੁਰਾਂ ਦੇ ਵਿਹੜੇ ਚੰਨ ਚੜ੍ਹਿਆ ਏ। ਪਿੰਡ ਵਡਾਲੀ ਦੇ ਲੋਕ ਬਹੁਤ ਮਾਣ ਮਹਿਸੂਸ ਕਰ ਰਹੇ ਸਨ। ਕਿਉਂਕਿ ਗੁਰੂ ਜੀ ਦਾ ਪ੍ਰਕਾਸ਼ ਉਨ੍ਹਾਂ ਦੇ ਪਿੰਡ ਹੋਇਆ ਸੀ। ਵਡਾਲੀ ਪਿੰਡ ਭਾਗਾਂ ਵਾਲਾ ਬਣ ਗਿਆ ਸੀ ਕਿਉਂਕਿ ਬਾਲ ਹਰਿਗੋਬਿੰਦ ਸਾਹਿਬ ਦਾ ਜਨਮ ਵਡਾਲੀ ਵਿੱਚ ਹੋਇਆ ਸੀ।

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਸਮੇਂ ਪੰਚਮ ਪਾਤਸ਼ਾਹ ਵਡਾਲੀ ਪਿੰਡ ਵਿੱਚ ਨਹੀਂ ਸਨ। ਉਹ ਮਾਝੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਨ ਗਏ ਹੋਏ ਸਨ। ਪੰਜਾਂ ਸਿੱਖਾਂ ਨੂੰ ਸੁਨੇਹਾ ਦੇ ਕੇ ਭੇਜਿਆ ਗਿਆ। ਜਦ ਸਤਿਗੁਰਾਂ ਨੇ ਸੁਣਿਆ ਤਾਂ ਬਹੁਤ ਖ਼ੁਸ਼ ਹੋਏ। ਉਨ੍ਹਾਂ ਉਸ ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਬਾਲ ਹਰਿਗੋਬਿੰਦ ਦੀ ਤੰਦਰੁਸਤੀ ਦੀ ਅਰਦਾਸ ਕੀਤੀ। ਅਨੰਦ ਵਿੱਚ ਆਏ ਸਤਿਗੁਰਾਂ ਸ਼ਬਦ ਉਚਾਰਣ ਕੀਤਾ—

ਮਹਲਾ ੫

ਸਤਿਗੁਰ ਸਾਚੈ ਦੀਆ ਭੇਜਿ॥
ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸ॥
ਮਾਤਾ ਕੈ ਮਨਿ ਬਹੁਤ ਬਿਗਾਸੁ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰਕਾ॥

# ਪੂਰਨਤਾ ਦੀ ਝਲਕ

ਬਾਲ ਹਰਿਗੋਬਿੰਦ ਜੀ ਅੱਠ ਬਰਸ ਦੇ ਹੋ ਗਏ ਸਨ। ਜਦ ਬਾਹਰ ਖੇਡਣ ਜਾਂਦੇ ਤਾਂ ਆਪਣੀ ਦਾਦੀ ਮਾਤਾ ਬੀਬੀ ਭਾਨੀ ਜੀ ਦੇ ਚਰਨਾਂ 'ਤੇ ਮੱਥਾ ਟੇਕਦੇ। ਬੀਬੀ ਭਾਨੀ ਜੀ ਆਪਣੇ ਪੋਤੇ ਨੂੰ ਅਸ਼ੀਰਵਾਦ ਦਿੰਦੇ। ਅੱਠ ਸਾਲ ਵਿੱਚ ਹੀ ਬਾਲਾ ਪ੍ਰੀਤਮ ਹਰਿਗੋਬਿੰਦ ਜੀ ਦਾ ਕੱਦ ਕਾਠ ਸੋਹਣਾ ਨਿਕਲ ਆਇਆ ਸੀ। ਚੌੜੀ ਛਾਤੀ ਤੇ ਬਾਹਵਾਂ ਲੰਬੀਆਂ ਸਨ। ਰੰਗ ਗੋਰਾ ਅਤੇ ਹੱਸਮੁੱਖ ਸੁਭਾਅ ਦੇ ਮਾਲਕ ਸਨ। ਵੱਡੇ ਸੂਰਬੀਰ, ਰੂਹਾਨੀ ਤੇ ਜਿਸਮਾਨੀ ਦੋਨਾਂ ਗੱਲਾਂ ਵਿੱਚ ਪੂਰਨਤਾ ਦੀ ਝਲਕ ਪੈਂਦੀ ਸੀ। ਬਾਲਕ ਹਰਿਗੋਬਿੰਦ ਜੀ ਸੱਚੇ ਤੇ ਮਿੱਠੇ ਬੋਲਣ ਵਾਲੇ ਸਨ। ਸ਼੍ਰੇਸ਼ਟ ਗੁਣਾਂ ਦੇ ਮਾਲਕ ਅਤੇ ਰਾਜਨੀਤੀ ਤੇ ਧਰਮ ਦੋਹਾਂ ਵਿੱਚ ਹੀ ਬਾਲ ਹਰਿਗੋਬਿੰਦ ਜੀ ਪੂਰਨ ਭਰਪੂਰ ਸਨ।

ਬਾਲਾ ਪ੍ਰੀਤਮ ਜੀ ਦੇ ਸਰੀਰ ਦੀ ਬਣਤਰ ਤੇ ਡੀਲ-ਡੌਲ ਬਹੁਤ ਸੁੰਦਰ ਸੀ। ਉਨ੍ਹਾਂ ਦਾ ਜੁੱਸਾ ਭਰਵਾਂ ਤੇ ਤਿੱਖੀ ਨੁਹਾਰ ਵਾਲੇ ਸਨ। ਚਿਹਰੇ 'ਤੇ ਜਲਾਲ ਸੀ। ਚਿਹਰੇ 'ਤੇ ਜਲਾਲ ਤੇ ਰੂਹਾਨੀਅਤ ਦਾ ਜਲਵਾ ਸੀ। ਬਾਲ ਹਰਿਗੋਬਿੰਦ ਜੀ ਵੱਲ ਇੱਕ ਨਜ਼ਰ ਤੱਕ ਕੇ ਹਰ ਕੋਈ ਖਿੱਚਿਆ ਜਾਂਦਾ ਸੀ। ਉਨ੍ਹਾਂ ਦਾ ਚਿਹਰਾ ਸੂਰਜ ਵਾਂਗੂ ਚਮਕਦਾ ਸੀ। ਆਪਣੀ ਇੱਕ ਹੀ ਨਜ਼ਰ ਵਿੱਚ ਸੰਗਤਾਂ ਨੂੰ ਨਿਹਾਲ ਕਰ ਦਿੰਦੇ ਸਨ। ਬਾਲ ਗੁਰੂ ਜੀ ਦੀ ਨੁਹਾਰ ਵਿੱਚ ਪੂਰਨ ਮਨੁੱਖ ਤੇ ਰੂਹਾਨੀਅਤ ਦਾ ਜਲਵਾ ਝਲਕਾਂ ਮਾਰਦਾ ਸੀ।

SIKHBOOKCLUB.COM

ਬਾਲ ਹਰਿਗੋਬਿੰਦ ਜੀ ਅਜੇ ਜਦੋਂ ਉਹ ਚਾਰ ਸਾਲ ਦੇ ਹੀ ਹੋਏ ਸਨ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਉਂਗਲੀ ਲਾ ਕੇ ਬਾਬਾ ਬੁੱਢਾ ਜੀ ਕੋਲ ਲੈ ਗਏ ਸਨ। ਸਤਿਗੁਰਾਂ ਨੇ ਫ਼ੁਰਮਾਇਆ ਸੀ—

ਬਾਬਾ ਬੁੱਢਾ ਜੀ ਬਾਲ ਹਰਿਗੋਬਿੰਦ ਨੂੰ ਵਿੱਦਿਆ ਦਾ ਪਾਠ ਤੁਸਾਂ ਹੀ ਪੜ੍ਹਾਉਣਾ ਹੈ। ਬਾਬਾ ਬੁੱਢਾ ਜੀ ਨੇ ਦੋਵੇਂ ਹੱਥ ਜੋੜ ਸਤਿਗੁਰਾਂ ਦੇ ਚਰਨਾਂ 'ਤੇ ਸੀਸ ਝੁਕਾਉਂਦਿਆਂ ਉੱਤਰ ਦਿੱਤਾ ਸੀ-ਵਿੱਦਿਆ ਤੇ ਗੁਰੂ ਘਰ ਵਿੱਚ ਭਰਪੂਰ ਹੈ। ਮੈਂ ਆਪ ਜੀ ਦੇ ਬਚਨਾਂ ਦਾ ਪੂਰਾ ਪਾਲਣ ਕਰਾਂਗਾ। ਜਿਵੇਂ ਆਪ-ਆਪਣੇ ਇਸ ਨਿਮਾਣੇ ਸਿੱਖ ਨੂੰ ਹੁਕਮ ਕਰੋਗੇ, ਮੈਂ ਉਸੇ ਤਰ੍ਹਾਂ ਹੀ ਕਰਾਂਗਾ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਬਾਬਾ ਬੁੱਢਾ ਜੀ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ-ਬਾਬਾ ਜੀ, ਹਰਿਗੋਬਿੰਦ ਜੀ ਨੂੰ ਤੁਸਾਂ ਵਿੱਦਿਆ ਵਿੱਚ ਪ੍ਰਪੱਕ ਕਰਨਾ ਹੈ। ਇਨ੍ਹਾਂ ਨੂੰ ਅੱਖਰਾਂ ਦਾ ਗਿਆਨ ਤੁਸਾਂ ਹੀ ਦੇਣਾ ਹੈ। ਇਸ ਦੇ ਨਾਲ ਬਾਕੀ ਦੂਸਰੀਆਂ ਵਿਦਿਆਵਾਂ ਦੀ ਸਿਖਲਾਈ ਪੜ੍ਹਾਈ ਦੀ ਜ਼ਿੰਮੇਵਾਰੀ ਤੁਹਾਡੇ ਸਿਰ 'ਤੇ ਹੀ ਹੈ। ਅੱਜ ਤੋਂ ਬਾਲ ਹਰਿਗੋਬਿੰਦ ਜੀ ਤੁਹਾਡੇ ਸਪੁਰਦ ਹਨ। ਤੁਸੀਂ ਆਪਣੇ ਹੱਥੀਂ ਇਹਨੂੰ ਫੱਟੀ 'ਤੇ ਪੂਰਨੇ ਪਾ ਕੇ ਦਿਉ ਤਾਂ ਕਿ ਇਸ ਨੂੰ ਵਿੱਦਿਆ ਪੜ੍ਹਾਈ ਦਾ ਗਿਆਨ ਹੋਵੇ।"

ਪੰਚਮ ਪਾਦਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਲ ਹਰਿਗੋਬਿੰਦ ਜੀ ਨੂੰ ਬਾਬਾ ਬੁੱਢਾ ਜੀ ਕੋਲ ਛੱਡ ਕੇ ਵਾਪਿਸ ਆ ਗਏ ਸਨ।

ਬਾਬਾ ਬੁੱਢਾ ਜੀ ਨੇ ਸਭ ਤੋਂ ਪਹਿਲਾਂ ਬਾਲਾ ਪ੍ਰੀਤਮ ਹਰਿਗੋਬਿੰਦ ਜੀ ਦੀ ਫੱਟੀ ਆਪ ਪੋਚੀ ਤੇ ਫਿਰ ਉਸ ਨੂੰ ਧੁੱਪੇ ਸੁੱਕਣੀ ਪਾਇਆ। ਜਿੰਨਾ ਚਿਰ ਫੱਟੀ ਸੁੱਕਦੀ ਰਹੀ ਬਾਲ ਹਰਿਗੋਬਿੰਦ ਜੀ ਖੇਡਦੇ ਰਹੇ।

ਬਾਬਾ ਜੀ ਨੇ ਫਿਰ ਅਰਦਾਸ ਕਰ ਅਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਲੈ ਫੱਟੀ 'ਤੇ ਪਹਿਲੀ ਲਾਈਨ ਵਾਹੀ। ਉਸ ਲਾਈਨ ਵਿੱਚ ਸਭ ਤੋਂ ਪਹਿਲਾਂ ੴ ਲਿਖਿਆ ਤੇ ਸੀਸ ਝੁਕਾਇਆ। ਫਿਰ ਦੂਜੀ ਲਾਈਨ ਵਾਹ ਕੇ ਉਸ ਉੱਤੇ ੳ, ਅ, ੲ, ਸ, ਹ ਲਿਖ ਕੇ ਫੱਟੀ ਬਾਲ ਹਰਿਗੋਬਿੰਦ ਜੀ ਦੇ ਹੱਥ ਵਿੱਚ ਫੜਾ ਦਿੱਤੀ। ਬਾਬਾ ਬੁੱਢਾ ਜੀ ਨੇ ਆਪਣੇ ਹੱਥੀਂ ਇੱਕ ਕਲਮ ਵੀ ਘੜ ਕੇ ਦਿੱਤੀ।

ਵਿੱਦਿਆ ਪੜ੍ਹਾਈ ਦੀ ਸ਼ੁਰੂਆਤ ਹੋਣ 'ਤੇ ਖ਼ੁਸ਼ੀ ਵਿੱਚ ਸਾਰੇ ਬੱਚਿਆਂ ਨੂੰ ਲੱਡੂ ਵੰਡੇ ਗਏ। ਬਾਲਾ ਪ੍ਰੀਤਮ ਨੂੰ ਬਾਬਾ ਜੀ ਨੇ ਫਿਰ ਇਨ੍ਹਾਂ ਅੱਖਰਾਂ ਨੂੰ ਆਪਣੇ ਪਿੱਛੇ ਬੋਲਣ ਲਈ ਆਖਿਆ। ਤਾਂਕਿ ਉਨ੍ਹਾਂ ਨੂੰ ਯਾਦ ਹੋ ਸਕਣ। ਫਿਰ ਇੱਕ ਦੋ ਦਿਨ ਬਾਅਦ ਇਨ੍ਹਾਂ ਅੱਖਰਾਂ ਨੂੰ ਫੱਟੀ 'ਤੇ ਲਿਖਣਾ ਸਿੱਖਣਾ ਸੀ। ਬਹੁਤ ਥੋੜ੍ਹੇ ਹੀ ਸਮੇਂ ਵਿੱਚ ਬਾਲਕ ਹਰਿਗੋਬਿੰਦ ਜੀ ਨੇ ਪੈਂਤੀ ਅੱਖਰੀ ਪੜ੍ਹਨੀ-ਲਿਖਣੀ ਸਿੱਖ ਲਈ ਸੀ। ਵਿੱਦਿਆ ਦਾ ਹੋਰ ਗਿਆਨ ਵੀ ਬੜੀ ਜਲਦੀ ਉਨ੍ਹਾਂ ਸਿੱਖ ਲਿਆ ਸੀ।

ਜਿਉਂ-ਜਿਉਂ ਹਰਿਗੋਬਿੰਦ ਜੀ ਵੱਡੇ ਹੁੰਦੇ ਗਏ ਉਨ੍ਹਾਂ ਨੂੰ ਸ਼ਾਸਤਰ ਵਿੱਦਿਆ ਦਾ ਗਿਆਨ ਭਾਈ ਪਿਰਾਗਾ ਨੇ ਦਿੱਤਾ ਤੇ ਉਸ ਵਿਚ ਨਿਪੁੰਨ ਕਰ ਦਿੱਤਾ। ਘੋੜ ਸਵਾਰੀ ਦੇ ਦਾਅ ਪੇਚ ਭਾਈ ਗੰਗਾ ਸਹਿਗਲ ਨੇ ਸਿਖਾਏ। ਘੋੜ ਸਵਾਰੀ ਵਿੱਚ ਬਾਲ ਹਰਿਗੋਬਿੰਦ ਜੀ ਮਾਹਿਰ ਹੋ ਗਏ ਸਨ।

ਬਾਬਾ ਬੁੱਢਾ ਜੀ ਨੇ ਜਿੱਥੇ ਬਾਲ ਹਰਿਗੋਬਿੰਦ ਜੀ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਸਿਖਾਈ ਉਸ ਦੇ ਨਾਲ ਨਾਲ ਗੁਰਮਤਿ ਅਧਿਐਨ, ਸਿਮਰਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਬਾਣੀ ਦਾ ਕੰਠ ਕਰਨਾ ਅਤੇ ਡੂੰਘੇ ਭਾਵ ਅਰਥ ਵੀ ਸਮਝਾਏ। ਇਸ ਤਰ੍ਹਾਂ ਬਾਲਾ ਪ੍ਰੀਤਮ ਹਰਿਗੋਬਿੰਦ ਸਾਹਿਬ ਜੀ ਦਸ ਸਾਲ ਦੀ ਉਮਰ ਤੱਕ ਅਪੜਦਿਆਂ ਤਲਵਾਰਬਾਜ਼ੀ, ਜੋਤਿਸ਼, ਨੇਜ਼ੇਬਾਜ਼ੀ, ਤੀਰ ਅੰਦਾਜ਼ੀ, ਬੰਦੂਕ ਚਲਾਣੀ ਅਤੇ ਤੇਜੀ ਫੁਰਤੀ ਵਿੱਚ ਪੂਰੀ ਤਰ੍ਹਾਂ ਪਰਪੱਕ ਹੋ ਗਏ ਸਨ।

ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਬਾਲਕ ਹਰਿਗੋਬਿੰਦ ਜੀ ਦੀ ਤੀਖਣ ਬੁੱਧੀ ਅਤੇ ਸਾਰੀਆਂ ਵਿੱਦਿਆ ਸਿੱਖਣ ਦੀ ਤੇਜ਼ੀ ਤੋਂ ਬਹੁਤ ਖੁਸ਼ ਸਨ। ਮਾਤਾ ਗੰਗਾ ਜੀ ਅਤੇ ਦਾਦੀ ਮਾਤਾ ਬੀਬੀ ਭਾਨੀ ਜੀ ਵੀ ਆਪਣੇ ਪੁੱਤਰ ਦਾ ਹਰ ਪੱਖੋਂ ਖਿਆਲ ਰੱਖਦੇ ਸਨ। ਬੰਦੂਕ, ਤੀਰ, ਨੇਜਾ, ਘੋੜੇ, ਤਲਵਾਰ ਇਹ ਬਾਲ ਸਤਿਗੁਰੂ ਹਰਿਗੋਬਿੰਦ ਜੀ ਲਈ ਖੇਡਣ ਲਈ ਖਿਡੌਣਿਆਂ ਦੀ ਤਰ੍ਹਾਂ ਸਨ। ਸਮਾਂ ਕਰਵਟ ਲੈ ਰਿਹਾ ਸੀ। ਮੀਰੀ ਤੇ ਪੀਰੀ ਬਰਾਬਰ ਹੋ ਰਹੀਆਂ ਸਨ।

SIKHBOOKCLUB.COM

## ਗੁਰਿਆਈ ਸਮੇਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣਾ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਦ ਜੋਤੀ ਜੋਤ ਸਮਾਉਣ ਲੱਗੇ ਤਾਂ ਉਨ੍ਹਾਂ ਉਸ ਵੇਲੇ ਬਚਨ ਕੀਤਾ ਸੀ, "ਮੇਰਾ ਰੂਪ, ਮੇਰੀ ਜੋਤ ਹੁਣ ਹਰਿਗੋਬਿੰਦ ਜੀ ਵਿੱਚ ਚਲੀ ਗਈ ਹੈ। ਮੇਰਾ ਸਰੂਪ ਹੁਣ ਤੁਸੀਂ ਹਰਿਗੋਬਿੰਦ ਜੀ ਵਿੱਚ ਦੇਖਣਾ। ਇਹ ਅੰਤਮ ਬਚਨ ਕਹਿ ਸਤਿਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ ਸਨ। ਉਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਕੇਵਲ ਗਿਆਰਾਂ ਸਾਲ ਦੀ ਸੀ।

ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਲਈ ਦੂਰੋਂ-ਦੂਰੋਂ ਸੰਗਤਾਂ ਹੁਮ-ਹੁਮਾ ਕੇ ਆ ਰਹੀਆਂ ਸਨ। ਦੀਵਾਨ ਹਾਲ ਵਿੱਚ ਲਗਾਤਾਰ ਸੰਗਤਾਂ ਜੁੜ ਰਹੀਆਂ ਸਨ। ਛੇਵੇਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਸੰਗਤਾਂ ਵਿੱਚ ਬਹੁਤ ਉਤਸ਼ਾਹ ਸੀ। ਦੀਵਾਨ ਵਿੱਚ ਕਿਤੇ ਤਿਲ ਸੁੱਟਣ ਨੂੰ ਜਗ੍ਹਾ ਨਹੀਂ ਸੀ। ਸਤਿਗੁਰੂ ਜੀ ਦਾ ਵਿਹੜਾ ਬੇਅੰਤ ਸੰਗਤਾਂ ਨਾਲ ਭਰ ਗਿਆ ਸੀ।

SIKHBOOKCLUB.COM

ਪਹਿਲਾਂ ਜਦੋਂ ਕਿਸੇ ਗੁਰੂ ਸਾਹਿਬ ਜੀ ਨੂੰ ਗੁਰਗੱਦੀ ਦਾ ਤਿਲਕ ਲਗਾਇਆ ਜਾਂਦਾ ਤਾਂ ਚੰਦਨ ਦੀ ਚੌਂਕੀ 'ਤੇ ਬਿਠਾਇਆ ਜਾਂਦਾ। ਚੰਦਨ ਦੀ ਚੌਂਕੀ ਦੇ ਪਾਵੇ ਚਾਰ ਚੱਪੇ ਹੀ ਉੱਚੇ ਹੁੰਦੇ ਸਨ। ਪਰ ਹੁਣ ਜਿਹੜੀ ਚੰਦਨ ਦੀ ਚੌਂਕੀ ਆਈ, ਜਿਸ 'ਤੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬੈਠਣਾ ਸੀ, ਉਹ ਤਖ਼ਤਪੋਸ਼ ਸੀ ਜਿਸ ਦੇ ਪਾਵੇ ਚਾਰ ਗਿੱਠਾਂ ਉੱਚੇ ਸਨ।

ਦੀਵਾਨ ਹਾਲ ਵਿੱਚ ਜਦ ਸੰਗਤਾਂ ਬੈਠ ਗਈਆਂ ਤਾਂ ਸਾਰਿਆਂ ਦਾ ਧਿਆਨ ਛੇਵੇਂ ਪਾਤਸ਼ਾਹ ਜੀ ਵੱਲ ਸੀ ਕਿ ਕਦੋਂ ਸੰਗਤ ਵਿੱਚ ਆਉਣ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਪਹਿਲਾਂ ਹੀ ਸੰਗਤ ਵਿੱਚ ਆ ਕੇ ਬੈਠ ਗਏ ਸਨ। ਦਾਦੀ ਮਾਤਾ ਬੀਬੀ ਭਾਨੀ ਜੀ, ਮਾਤਾ ਗੰਗਾ ਜੀ ਅਤੇ ਤਾਈ ਕਰਮੋ ਜੀ ਵੀ ਸੰਗਤ ਵਿੱਚ ਮੋਹਰੀ ਕਤਾਰ ਵਿੱਚ ਬੈਠੇ ਸਨ। ਆਖਰ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਨ੍ਹਾਂ ਦੀ ਉਮਰ ਗਿਆਰਾਂ ਸਾਲ ਦੀ ਸੀ ਸੰਗਤ ਵਿੱਚ ਆ ਗਏ। ਉਨ੍ਹਾਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਸੰਗਤ ਵਿੱਚ ਬਿਰਾਜਮਾਨ ਹੋ ਗਏ।

ਚਾਂਦੀ ਦੀ ਕਟੋਰੀ ਵਿੱਚ ਕੇਸਰ ਘੋਲ ਕੇ ਰੱਖਿਆ ਹੋਇਆ ਸੀ। ਗੁਲਾਬੀ



ਰੰਗ ਦੀ ਗੁਰਿਆਈ ਦਸਤਾਰ ਥਾਲੀ ਵਿੱਚ ਰੱਖੀ ਹੋਈ ਸੀ। ਪੰਜ ਪੈਸੇ ਨਾਰੀਅਲ ਇੱਕ ਦੂਜੀ ਥਾਲੀ ਵਿੱਚ ਸਜਾ ਕੇ ਰੱਖੇ ਹੋਏ ਸਨ। ਇਸ ਦੀਵਾਨ ਹਾਲ ਵਿੱਚ ਸਤਿਗੁਰੂ ਹਰਿਗੋਬਿੰਦ ਜੀ ਦੇ ਸਾਰੇ ਦਾਦਕੇ ਅਤੇ ਨਾਨਕੇ ਵੀ ਇਕੱਠੇ ਹੋਏ ਹੋਏ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਭ ਤੋਂ ਪਹਿਲਾਂ ਮਹਾਂਵਾਕ ਲੈਣ ਨਾਲ ਗੁਰਿਆਈ ਰਸਮ ਸ਼ੁਰੂ ਹੋਈ। ਫਿਰ ਸਾਰੀ ਸੰਗਤ ਨੇ ਰਲ ਅਰਦਾਸ ਕੀਤੀ। ਇਸ ਤੋਂ ਬਾਅਦ ਚਾਰ ਗਿੱਠਾਂ ਉੱਚਾ ਤਖ਼ਤਪੋਸ਼ ਸੰਗਤ ਦੇ ਸਾਹਮਣੇ ਬਾਬਾ ਬੁੱਢਾ ਜੀ ਨੇ ਡਾਹ ਦਿੱਤਾ।

ਸੰਗਤ ਵਿੱਚੋਂ ਇੱਕ ਸਿੱਖ ਨੇ ਦੂਜੇ ਸਿੱਖ ਨੂੰ ਪੁੱਛਿਆ, "ਤਖ਼ਤਪੋਸ਼ ਦੀ ਕੀ ਜ਼ਰੂਰਤ ਸੀ। ਚੰਦਨ ਦੀ ਚੌਂਕੀ ਹੀ ਕਾਫ਼ੀ ਸੀ।" "ਵੱਡਿਆਂ ਦੀ ਗੱਲ ਵੱਡੇ ਹੀ ਜਾਨਣ"। ਦੂਜੇ ਨੇ ਉੱਤਰ ਦਿੱਤਾ।

ਉੱਚੇ ਤਖ਼ਤਪੋਸ਼ ਤੇ ਪਹਿਲਾਂ ਮਖਮਲੀ ਤਲਾਈ ਵਿਛਾਈ ਗਈ, ਫਿਰ ਉੱਪਰ ਚਿੱਟੀ ਚਾਦਰ ਵਿਛਾਈ ਗਈ। ਬਾਬੇ ਬੁੱਢੇ ਜੀ ਨੇ ਫਿਰ ਆਵਾਜ਼ ਦਿੱਤੀ-ਦੁਸ਼ਾਲਾ ਲੈ ਆਵੋ! ਦੁਸ਼ਾਲਾ ਵੀ ਆ ਗਿਆ।

ਤਖ਼ਤਪੋਸ਼ 'ਤੇ ਦੁਸ਼ਾਲਾ ਵਿਛਾਇਆ ਗਿਆ। ਭਾਈ ਗੁਰਦਾਸ ਜੀ ਨੂੰ ਬਾਬਾ ਬੁੱਢਾ ਜੀ ਨੇ ਇਸ਼ਾਰਾ ਕੀਤਾ। ਉਨ੍ਹਾਂ ਨੇ ਸਤਿਗੁਰ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੜੇ ਆਦਰ ਸਤਿਕਾਰ ਨਾਲ ਸੰਗਤ 'ਚੋਂ ਉਠਾ ਬਾਂਹ ਫੜ ਤਖ਼ਤਪੋਸ਼ 'ਤੇ ਬਿਠਾਇਆ। ਸਾਰੀ ਸੰਗਤ ਨੇ ਸਤਿਗੁਰਾਂ ਅੱਗੇ ਸੀਸ ਝੁਕਾ ਦਿੱਤਾ। ਸਤਿਗੁਰ ਪਾਤਸ਼ਾਹ ਹਰਿਗੋਬਿੰਦ ਜੀ ਦਾ ਨੂਰਾਨੀ ਚਿਹਰਾ ਦਗ-ਦਗ ਕਰਦਾ ਪਿਆ ਸੀ। ਨੂਰ ਦੀ ਵਰਖਾ ਹੋ ਰਹੀ ਸੀ। ਜੋਤ-ਜੋਤ ਵਿੱਚ ਪ੍ਰਵੇਸ਼ ਕਰ ਚੁੱਕੀ ਸੀ।

ਭਾਈ ਗੁਰਦਾਸ ਜੀ ਨੇ ਸਤਿਗੁਰ ਹਰਿਗੋਬਿੰਦ ਜੀ ਨੂੰ ਗੁਰਿਆਈ ਪੱਗ ਬੰਨੀ। ਫਿਰ ਉੱਪਰ ਕੇਸਰ ਦੇ ਛਿੱਟੇ ਮਾਰੇ। ਗੁਲਾਬ ਜਲ ਅਤੇ ਅਤਰ ਫਲੇਲ ਛਿੜਕਿਆ। ਸਾਰੇ ਦੀਵਾਨ ਹਾਲ ਵਿੱਚ ਖੁਸ਼ਬੂ ਹੀ ਖੁਸ਼ਬੂ ਬਿਖਰ ਗਈ।

SIKHBOOKCLUB.COM

ਫਿਰ ਬਾਬਾ ਬੁੱਢਾ ਜੀ ਉੱਠੇ। ਉਨ੍ਹਾਂ ਪੱਗ 'ਤੇ ਕਲਗੀ ਬੰਨ੍ਹੀ। ਜਦ ਸੇਲੀ ਟੋਪੀ ਦੀ ਥਾਲੀ ਅੱਗੇ ਆਈ ਤਾਂ ਬਾਬਾ ਜੀ ਨੇ ਮਨ੍ਹਾ ਕਰ ਦਿੱਤਾ। ਉਨ੍ਹਾਂ ਆਖਿਆ ਹੁਣ ਸੇਲੀ ਟੋਪੀ ਦੀ ਲੋੜ ਨਹੀਂ, ਤਲਵਾਰਾਂ ਲਿਆਵੋ! ਫਿਰ ਤਲਵਾਰਾਂ ਆ ਗਈਆਂ।

ਬਾਬਾ ਬੁੱਢਾ ਜੀ ਜਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਤਲਵਾਰ ਸਹਿਤ ਗਾਤਰਾ ਪਾਉਣ ਲੱਗੇ ਤਾਂ ਖੱਬੇ ਪਾਸੇ ਦੀ ਬਜਾਏ ਸੱਜੇ ਪਾਸੇ ਪਾ ਦਿੱਤਾ।

ਸੰਗਤ ਵਿਚੋਂ ਆਵਾਜ਼ਾਂ ਆਈਆਂ, ਬਾਬਾ ਜੀ, ਗਾਤਰਾ ਖੱਬੇ ਪਾਸੇ ਪਾਉਣਾ ਸੀ। ਬਾਬਾ ਜੀ ਨੇ ਉੱਤਰ ਦਿੱਤਾ, ਚਲੋ ਕੋਈ ਗੱਲ ਨਹੀਂ, ਖੱਬੇ ਪਾਸੇ ਵੀ ਪਾ ਦਿੰਦੇ ਹਾਂ। ਦੂਜੀ ਤਲਵਾਰ ਗਾਤਰੇ ਸਹਿਤ ਬਾਬਾ ਬੁੱਢਾ ਜੀ ਨੇ ਖੱਬੇ ਪਾਸੇ ਪਾ ਦਿੱਤੀ। ਸੰਗਤਾਂ ਨੇ ਪੁੱਛਿਆ, ਬਾਬਾ ਜੀ ਇਸ ਦਾ ਕੀ ਮਤਲਬ ਹੋਇਆ ? ਤਾਂ ਬਾਬਾ ਜੀ ਨੇ ਉੱਤਰ ਦਿੱਤਾ, ਇੱਕ ਮੀਰੀ ਦੀ ਤੇ ਇੱਕ ਪੀਰੀ ਦੀ। ਨਾਲ ਹੀ ਦੂਜੀਆਂ ਸਾਰੀਆਂ ਰਸਮਾਂ ਵੀ ਪੂਰੀਆਂ ਕਰ ਦਿੱਤੀਆਂ ਗਈਆਂ।

ਸਾਰੀ ਸੰਗਤ ਗੁਰਿਆਈ ਦੀ ਰਸਮ ਤੋਂ ਬਹੁਤ ਖੁਸ਼ ਸੀ, ਨਾਲ ਹੈਰਾਨ ਵੀ

ਸੀ। ਗੁਰਿਆਈ ਦੀ ਮਰਿਆਦਾ ਵਿੱਚ ਬਹੁਤ ਵੱਡੀ ਤਬਦੀਲੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਤੇ ਬਾਦਸ਼ਾਹ ਦੋਨਾਂ ਦਾ ਪ੍ਰਭਾਵ ਦੇ ਰਹੇ ਸਨ।

ਬਾਬਾ ਬੁੱਢਾ ਜੀ ਨੇ ਪੰਜ ਪੈਸੇ ਨਾਰੀਅਲ ਰੱਖ ਕੇ ਸਤਿਗੁਰਾਂ ਅੱਗੇ ਮੱਥਾ ਟੇਕਿਆ। ਫਿਰ ਭਾਈ ਗੁਰਦਾਸ ਜੀ ਨੇ ਮੱਥਾ ਟੇਕਿਆ ਤੇ ਫਿਰ ਸਾਰੀ ਸੰਗਤ ਨੇ ਵਾਰੋ-ਵਾਰੀ ਮੱਥਾ ਟੇਕਿਆ।

ਬਾਬਾ ਬੁੱਢਾ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ, "ਸਾਧ ਸੰਗਤ ਜੀ, ਅੱਜ ਬਾਲ ਹਰਿਗੋਬਿੰਦ ਜੀ ਨੇ ਆਪਣੀ ਕਾਇਆ ਪਲਟ ਲਈ ਹੈ ਤੇ ਉਹ ਅੱਜ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਬਣ ਗਏ ਹਨ। ਇਨ੍ਹਾਂ ਨੇ ਜੋ ਦੋ ਤਲਵਾਰਾਂ ਪਹਿਨੀਆਂ ਹਨ, ਇਹ ਤਲਵਾਰਾਂ ਨਹੀਂ, ਇਨ੍ਹਾਂ ਨੂੰ ਕਿਰਪਾਨਾਂ ਸੱਦਿਆ ਜਾਵੇ। ਤਲਵਾਰ ਦਾ ਕੰਮ ਏ ਕਿਸੇ ਦੀ ਗਰਦਨ ਲਾਹੁਣੀ, ਪਰ ਕਿਰਪਾਨ ਦਾ ਕੰਮ ਏ ਕਿਸੇ ਦੀ ਰੱਖਿਆ ਕਰਨੀ। ਹੁਣ ਲਹੂ ਵਿੱਚ ਜੋਸ਼ ਦੀ ਲੋੜ ਹੈ। ਬਲ ਅੱਗੇ ਝੁਕੇਗੀ ਹਕੂਮਤ। ਇਸ ਕਰਕੇ ਦੋ ਤਲਵਾਰਾਂ ਪਹਿਨਾ ਦਿੱਤੀਆਂ ਗਈਆਂ ਹਨ।

ਇੱਕ ਕਿਰਪਾਨ ਮੀਰੀ ਦੀ ਸ਼ਾਹੀ ਠਾਠ-ਬਾਠ ਦੀ ਪ੍ਰਤੀਕ ਤੇ ਦੂਜੀ ਕਿਰਪਾਨ ਪੀਰੀ ਦੀ ਭਾਵ ਮਾਲਾ ਦਾ ਦੂਜਾ ਰੂਪ ਤਲਵਾਰ। ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਰੂਪ ਅੱਜ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ। ਉਹ ਹੀ ਬਖਸ਼ਿਸ਼ਾਂ, ਉਹ ਹੀ ਬਰਕਤਾਂ, ਭਗਤੀ ਦੇ ਭਰੇ ਭੰਡਾਰੇ, ਜੋ ਮੰਗੋਗੇ ਇਥੋਂ ਹੀ ਪ੍ਰਾਪਤ ਹੋਵੇਗਾ।

ਉਸ ਸਮੇਂ ਢਾਡੀ ਅਬਦੁੱਲਾ ਤੇ ਨੱਥਾ ਵੀ ਹਾਜ਼ਰ ਸਨ। ਉਨ੍ਹਾਂ ਭਾਈ ਗੁਰਦਾਸ ਜੀ ਦੀ ਉਚਾਰੀ ਵਾਰ ਗਾਈ :

ਦਸਤਗੀਰ ਹੁਇ ਪੰਜ ਪੀਰ, ਹਰਿਗੁਰੂ ਹਰਿਗੋਬਿੰਦ ਅਤੋਲਾ।
ਦੀਨ ਦੁਖੀ ਦਾ ਪਾਤਸ਼ਾਹ, ਪਾਤਸ਼ਾਹਾਂ ਪਾਤਸ਼ਾਹ ਅਤੋਲਾ।
ਪੰਜ ਪਿਆਲੇ ਅਜਰੁ ਜਰਿ, ਹੁਇ ਮਸਤਾਨ ਸੁਜਾਨ ਵਿਰੋਲਾ।
ਤੁਰੀਆ ਚੜਿ ਜਿਵਿ ਪਰਮਤਤੁ, ਛਿਅ ਵਰਤਾਰੇ ਕੋਲੋਂ ਕੋਲਾ।
ਛਿਅ ਦਰਸ਼ਨ ਛਿਅ ਪੀੜੀਆਂ, ਇਕਸੁ ਦਰਸ਼ਨ ਅੰਦਰ ਗੋਲਾ।
ਜਤੀ ਸਤੀ ਸੰਤੋਖੀਆ, ਸਿਧ ਨਾਥ ਅਵਤਾਰ ਵਿਰੋਲਾ।
ਗਿਆਰਹ ਰੁਦ੍ਰ ਸਮੁੰਦ੍ਰ ਵਿੱਚ, ਮਰ ਜੀਵੇ ਤਿਸ ਰਤਨ ਅਮੋਲਾ।
ਬਾਰਾਂ ਸੋਲਾਂ ਮੇਲ ਕਰਿ, ਵੀਹ ਇਕੀਹ ਚੜ੍ਹਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ।

# ਸ੍ਰੀ ਗੁਰੂ ਹਰਿ ਰਾਇ ਜੀ
# ਸੱਤਵੇਂ ਪਾਤਸ਼ਾਹ ਜੀ

## ਗੁਰਗੱਦੀ ਦਾ ਵਾਰਿਸ

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਗਤਾਂ ਨੂੰ ਪ੍ਰਤੀ ਦਿਨ ਦਰਸ਼ਨ ਦੇ, ਬਚਨ ਵਿਲਾਸ ਕਰ ਕਥਾ ਕੀਰਤਨ ਰਾਹੀਂ ਨਿਹਾਲ ਕਰ ਰਹੇ ਸਨ। ਦੂਰੋਂ-ਦੂਰੋਂ ਆ ਸੰਗਤਾਂ ਕਥਾ ਕੀਰਤਨ ਵਿੱਚ ਹਾਜ਼ਰੀ ਭਰਦੀਆਂ, ਪੰਗਤ ਵਿੱਚ ਬੈਠ ਲੰਗਰ ਛੱਕਦੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ-ਰੇਖ ਵਿੱਚ ਸਿੱਖ ਸੂਰਮੇ ਫਿਰ ਤਲਵਾਰਾਂ ਦੀ ਧਾਰ ਪਰਖਣ ਵਿੱਚ ਰੁੱਝ ਜਾਂਦੇ ਸਨ। ਕਿਸੇ ਅੱਗੇ ਨੀਵੇਂ ਹੋਣਾ ਹੁਣ ਉਹ ਨਹੀਂ ਜਾਣਦੇ ਸਨ। ਧਰਮ ਯੁੱਧ ਦੀ ਲੜਾਈ ਵਿੱਚ ਸ਼ਹੀਦ ਹੋਣਾ ਉਹ ਆਪਣੀ ਸ਼ਾਨ ਸਮਝਦੇ ਸਨ।

ਉਸ ਦਿਨ 30 ਜਨਵਰੀ ਸੰਨ 1630 ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਗਤ ਤੇ ਪੰਗਤ ਅਤੇ ਸ਼ਸ਼ਤਰਧਾਰੀ ਸਿੱਖਾਂ ਦੀ ਸਿਖਲਾਈ ਦੇ ਪ੍ਰਬੰਧਾਂ ਵਿੱਚ ਸਾਰਾ ਦਿਨ ਵਿਅਸਤ ਰਹੇ ਸਨ। ਇਸ ਵਿਅਸਤਤਾ ਵਿੱਚ ਉਸ ਦਿਨ ਸਤਿਗੁਰਾਂ ਨੂੰ ਕੀਰਤਪੁਰ ਸਾਹਿਬ ਵਿਖੇ ਪਰਿਵਾਰ ਦਾ ਚੇਤਾ ਵੀ ਨਾ ਆਇਆ ਸੀ।

ਬਾਬਾ ਗੁਰਦਿੱਤਾ ਜੀ ਜੋ ਛੇਵੇਂ ਪਾਤਸ਼ਾਹ ਜੀ ਦੇ ਪੁੱਤਰ ਸਨ ਤੇ ਕੀਰਤਪੁਰ ਸਾਹਿਬ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਮਾਤਾ ਰਾਜ ਕੌਰ ਜੀ ਦੀ ਕੁੱਖੋਂ ਉਸ ਦਿਨ ਸੱਤਵੇਂ ਪਾਤਸ਼ਾਹ ਸ੍ਰੀ ਹਰਿਰਾਇ ਜੀ ਨੇ ਅਵਤਾਰ ਧਾਰਿਆ ਸੀ। ਕੀਰਤਪੁਰ ਸਾਹਿਬ ਵਿਖੇ ਗੁਰੂ ਘਰ ਵਿੱਚ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਇੱਕ ਸਿੱਖ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਇਹ ਖੁਸ਼ੀ ਭਰਿਆ ਸੁਨੇਹਾ ਦੇ ਕੇ ਭੇਜਿਆ ਗਿਆ ਸੀ।

ਕੀਰਤਪੁਰ ਸਾਹਿਬ ਤੋਂ ਸਿੱਖ ਸੁਨੇਹਾ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ ਸੀ। ਬਾਬਾ ਗੁਰਦਿੱਤਾ ਜੀ ਦੇ ਘਰ ਬਾਲਕ ਹਰਿਰਾਇ ਜੀ ਨੇ ਅਵਤਾਰ ਧਾਰਿਆ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਪੋਤਰਾ ਹੋਇਆ ਹੈ।

ਜਿਉਂ ਹੀ ਸਤਿਗੁਰਾਂ ਨੂੰ ਪਤਾ ਲੱਗਾ, ਛੇਵੇਂ ਪਾਤਸ਼ਾਹ ਜੀ ਅਨੰਦ ਤੇ ਖੁਸ਼ੀ ਨਾਲ ਭਰ ਗਏ। ਸੰਗਤ ਨੂੰ ਜਦ ਪਤਾ ਲੱਗਾ ਤਾਂ ਸਾਰੀ ਸੰਗਤ ਛੇਵੇਂ ਪਾਤਸ਼ਾਹ ਜੀ ਨੂੰ ਵਧਾਈ ਦੇਣ ਆ ਗਈ। ਸੰਗਤਾਂ ਦੀਆਂ ਵਧਾਈਆਂ ਸਤਿਗੁਰਾਂ ਖੁਸ਼ੀ-ਖੁਸ਼ੀ ਸਵੀਕਾਰ ਕੀਤੀਆਂ ਸਨ।

ਸ੍ਰੀ ਹਰਿਗੋਬਿੰਦ ਪਾਤਸ਼ਾਹ ਜੀ ਨੇ ਖੁਸ਼ੀ ਵਿੱਚ ਸਾਰੀ ਸੰਗਤ ਨੂੰ ਬਚਨ ਕਰਦਿਆਂ ਆਖਿਆ—ਸਾਧ ਸੰਗਤ ਜੀ ਅੱਜ ਬਹੁਤ ਖੁਸ਼ੀ ਦਾ ਦਿਨ ਹੈ। ਪੋਤਰਾ ਪ੍ਰਗਟ ਹੋਇਆ ਹੈ। ਪੋਤਰਾ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਗੁਰੂ ਘਰ ਵਿੱਚ ਸਾਰੀ ਸਾਧ-ਸੰਗਤ ਖੁਸ਼ੀਆਂ ਮਨਾਵੇ। ਲੱਡੂ ਵੰਡੇ ਜਾਣ, ਗੁੜ ਵੰਡਿਆ ਜਾਵੇ। ਹਲਵਾਈ ਨੇ ਲੱਡੂ ਤਿਆਰ ਕੀਤੇ। ਸਾਰੀ ਸੰਗਤ ਨੂੰ ਪਰਾਤਾਂ ਭਰ-ਭਰ ਲੱਡੂ ਵੰਡੇ ਗਏ ਤੇ ਗੁੜ ਵੰਡਿਆ ਗਿਆ। ਸਾਰੀ ਸੰਗਤ ਬਾਲ ਹਰਿਰਾਇ ਜੀ ਨੂੰ ਅਸੀਸਾਂ ਦੇ ਰਹੀ ਸੀ।

SIKHBOOKCLUB.COM

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੋਤਰੇ ਦਾ ਨੂਰਾਨੀ ਮੁਖੜਾ ਦੇਖਣ ਲਈ ਕੀਰਤਪੁਰ ਸਾਹਿਬ ਜਾਣ ਦਾ ਫੈਸਲਾ ਕੀਤਾ ਤੇ ਕੀਰਤਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ। ਕੀਰਤਪੁਰ ਸਾਹਿਬ ਦੀਆਂ ਸੰਗਤਾਂ ਵੀ ਸਤਿਗੁਰਾਂ ਦੇ ਦਰਸ਼ਨਾਂ ਦੀ ਉਡੀਕ ਕਰ ਰਹੀਆਂ ਸਨ।

ਛੇਵੇਂ ਪਾਤਸ਼ਾਹ ਜਦ ਕੀਰਤਪੁਰ ਸਾਹਿਬ ਪਹੁੰਚੇ ਤਾਂ ਸੰਗਤਾਂ ਹੁਮ-ਹੁੰਮਾ ਕੇ ਦਰਸ਼ਨ ਕਰਨ ਆਈਆਂ। ਗੁਰੂ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਸਨ। ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰ ਨਿਹਾਲ ਹੋ ਰਹੀਆਂ ਸਨ। ਨਾਲੇ ਪੋਤਰੇ ਦੇ ਜਨਮ ਦੀਆਂ ਵਧਾਈਆਂ ਦੇ ਰਹੀਆਂ ਸਨ। ਸਭ ਦੇ ਚਿਹਰੇ ਖਿੜੇ ਹੋਏ ਸਨ।

ਸਤਿਗੁਰਾਂ ਦੇ ਬੈਠਣ ਵਾਸਤੇ ਤਖ਼ਤਪੋਸ਼ ਡਾਹਿਆ ਗਿਆ। ਉੱਤੇ ਆਸਣ ਵਿਛਾਇਆ ਗਿਆ। ਜਿਉਂ ਹੀ ਛੇਵੇਂ ਪਾਤਸ਼ਾਹ ਆਸਣ 'ਤੇ ਬੈਠੇ, ਪੋਤਰਾ ਬਾਲਕ ਹਰਿਰਾਇ ਜੀ ਲਿਆਕੇ ਗੋਦੀ ਵਿੱਚ ਪਾਇਆ ਗਿਆ। ਸਤਿਗੁਰ ਸਾਹਿਬ ਪੋਤਰੇ ਦਾ ਨੂਰਾਨੀ ਮੁੱਖੜਾ ਦੇਖ ਬਹੁਤ ਖੁਸ਼ ਹੋਏ ਤੇ ਬਹੁਤ ਪਿਆਰ



ਦਿੱਤਾ। ਖ਼ੁਸ਼ੀ ਵਿੱਚ ਸਤਿਗੁਰਾਂ ਬਚਨ ਕੀਤਾ–ਸਤਿਗੁਰ ਪਾਤਸ਼ਾਹ ਬਾਬੇ ਨਾਨਕ ਜੀ ਦੀ ਆਪਾਰ ਬਖ਼ਸ਼ਿਸ਼ ਹੋਈ ਹੈ ਜਿਸ ਨੇ ਵੇਲ ਵਧਾਈ ਹੈ।

ਛੇਵੇਂ ਪਾਤਸ਼ਾਹ ਜਿਉਂ–ਜਿਉਂ ਬਾਲਕ ਹਰਿਰਾਇ ਜੀ ਨੂੰ ਤੱਕਦੇ ਜਾਂਦੇ ਸਨ, ਤਿਉਂ–ਤਿਉਂ ਬਖ਼ਸ਼ਿਸ਼ਾਂ ਭਰੇ ਬਚਨ ਕਰੀ ਜਾਂਦੇ ਸਨ। ਸਭ ਤੋਂ ਅਮੋਲਕ ਵਸਤੂ ਪ੍ਰਾਪਤ ਕਰਨ ਦਾ ਵਾਰਿਸ ਆ ਗਿਆ ਏ। ਗੁਰਗੱਦੀ ਦਾ ਵਾਰਿਸ।

ਸਤਿਗੁਰਾਂ ਬਾਲ ਹਰਿਰਾਇ ਜੀ ਦੇ ਸਿਰ 'ਤੇ ਹੱਥ ਧਰਿਆ 'ਤੇ ਅਸੀਸਾਂ ਦੇ ਕੇ ਮਹਿਲਾਂ ਵਿੱਚ ਵਾਪਿਸ ਭੇਜ ਦਿੱਤਾ। ਸਤਿਗੁਰਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ ਵੀ ਆਣ ਚਰਨਾਂ 'ਤੇ ਮੱਥਾ ਟੇਕਿਆ। ਬਾਬਾ ਗੁਰਦਿੱਤਾ ਨੂੰ ਅਸ਼ੀਰਵਾਦ ਦਿੰਦਿਆਂ ਬਚਨ ਕੀਤਾ—ਬਾਲਕ ਹਰਿਰਾਇ ਜੀ ਸਾਡਾ ਪੋਤਰਾ ਬਹੁਤ ਭਾਗਾਂ ਵਾਲੇ ਹਨ। ਬਾਬੇ ਗੁਰਦਿੱਤੇ ਦੇ ਘਰ ਤਪੱਸਵੀ ਪੁੱਤਰ ਨੇ ਜਨਮ ਲਿਆ ਹੈ। ਧੰਨ ਬਾਲਕ ਹਰਿਰਾਇ ਜੀ ਦੀ ਮਾਤਾ ਰਾਜ ਕੌਰ ਹਨ। ਜਿਸ ਦੀ ਕੁੱਖੋਂ ਬਾਲਕ ਨੇ ਅਵਤਾਰ ਧਾਰਿਆ ਹੈ। ਫਿਰ ਸਤਿਗੁਰਾਂ ਬਖਸ਼ਿਸ਼ ਕਰਦੇ ਹੋਏ ਬਚਨ ਕੀਤਾ—ਇਹ ਬਾਲਕ ਗੁਰੂ ਘਰ ਦੀ ਸੰਗਤ ਦੀ ਅਗਵਾਈ ਕਰੇਗਾ ਤੇ ਕਥਾ ਕੀਰਤਨ ਤੇ ਲੰਗਰ ਪੰਗਤ ਦਾ ਪ੍ਰਵਾਹ ਚਲਾਏਗਾ।

ਬਾਲਾ ਪ੍ਰੀਤਮ ਹਰਿਰਾਇ ਜੀ ਦੇ ਮੁੱਖੜੇ ਦਾ ਨੂਰ ਡਲਕਾਂ ਮਾਰ ਰਿਹਾ ਸੀ। ਤੇਜ ਝੱਲਿਆ ਨਹੀਂ ਸੀ ਜਾਂਦਾ। ਐਸਾ ਪਰਤਾਪੀ ਬਾਲਕ ਪਹਿਲਾਂ ਕਦੀ ਨਹੀਂ ਸੀ ਦੇਖਿਆ, ਸਾਰੀ ਸੰਗਤ ਕਹਿ ਰਹੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੋ ਮਹੀਨੇ ਕੀਰਤਪੁਰ ਸਾਹਬਿ ਰਹੇ। ਇਸ ਸਮੇਂ ਦੂਰੋਂ-ਦੂਰੋਂ ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰਦੀਆਂ ਨਾਲ ਬਾਲਕ ਹਰਿਰਾਇ ਜੀ ਦੇ ਪ੍ਰਗਟ ਹੋਣ ਦੀਆਂ ਵਧਾਈਆਂ ਦਿੰਦੀਆਂ ਸਨ। ਖ਼ੁਸ਼ੀ ਦੇ ਸ਼ਬਦ ਪੜ੍ਹੇ ਜਾ ਰਹੇ ਸਨ। ਸਤਿਗੁਰਾਂ ਹੀ ਬਾਲਕ ਦਾ ਪਵਿੱਤਰ ਨਾਂ ਹਰਿਰਾਇ ਜੀ ਰੱਖਿਆ ਸੀ। ਛੇਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ ਬਾਲਕ ਹਰਿਰਾਇ ਜੀ ਪ੍ਰਗਟ ਹੋ ਕੇ ਧਰਤੀ ਦਾ ਭਾਰ ਹੌਲਾ ਕਰਨ ਆਏ ਹਨ।

ਬਾਲਾ ਪ੍ਰੀਤਮ ਹਰਿਰਾਇ ਜੀ ਥੋੜ੍ਹੇ ਵੱਡੇ ਹੋਏ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਉਂਗਲੀ ਲਾ ਆਪਣੇ ਨਾਲ ਤੋਰਨ ਲੱਗ ਪਏ ਸਨ। ਬਾਲ ਹਰਿਰਾਇ ਜੀ ਛੇਵੇਂ ਪਾਤਸ਼ਾਹ ਜੀ ਨੂੰ ਬਹੁਤ ਪਿਆਰੇ ਸਨ। ਸਤਿਗੁਰਾਂ ਦੀ ਪੁੱਤਰਾਂ ਵੱਲ ਨਜ਼ਰ ਨਹੀਂ ਗਈ ਪਰ ਪੋਤਰਾ ਹੀ ਜੱਚ ਗਿਆ। ਹਮੇਸ਼ਾ ਬਾਲਕ ਹਰਿਰਾਇ ਜੀ ਨੂੰ ਆਪਣੇ ਨਾਲ ਹੀ ਰੱਖਦੇ। ਉਨ੍ਹਾਂ ਦੀ ਹਰ ਦੇਖ-ਭਾਲ, ਵਿੱਦਿਆ ਸ਼ਸ਼ਤਰ ਸਿਖਲਾਈ ਦੀ ਜ਼ਿੰਮੇਵਾਰੀ ਆਪ ਹੀ ਸੰਭਾਲ ਲਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਲਾ ਪ੍ਰੀਤਮ ਹਰਿਰਾਇ ਜੀ ਇਸ ਕਦਰ ਪਿਆਰੇ ਸਨ ਕਿ ਦੀਵਾਨ ਵਿੱਚ ਵੀ ਆਪਣੇ ਨਾਲ ਹੀ ਬਿਠਾਉਂਦੇ।

ਰਾਤ ਸੌਣ ਵੇਲੇ ਵੀ ਆਪਣੇ ਕੋਲ ਮੰਜਾ ਡਹਾ ਲੈਂਦੇ ਤੇ ਆਪਣੇ ਕਮਰੇ ਵਿੱਚ ਹੀ ਸੁਲਾਉਂਦੇ।

ਸ੍ਰੀ ਗੁਰੂ ਹਰਿਗੋਬਿੰਦ ਜੀ ਬਾਲਾ ਪ੍ਰੀਤਮ ਹਰਿਰਾਇ ਜੀ ਨੂੰ ਆਪਣੇ ਸਾਹਮਣੇ ਬਿਠਾ ਕੇ ਲੰਗਰ ਛਕਾਉਂਦੇ। ਕੱਪੜਿਆਂ ਦੀ ਚੋਣ ਵੀ ਆਪ ਕਰਦੇ। ਬਾਲਕ ਹਰਿਰਾਇ ਜੀ ਦਾ ਹਰ ਨਿੱਕੀ-ਨਿੱਕੀ ਗਲ ਦਾ ਧਿਆਨ ਰੱਖਿਆ ਜਾਂਦਾ। ਸੰਗਤਾਂ ਵੀ ਜ਼ੁਬਾਨ 'ਤੇ ਸੀ, ਬਾਲ ਹਰਿਰਾਇ ਜੀ ਨੂੰ ਗੁਰਗੱਦੀ ਲਈ ਤਿਆਰ ਕੀਤਾ ਜਾ ਰਿਹਾ ਹੈ। ਗੁਰਗੱਦੀ ਦੇ ਵਾਰਿਸ ਅਸਲ ਵਿੱਚ ਬਾਲਾ ਪ੍ਰੀਤਮ ਹਰਿਰਾਇ ਜੀ ਹੀ ਹਨ।

SIKHBOOKCLUB.COM

# ਸ੍ਰੀ ਗੁਰੂ ਹਰਿਰਾਇ ਜੀ ਦਾ ਨਿਤਨੇਮ

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਲਾ ਪ੍ਰੀਤਮ ਹਰਿਰਾਇ ਜੀ ਦੀਆਂ ਬਾਲ ਲੀਲਾਵਾਂ ਦੇਖ ਕੇ ਬੜੇ ਪ੍ਰਸੰਨ ਹੁੰਦੇ ਸਨ। ਛੇਵੇਂ ਪਾਤਸ਼ਾਹ ਜੀ ਦਾ ਬਾਲ ਹਰਿਰਾਇ ਜੀ ਨਾਲ ਇਸ ਕਦਰ ਪਿਆਰ ਸੀ ਕਿ ਜਦੋਂ ਦੀਵਾਨ ਵਿੱਚ ਕਥਾ ਕਰਦੇ ਤਾਂ ਉਪਮਾ ਬਾਲ ਹਰਿਰਾਇ ਜੀ ਦਾ ਨਾਂ ਲੈ ਕੇ ਕਰਦੇ। ਫਿਰ ਕਈ ਵਾਰ ਬਚਨ ਕਰਦੇ ਕਰਦੇ ਕਹਿੰਦੇ, "ਜੇ ਕਿਸੇ ਭਗਤੀ, ਸਰੂਪ, ਵਿਰਾਗ, ਤਪੱਸਿਆ ਅਤੇ ਸਾਧਨਾ ਸਿੱਖਣੀ ਹੋਵੇ ਤਾਂ ਬਾਲਕ ਹਰਿਰਾਇ ਜੀ ਤੋਂ ਸਿੱਖੇ।" ਬਾਲਾ ਪ੍ਰੀਤਮ ਇਨ੍ਹਾਂ ਸਾਰੇ ਰੱਬੀ ਗੁਣਾਂ ਨਾਲ ਭਰਪੂਰ ਸਨ। ਉਨ੍ਹਾਂ ਬੜੀ ਜਲਦੀ ਕੀਰਤਨ ਕਰਨ ਵਿੱਚ ਵੀ ਮੁਹਾਰਤ ਹਾਸਲ ਕਰ ਲਈ ਸੀ। ਬਾਲ ਹਰਿਰਾਇ ਜੀ ਦਾ ਧਿਆਨ ਹਮੇਸ਼ਾ ਛੇਵੇਂ ਪਾਤਸ਼ਾਹ ਦੇ ਚਰਨਾਂ ਵਿੱਚ ਰਹਿੰਦਾ। ਧਿਆਨ ਗੁਰੂ ਚਰਨਾਂ ਵਿੱਚ ਟਿਕਿਆ ਰਹੇ, ਇਸ ਤੋਂ ਵੱਧ ਉਨ੍ਹਾਂ ਨੂੰ ਹੋਰ ਕੋਈ ਇੱਛਾ ਨਹੀਂ ਸੀ।

SIKHBOOKCLUB.COM

ਕੁਝ ਸਮਾਂ ਬੀਤਿਆ। ਬਾਲਕ ਹਰਿਰਾਇ ਜੀ ਥੋੜ੍ਹੇ ਵੱਡੇ ਹੋਏ। ਬਸੰਤ ਦਾ ਮੌਸਮ ਸੀ। ਚਾਰੇ ਪਾਸੇ ਫੁੱਲਾਂ ਦੀ ਬਹਾਰ ਖਿੜੀ ਹੋਈ ਸੀ। ਖੇਤਾਂ ਵਿੱਚ ਸਰੋਂ ਦੇ ਫੁੱਲ ਖਿੜੇ ਹੋਏ ਸਨ। ਹੋਲੀ ਦਾ ਤਿਉਹਾਰ ਵੀ ਨੇੜੇ ਸੀ। ਇਸ ਚੰਗੇ ਮੌਸਮ ਵਿੱਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੁਕਮਨਾਮੇ ਭੇਜ ਕੇ ਇੱਕ ਮਿੱਥੇ ਦਿਨ ਕੀਰਤਪੁਰ ਸਾਹਿਬ ਪਹੁੰਚਣ ਲਈ ਸੰਗਤਾਂ ਨੂੰ ਸੱਦਿਆ ਸੀ। ਸੰਗਤ ਮਿੱਥੇ ਦਿਨ ਹੁਮ-ਹੁਮਾ ਕੇ ਕੀਰਤਪੁਰ ਸਾਹਿਬ ਪਹੁੰਚੀ। ਦੀਵਾਨ ਵਿੱਚ ਸੰਗਤ ਦਾ ਠਾਠਾਂ ਮਾਰਦਾ ਇਕੱਠ ਸੀ। ਰਾਗੀ ਜਥਿਆਂ ਨੇ ਰਸ ਭਿੰਨਾ ਕੀਰਤਨ ਕੀਤਾ। ਢਾਡੀਆਂ ਨੇ ਵਾਰਾਂ ਗਾਇਨ ਕਰ ਸੰਗਤ ਵਿੱਚ ਵੀਰਤਾ ਰਸ ਭਰ ਦਿੱਤਾ ਸੀ।

ਜਦ ਦੀਵਾਨ ਦੀ ਸਮਾਪਤੀ ਹੋਈ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਗਤ ਵਿੱਚ ਬੈਠੇ ਬਾਲਾ ਪ੍ਰੀਤਮ ਹਰਿਰਾਇ ਜੀ ਨੂੰ ਬਾਂਹ ਤੋਂ ਫੜ ਉਠਾਇਆ। ਸਤਿਗੁਰਾਂ ਆਖਿਆ ਸਾਹਿਬਜ਼ਾਦੇ ਉਠੋਂ ਤੇ ਗੁਰਗੱਦੀ ਦੇ ਤਖ਼ਤ 'ਤੇ ਜਾ ਬਿਰਾਜੋ। ਤੁਹਾਡਾ ਸਥਾਨ ਹੁਣ ਗੁਰ ਤਖ਼ਤ ਹੈ। ਬਾਲਾ ਪ੍ਰੀਤਮ ਹਰਿਰਾਇ ਜੀ

ਉੱਠੇ 'ਤੇ ਤਖ਼ਤ 'ਤੇ ਜਾ ਬਿਰਾਜੇ। ਉਨ੍ਹਾਂ ਦੀ ਛਵੀ ਝੱਲੀ ਨਹੀਂ ਸੀ ਜਾਂਦੀ। ਬੇਸ਼ੱਕ ਉਮਰ ਅਜੇ ਬਹੁਤ ਛੋਟੀ ਸੀ ਪਰ ਨੂਰਾਨੀ ਚਿਹਰੇ ਦਾ ਜਲੋ-ਜਲਾਲ ਬੇਅੰਤ ਸੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਹਰਿਰਾਇ ਜੀ ਅੱਗੇ ਪੰਜ ਪੈਸੇ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ ਤੇ ਪ੍ਰਕਰਮਾ ਕੀਤੀਆਂ। ਭਾਈ ਭਾਨਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, "ਸਾਧ ਸੰਗਤ ਜੀ, ਹਰਿਰਾਇ ਜੀ ਅੱਜ ਤੋਂ ਤੁਹਾਡੇ ਗੁਰੂ ਹਨ। ਬਾਲਕ ਹਰਿਰਾਇ ਜੀ ਅੱਜ ਤੋਂ ਸ੍ਰੀ ਗੁਰੂ ਹਰਿਰਾਇ ਜੀ ਬਣ ਗਏ ਹਨ। ਇਸ ਮਹਾਨ ਖ਼ੁਸ਼ੀ ਦੇ ਸਮੇਂ ਸਾਰੀ ਸੰਗਤ ਵਾਰੀ-ਵਾਰੀ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕੇ। ਸਤਿਗੁਰ ਛੇਵੇਂ ਪਾਤਸ਼ਾਹ ਜੀ ਦੇ ਸਾਰੇ ਪਰਿਵਾਰ ਸਮੇਤ ਸਾਰੀ ਸੰਗਤ ਨੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕਿਆ ਤੇ ਬੜੀ ਖ਼ੁਸ਼ੀ ਮਨਾਈ।

ਕੁਝ ਦਿਨ ਬਾਅਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਨ ਸੁਣਨ ਤੋਂ ਬਾਅਦ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੇ ਹੱਥੀਂ ਛੇਵੇਂ ਪਾਤਸ਼ਾਹ ਜੀ ਦਾ ਸਸਕਾਰ ਕੀਤਾ।

SIKHBOOKCLUB.COM

ਗੁਰਗੱਦੀ 'ਤੇ ਬਿਰਾਜਮਾਨ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਦੇ ਦਰਸ਼ਨ ਕਰਨ ਸੰਗਤਾਂ ਦੂਰੋਂ-ਦੂਰੋਂ ਹੁਮ-ਹੁਮਾ ਕੇ ਕੀਰਤਪੁਰ ਸਾਹਿਬ ਪਹੁੰਚ ਰਹੀਆਂ ਸਨ। ਅੰਤਰਜਾਮੀ ਘੱਟ-ਘੱਟ ਕੇ ਜਾਣਨਹਾਰ ਸਤਿਗੁਰੂ ਹਰਿਰਾਇ ਜੀ ਬੇਸ਼ੱਕ ਆਪਣੀ ਅਜੇ ਬਾਲ ਅਵਸਥਾ ਵਿੱਚ ਸਨ ਪਰ ਉਨ੍ਹਾਂ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਗੁਰੂ ਸਾਹਿਬਾਂ ਦੇ ਬਸਤਰ ਸ਼ਾਹਾਨਾ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੱਤਵੀਂ ਜੋਤ ਗੁਰੂ ਹਰਿਰਾਇ ਜੀ ਰੂਹਾਨੀਅਤ ਦੇ ਭੰਡਾਰ ਸਨ।

ਸਤਿਗੁਰ ਪਾਤਸ਼ਾਹ ਜੀ ਦਾ ਨਿਤਨੇਮ ਹਰ ਰੋਜ਼ ਪੱਕਾ ਸੀ। ਸਵਾ ਪਹਿਰ ਰਹਿੰਦੀ ਰਾਤ ਨੂੰ ਗੁਰੂ ਹਰਿਰਾਇ ਜੀ ਉੱਠ ਜਾਂਦੇ ਸਨ। ਬਿਸਤਰੇ ਇਕੱਠੇ ਕਰ ਦਿੱਤੇ ਜਾਂਦੇ ਸਨ। ਕੀਰਤਪੁਰ ਸਾਹਿਬ ਦੇ ਬਿਲਕੁਲ ਲਾਗੇ ਸਤਲੁਜ ਦਰਿਆ ਵਹਿੰਦਾ ਸੀ। ਪਾਣੀ ਦੀ ਕੋਈ ਘਾਟ ਨਹੀਂ ਸੀ। ਸਤਿਗੁਰੂ ਪਾਤਸ਼ਾਹ ਨੂੰ ਇਸ਼ਨਾਨ ਕਰਵਾਉਣ ਲਈ ਸਿੱਖ ਗਾਗਰਾਂ ਭਰ-ਭਰ ਦਰਿਆ ਵਿੱਚੋਂ ਲੈ ਆਉਂਦੇ ਸਨ। ਕਈ-ਕਈ ਵਾਰੀ ਸੌ-ਸੌ ਗਾਗਰ ਪਾਣੀ ਦੀ ਸਿੱਖ ਭਰ ਲਿਆਉਂਦੇ। ਸੱਤਵੇਂ

ਪਾਤਸ਼ਾਹ ਹਰਿਰਾਇ ਜੀ ਖੁੱਲ੍ਹੇ ਪਾਣੀ ਵਿੱਚ ਇਸ਼ਨਾਨ ਕਰਦੇ। ਜੇ ਕਦੀ ਮੌਜ ਆਉਂਦੀ ਤਾਂ ਆਪ ਦਰਿਆ ਵਿੱਚ ਇਸ਼ਨਾਨ ਕਰਨ ਚਲੇ ਜਾਂਦੇ।

ਇਸ਼ਨਾਨ ਕਰਨ ਤੋਂ ਬਾਅਦ ਸਤਿਗੁਰੂ ਜੀ ਬਸਤਰ ਪਹਿਨ ਚੌਂਕੜਾ ਮਾਰ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਹੋ ਜਾਂਦੇ ਸਨ। ਕਦੀ ਸ਼ਬਦ ਉਚਾਰਨ ਕਰਦੇ ਤਾਂ ਸ਼ਬਦ ਦੀ ਤੁਕ ਪੜ੍ਹਦੇ-ਪੜ੍ਹਦੇ ਉਸੇ ਵਿੱਚ ਲੀਨ ਹੋ ਜਾਂਦੇ ਸਨ। ਕਈ-ਕਈ ਚਿਰ ਉਨ੍ਹਾਂ ਦੀ ਸਮਾਧੀ ਨਹੀਂ ਖੁੱਲ੍ਹਦੀ ਸੀ।

ਜਦੋਂ ਦਿਨ ਚੜ੍ਹਦਾ ਤਾਂ ਸਤਿਗੁਰੂ ਹਰਿਰਾਇ ਸਾਹਿਬ ਜੀ ਸ਼ਾਹੀ ਬਸਤਰ ਪਹਿਨ ਸੰਗਤ ਵਿੱਚ ਆ ਬਿਰਾਜਦੇ ਸਨ। ਦੀਵਾਨ ਸਜਿਆ ਹੁੰਦਾ ਸੀ। ਰਾਗੀ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕਰਦੇ ਸਨ। ਕੀਰਤਨ ਦਾ ਭੋਗ ਪੈਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਹਾਵਾਕ ਲਿਆ ਜਾਂਦਾ। ਸਤਿਗੁਰੂ ਜੀ ਕੁਝ ਚਿਰ ਪਾਠ ਸੁਣਦੇ। ਪਾਠ ਦੀ ਸਮਾਪਤੀ ਤੋਂ ਬਾਅਦ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਦੇ। ਸੰਗਤ ਕੀਰਤਨ ਸੁਣਨ ਵਿੱਚ ਮਗਨ ਹੋ ਜਾਂਦੀ।

ਰਬਾਬੀਆਂ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਗੁਰੂ ਹਰਿਰਾਇ ਜੀ ਜੋਟੀਆਂ ਦਾ ਸ਼ਬਦ ਜ਼ਰੂਰ ਪੜ੍ਹਦੇ। ਅੱਗੇ-ਅੱਗੇ ਆਪ ਪੜ੍ਹਦੇ ਤੇ ਪਿੱਛੇ-ਪਿੱਛੇ ਸੰਗਤ ਪੜ੍ਹਦੀ। ਇੱਕ ਅਕਹਿ ਅਨੰਦ ਵਾਪਰ ਜਾਂਦਾ। ਆਖਰ ਵਿੱਚ ਆਰਤੀ ਦਾ ਸ਼ਬਦ 'ਗਗਨ ਮਹਿ ਥਾਲ' ਦਾ ਇੱਕ ਹੀ ਸ਼ਬਦ ਪੜ੍ਹ ਕੇ ਭੋਗ ਪਾਇਆ ਜਾਂਦਾ ਸੀ। ਫਿਰ ਖੜ੍ਹੇ ਹੋ ਕੇ ਅਰਦਾਸ ਕੀਤੀ ਜਾਂਦੀ। ਖੜ੍ਹੇ ਹੋ ਕੇ ਅਰਦਾਸ ਕਰਨ ਦੀ ਮਰਿਆਦਾ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਸ਼ੁਰੂ ਕੀਤੀ। ਫਿਰ ਇਹ ਮਰਿਆਦਾ ਪੱਕੇ ਤੌਰ 'ਤੇ ਕਾਇਮ ਹੋ ਗਈ।

ਅਰਦਾਸ ਤੋਂ ਬਾਅਦ ਸਾਰੀ ਸੰਗਤ ਲੰਗਰ ਵਿੱਚ ਪਹੁੰਚ ਜਾਂਦੀ ਸੀ। ਰਿਸ਼ੀਆਂ-ਮੁਨੀਆਂ ਵਰਗਾ ਸਤਿਕਾਰ ਕਰਦੇ ਹੋਏ, ਸਭ ਤੋਂ ਪਹਿਲਾਂ ਸੰਗਤ ਨੂੰ ਲੰਗਰ ਛਕਾਇਆ ਜਾਂਦਾ ਸੀ। ਸੱਤਵੇਂ ਪਾਤਸ਼ਾਹ ਬਹੁਤ ਵਾਰੀ ਆਪ ਲੰਗਰ ਵਰਤਾਉਂਦੇ ਸਨ। ਸਤਿਗੁਰ ਪਾਤਸ਼ਾਹ ਹਰਿਰਾਇ ਜੀ ਸੰਗਤਾਂ ਨੂੰ ਲੰਗਰ ਛਕਾ ਬਹੁਤ ਪ੍ਰਸੰਨ ਹੁੰਦੇ ਤੇ ਆਪ ਸਾਰਿਆਂ ਤੋਂ ਪਿੱਛੋਂ ਲੰਗਰ ਛੱਕਦੇ।

ਨਿਤਨੇਮ ਬਾਅਦ ਸਤਿਗੁਰੂ ਜੀ ਕੁਝ ਚਿਰ ਅਰਾਮ ਕਰਦੇ ਤੇ ਕੁੱਝ ਸਿੱਖਾਂ ਨਾਲ ਸ਼ਿਕਾਰ ਨੂੰ ਚਲੇ ਜਾਂਦੇ। ਸ਼ਾਮ ਨੂੰ ਦੀਵਾਨ ਵਿੱਚ ਗੁਰੂ ਘਰ ਦੀ ਕਥਾ ਹੁੰਦੀ ਸੀ। ਸੱਤਵੇਂ ਪਾਤਸ਼ਾਹ ਆਪ ਕਥਾ ਕਰਦੇ। ਵਿਦਵਾਨ ਕਥਾਵਾਚਕ ਵੀ ਗੁਰੂ ਘਰ ਦੀਆਂ ਸਾਖੀਆਂ ਤੇ ਵਿਚਾਰਾਂ ਸੰਗਤਾਂ ਨੂੰ ਸਰਵਣ ਕਰਵਾਉਂਦੇ ਸਨ।

ਕੀਰਤਪੁਰ ਸਾਹਿਬ ਵਿਦਵਾਨਾਂ ਦਾ ਗੜ੍ਹ ਬਣ ਗਿਆ ਸੀ। ਅੰਮ੍ਰਿਤ ਕੀਰਤਨ ਦੀ ਵਰਖਾ ਹੁੰਦੀ ਸੀ। ਹਰ ਰੋਜ਼ ਕੀਰਤਨ ਦਰਬਾਰ ਸੱਜਦਾ। ਨਿੱਤ ਦੇ ਵਿਹਾਰ ਵਿੱਚ ਸਤਿਗੁਰ ਹਰਿਰਾਇ ਜੀ ਹਰ ਰੋਜ਼ ਫੁੱਲਾਂ ਦੇ ਬਾਗ ਵਿੱਚ ਵੀ ਸੈਰ ਕਰਨ ਜਾਂਦੇ ਸਨ। ਦਵਾਖਾਨੇ ਦਾ ਵੀ ਪ੍ਰਬੰਧ ਸੀ। ਸੰਗਤਾਂ ਵਿੱਚ ਬਿਮਾਰਾਂ ਦਾ ਦਵਾ ਦਾਰੂ ਕੀਤਾ ਜਾਂਦਾ। ਮਰੀਜ਼ਾਂ ਦੇ ਦੁੱਖ ਦੂਰ ਕੀਤੇ ਜਾਂਦੇ ਸਨ।

ਸਤਿਗੁਰ ਹਰਿਰਾਇ ਜੀ ਬੇਸ਼ੱਕ ਅਜੇ ਬਾਲ ਅਵਸਥਾ ਵਿੱਚ ਸਨ ਪਰ ਘੋੜ ਸਵਾਰੀ ਤੇ ਨੇਜੇਬਾਜ਼ੀ ਵਿੱਚ ਉਨ੍ਹਾਂ ਨੂੰ ਪੂਰੀ ਮੁਹਾਰਤ ਹਾਸਲ ਸੀ। ਸੱਤਵੇਂ ਪਾਤਸ਼ਾਹ ਜਾਨਵਰਾਂ ਤੇ ਪੰਛੀਆਂ ਨੂੰ ਬਹੁਤ ਪਿਆਰ ਕਰਦੇ ਸਨ। ਪੰਛੀਆਂ ਨੂੰ ਹੱਥੀਂ ਚੋਗਾ ਖਿਲਾਉਂਦੇ ਸਨ।

ਸ਼ਾਮ ਦੇ ਨਿਤਨੇਮ ਵਿੱਚ ਸੋਦਰ ਦੇ ਪਾਠ ਵਿੱਚ ਆਪ ਹਾਜ਼ਰੀ ਭਰਦੇ। ਕੀਰਤਨ ਕਰਨਾ, ਕੀਰਤਨ ਸੁਣਨਾ ਉਨ੍ਹਾਂ ਦਾ ਨਿਤਨੇਮ ਬਣ ਚੁੱਕਾ ਸੀ। ਕੀਰਤਪੁਰ ਸਾਹਿਬ ਵਿੱਚ ਆਉਣ ਵਾਲੀਆਂ ਸੰਗਤਾਂ ਸਤਿਗੁਰੂ ਹਰਿਰਾਇ ਜੀ ਦੇ ਚਲਾਏ ਇਸ ਨਿਤਨੇਮ ਵਿੱਚ ਪਰਪੱਕ ਹੋ ਗਈਆਂ ਸਨ।

SIKHBOOKCLUB.COM

# ਲੰਗਰ ਦੀ ਬਰਕਤ ਦੀ ਸਾਖੀ

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਸੋਲਾਂ ਸਾਲਾਂ ਦੇ ਹੋਏ ਸਨ। ਸੰਨ 1646 ਈਸਵੀ ਵਿੱਚ ਪੰਜਾਬ ਦੇ ਮਾਲਵੇ ਦੇ ਇਲਾਕੇ ਵਿੱਚ ਕਾਲ ਪੈ ਗਿਆ ਸੀ। ਖੇਤਾਂ ਵਿੱਚ ਫ਼ਸਲ ਨਾ ਹੋਈ। ਲੋਕਾਂ ਦੀਆਂ ਭੜੋਲੀਆਂ ਵਿੱਚੋਂ ਦਾਣੇ ਮੁੱਕ ਗਏ ਸਨ। ਲੋਕ ਦਾਣੇ-ਦਾਣੇ ਨੂੰ ਤਰਸਣ ਲੱਗ ਗਏ ਸਨ। ਕਿਸੇ ਵੀ ਕੀਮਤ 'ਤੇ ਲੋਕਾਂ ਨੂੰ ਕਣਕ ਦੇ ਦਾਣੇ ਦੇਖਣ ਨੂੰ ਨਹੀਂ ਸੀ ਮਿਲਦੇ। ਪੰਜਾਬ ਦੇ ਇਸ ਮਾਲਵੇ ਦੇ ਇਲਾਕੇ ਵਿੱਚ ਜਦ ਦਾਣੇ ਮੁੱਕ ਗਏ ਤਾਂ ਲੋਕ ਆਪਣਾ ਪੇਟ ਕਿਵੇਂ ਭਰਨ।

ਪੰਜਾਬ ਦੇ ਲੋਕ ਭੁੱਖੇ ਸਨ ਪਰ ਇਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ। ਜੇ ਬਾਦਸ਼ਾਹ ਆਪਣੇ ਖਜ਼ਾਨੇ ਦਾ ਮੂੰਹ ਖੋਲ ਦੇਵੇ ਤਾਂ ਵੀ ਲੋਕਾਂ ਦੀ ਪੇਟ ਪੂਜਾ ਹੋ ਸਕਦੀ ਸੀ। ਪਰ ਇਹ ਵੀ ਬੜਾ ਮੁਸ਼ਕਿਲ ਸੀ। ਬਾਦਸ਼ਾਹ ਕੇਵਲ ਇੱਕ ਦੋ ਦਿਨ ਹੀ ਲੋਕਾਂ ਨੂੰ ਖੁਆ ਸਕਦਾ ਸੀ। ਆਖਰ ਉੱਥੋਂ ਵੀ ਧੱਕੇ ਹੀ ਪੈਣੇ ਸਨ। ਰੋਟੀ ਦਾ ਟੁਕੜਾ ਲੋਕਾਂ ਨੂੰ ਉਥੋਂ ਵੀ ਨਹੀਂ ਸੀ ਲੱਭਣਾ। ਹੁਣ ਇੱਕ ਹੀ ਦਰ ਰਹਿ ਗਿਆ ਸੀ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਦਾ ਦਰ। ਗੁਰੂ ਹੀ ਕਿਰਪਾ ਕਰਨ ਤਾਂ ਸਰਬੱਤ ਦਾ ਭਲਾ ਹੋ ਸਕਦਾ ਸੀ।

ਸ੍ਰੀ ਗੁਰੂ ਹਰਿਰਾਇ ਜੀ ਜੋ ਬਚਪਨ ਤੋਂ ਜਵਾਨੀ ਵੱਲ ਵੱਧ ਰਹੇ ਸਨ। ਮਸਾਂ ਸੋਲਾਂ ਸਾਲ ਦੇ ਹੋਏ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਮਨ ਵਿੱਚ ਗਹਿਰੀ ਵਿਚਾਰ ਕੀਤੀ। ਆਦਮੀ ਭੁੱਖ ਨਾਲ ਨਹੀਂ ਮਰਨਾ ਚਾਹੀਦਾ। ਪੰਜਾਬ ਦੀ ਧਰਤੀ ਪੰਜ ਦਰਿਆਵਾਂ ਦੀ ਧਰਤੀ ਹੈ। ਸਾਰੇ ਪੰਜਾਬ ਦੇ ਲੋਕ ਜੇ ਇੱਕ-ਇੱਕ ਮੁੱਠੀ ਅਨਾਜ ਵੀ ਮਾਲਵੇ ਦੇ ਇਲਾਕੇ ਨੂੰ ਦੇਣ ਤਾਂ ਮਾਲਵੇ ਦੇ ਲੋਕਾਂ ਨੂੰ ਪੰਜਾਬ ਵਾਲੇ ਪੰਜ ਸਾਲ ਤੱਕ ਰੋਟੀ ਖਵਾ ਸਕਦੇ ਸਨ।

ਸ੍ਰੀ ਗੁਰੂ ਹਰਿਰਾਇ ਜੀ ਨੇ ਪੰਜਾਬ ਦੀਆਂ ਸੰਗਤਾਂ ਵੱਲ ਹੁਕਮਨਾਮੇ ਭੇਜੇ। ਹੁਕਮਨਾਮੇ ਵਿੱਚ ਲਿਖਿਆ ਸੀ ਕਿ ਹਰ ਗੁਰਸਿੱਖ ਆਪਣੇ ਘਰ ਲੰਗਰ ਲਗਾਏ। ਜੇ ਕੋਈ ਅੱਧੀ ਰਾਤ ਨੂੰ ਵੀ ਦਰਵਾਜ਼ਾ ਖੜਕਾਵੇ ਤਾਂ ਉਸ ਨੂੰ ਗੁਰਸਿੱਖ ਦੇ ਘਰੋਂ ਪ੍ਰਸ਼ਾਦਾ ਜ਼ਰੂਰ ਮਿਲੇ। ਇਹੋ ਤਾਂ ਸਿੱਖੀ ਏ। ਪਹਿਲਾਂ ਕਿਸੇ ਨੂੰ ਛਕਾ ਕੇ ਫਿਰ

ਆਪ ਛੱਕਣਾ। ਦਿਲੋਂ ਸੇਵਾ ਕਰਨਾ। ਸਤਿਗੁਰਾਂ ਦਾ ਆਦੇਸ਼ ਸੀ। ਜੇ ਪਿੰਡ ਵਿੱਚ ਧਰਮਸ਼ਾਲਾ ਹੈ ਤਾਂ ਸਾਂਝਾ ਲੰਗਰ ਧਰਮਸ਼ਾਲਾ ਵਿੱਚ ਲਾਇਆ ਜਾਵੇ ਤੇ ਲੰਗਰ ਰਾਤ ਦਿਨ ਜਾਰੀ ਰਹੇ। ਜਿਹੜਾ ਦੂਜੇ ਨੂੰ ਛਕਾ ਕੇ ਫਿਰ ਆਪ ਛਕੇ, ਉਹੀ ਮੇਰਾ ਸਿੱਖ ਹੈ ਤੇ ਉਹੀ ਗੁਰੂ ਕਾ ਲੰਗਰ ਹੈ।

ਸ੍ਰੀ ਗੁਰੂ ਹਰਿਰਾਇ ਜੀ ਨੇ ਲੰਗਰ ਦੀ ਮਰਿਆਦਾ ਵਿੱਚ ਥੋੜ੍ਹੀ ਤਬਦੀਲੀ ਕੀਤੀ। ਜਿਸ ਧਰਮਸ਼ਾਲਾ ਵਿੱਚ ਲੰਗਰ ਚਲਦਾ ਸੀ, ਉੱਥੇ ਇੱਕ ਨਗਾਰਾ ਰੱਖਿਆ ਗਿਆ ਸੀ। ਜਦੋਂ ਨਗਾਰਾ ਵਜਦਾ ਤਾਂ ਉਸ ਦੀ ਆਵਾਜ਼ ਦੂਰ-ਦੂਰ ਤੱਕ ਜਾਂਦੀ ਸੀ। ਜਿਸ ਦਾ ਮਤਲਬ ਇਹ ਹੁੰਦਾ ਸੀ ਕਿ ਆਉ ਤੇ ਲੰਗਰ ਛੱਕੋ।

ਕਈ ਪਿੰਡਾਂ ਵਿੱਚ ਤੇ ਹਰ ਸਮੇਂ ਨਗਾਰਾ ਵੱਜਦਾ ਰਹਿੰਦਾ। ਚਾਹੇ ਦਿਨ ਹੋਵੇ ਜਾਂ ਰਾਤ, ਛੱਕਣ ਵਾਲੇ ਨੂੰ ਲੰਗਰ ਤਿਆਰ ਮਿਲੂ। ਦਿਨਾਂ ਵਿੱਚ ਹੀ ਸਾਰੀ ਭੁੱਖ ਮਰੀ ਦੂਰ ਹੋ ਗਈ। ਬਿਨਾਂ ਧਰਮ ਦਾ ਖਿਆਲ ਕੀਤੇ, ਚਾਹੇ ਕਿਸੇ ਵੀ ਧਰਮ ਦਾ ਹੋਵੇ, ਬਿਨਾਂ ਵਿਤਕਰੇ ਲੰਗਰ ਵਰਤਾਇਆ ਜਾਂਦਾ। ਸ੍ਰੀ ਗੁਰੂ ਸੱਤਵੇਂ ਪਾਤਸ਼ਾਹ ਹਰਿਰਾਇ ਜੀ ਦਾ ਐਸਾ ਪ੍ਰਤਾਪ ਛਾਇਆ ਕਿ ਕਿਸੇ ਵੀ ਪਿੰਡ ਲੰਗਰ ਦੀ ਕੋਈ ਕਮੀ ਨਹੀਂ ਰਹੀ। ਪੰਜਾਬ ਵਿੱਚ ਤੇ ਪੰਜਾਬ ਤੋਂ ਬਾਹਰ ਹਰ ਬੰਦੇ ਦੀ ਸ਼ਰਧਾ ਗੁਰੂ ਸਾਹਿਬ 'ਤੇ ਪੱਕੀ ਹੋ ਗਈ ਸੀ। ਲੋਕ ਸੋਚਣ ਲੱਗ ਪਏ ਸਨ ਕਿ ਸਹੀ ਮਾਅਨਿਆਂ ਵਿੱਚ ਪੰਜਾਬ ਦੇ ਰਾਖੇ ਗੁਰੂ ਹਰਿਰਾਇ ਜੀ ਹੀ ਹਨ।

ਕਾਲ ਦੇ ਸੰਕਟ ਵਿੱਚੋਂ ਗੁਰੂ ਹਰਿਰਾਇ ਜੀ ਨੇ ਮਾਲਵੇ ਦੇ ਇਲਾਕੇ ਨੂੰ ਕੱਢਿਆ। ਦਿੱਲੀ ਸਰਕਾਰ ਵਿੱਚ ਗੁਰੂ ਜੀ ਦੀ ਲੰਗਰ ਦੀਆਂ ਸਿਫਤਾਂ ਗੂੰਜੀਆਂ। ਸਾਰੇ ਹਾਕਮਾਂ ਨੇ ਗੁਰੂ ਸਾਹਿਬ ਜੀ ਦਾ ਧੰਨਵਾਦ ਕੀਤਾ ਸੀ। ਬਾਦਸ਼ਾਹ ਨੇ ਵੀ ਸਤਿਗੁਰਾਂ ਨੂੰ ਸ਼ਰਧਾ ਭਰਿਆ ਧੰਨਵਾਦ ਦਾ ਪੱਤਰ ਭੇਜਿਆ।

ਸ੍ਰੀ ਗੁਰੂ ਹਰਿਰਾਇ ਜੀ ਦਾ ਅਨਿਨ ਸਿੱਖ ਭਾਈ ਫੇਰੂ ਜੀ ਜੋ ਲੰਗਰ ਦੀ ਸੇਵਾ ਨਾਲ ਜੁੜੇ ਹੋਏ ਸਨ, ਰਾਤ ਦਿਨ ਲੰਗਰ ਦੀ ਸੇਵਾ ਕਰਦੇ ਸਨ। ਉਨ੍ਹਾਂ ਦੇ ਮਨ ਵਿੱਚ ਬੱਸ ਇੱਕ ਹੀ ਲਗਨ ਸੀ ਕਿ ਸਾਧ ਸੰਗਤ ਨੂੰ ਲੰਗਰ ਛਕਾਇਆ ਜਾਵੇ। ਗੁਰੂ ਜੀ ਦੀ ਕਿਰਪਾ ਇਸ ਵਿੱਚ ਹੀ ਛੁਪੀ ਸੀ।

ਭਾਈ ਫੇਰੂ ਜੀ ਇੱਕ ਦਿਨ ਬਹੁਤ ਥੱਕ ਗਏ ਸਨ। ਪਿਛਲੇ ਚਾਰ ਦਿਨ ਤੇ ਚਾਰ ਰਾਤਾਂ ਉਹ ਲਗਾਤਾਰ ਸੰਗਤਾਂ ਨੂੰ ਲੰਗਰ ਛਕਾ ਰਹੇ ਸਨ। ਅੱਖਾਂ ਵਿੱਚ ਉਨੀਂਦਰਾ ਸੀ, ਲੰਗਰ ਵੀ ਮਸਤਾਨਾ ਹੋਣ ਵਾਲਾ ਸੀ। ਅਚਾਨਕ ਕਾਫੀ ਸੰਗਤ ਲੰਗਰ ਛੱਕਣ ਲਈ ਲੰਗਰ ਹਾਲ ਵਿੱਚ ਆ ਗਈ।



SIKHBOOKCLUB.COM

ਲੰਗਰ ਤਿਆਰ ਕਰਨ ਲਈ ਕਾਫੀ ਸਮਾਂ ਲੱਗਣਾ ਸੀ ਪਰ ਆਈ ਸੰਗਤ ਨੂੰ ਲੰਗਰ ਉਸੇ ਵੇਲੇ ਹੀ ਚਾਹੀਦਾ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਹੁਕਮ ਕੀਤਾ ਲਾਂਗਰੀ ਨੂੰ ਕਿ ਇਸੇ ਵੇਲੇ ਲੰਗਰ ਤਿਆਰ ਕਰੋ। ਜਦ ਤੱਕ ਲੰਗਰ ਤਿਆਰ ਹੁੰਦਾ ਏ, ਉਦੋਂ ਤੱਕ ਜੋ ਕੁਝ ਵੀ ਲੰਗਰ ਵਿੱਚ ਤਿਆਰ ਹੈ, ਸਾਧ-ਸੰਗਤ ਨੂੰ ਵਰਤਾਇਆ ਜਾਵੇ। ਲੰਗਰ ਵਰਤਾਉਣ ਲਈ ਉਸ ਸਮੇਂ ਭਾਈ ਫੇਰੂ ਜੀ ਹਾਜ਼ਰ ਸਨ।

ਸੰਗਤਾਂ ਲੰਗਰ ਛੱਕਣ ਲਈ ਬੈਠ ਗਈਆਂ। ਉਸ ਸਮੇਂ ਲੰਗਰ ਵਿੱਚ ਇੱਕ ਟੋਕਰਾ ਪਰਾਉਂਠਿਆਂ ਨਾਲ ਭਰਿਆ ਪਿਆ ਸੀ। ਭਾਈ ਫੇਰੂ ਜੀ ਨੇ ਟੋਕਰਾ ਚੁੱਕ

ਪਰਾਉਂਠੇ ਸੰਗਤ ਵਿੱਚ ਵਰਤਾਉਣੇ ਸ਼ੁਰੂ ਕਰ ਦਿੱਤੇ। ਇਹ ਪਰਾਉਂਠੇ ਇੱਕ ਪੰਗਤ ਵਿੱਚ ਵਰਤਾ ਦਿੱਤੇ ਗਏ ਪਰ ਦੂਜੀ ਪੰਗਤ ਵਿੱਚ ਪਹੁੰਚਣ ਤੋਂ ਪਹਿਲਾਂ ਮੁੱਕ ਗਏ। ਇੱਕ ਦੂਜਾ ਸੇਵਾਦਾਰ ਇੱਕ ਹੋਰ ਟੋਕਰਾ ਮਿੱਸੇ ਪਰਸ਼ਾਦਿਆਂ ਦਾ ਚੁੱਕੀ ਆ ਰਿਹਾ ਸੀ। ਉਸ ਦੂਜੀ ਪੰਗਤ ਵਿੱਚ ਮਿੱਸੇ ਪਰਸ਼ਾਦੇ ਵਰਤਾਉਣੇ ਸ਼ੁਰੂ ਕਰ ਦਿੱਤੇ ਸਨ। ਸੰਗਤਾਂ ਨੇ ਬੜੀ ਸ਼ਰਧਾ ਨਾਲ ਛੱਕਣੇ ਸ਼ੁਰੂ ਕਰ ਦਿੱਤੇ ਸਨ। ਭਾਈ ਫੇਰੂ ਜੀ ਜੋ ਚਾਰ ਦਿਨਾਂ ਦੇ ਉਨੀਂਦਰੇ ਸਨ, ਸਾਧ-ਸੰਗਤ ਦੀ ਸੇਵਾ ਵਿੱਚ ਉਨ੍ਹਾਂ ਨੂੰ ਥਕੇਵਾਂ ਮਹਿਸੂਸ ਹੀ ਨਹੀਂ ਸੀ ਹੋਇਆ। ਸਤਿਗੁਰੂ ਹਰਿਰਾਇ ਜੀ ਦੇ ਉਦਮ ਸਦਕਾ ਲੰਗਰ ਦਾ ਸ਼ੌਕ, ਲੰਗਰ ਦੀ ਸ਼ਰਧਾ ਅਤੇ ਲੰਗਰ ਦਾ ਉੱਦਮ ਸਾਰੇ ਪੰਜਾਬ ਵਿੱਚ ਫੈਲ ਗਿਆ ਸੀ। ਨਗਾਰੇ ਦੀ ਮਰਿਆਦਾ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਸੀ।

ਗੁਰੂ ਘਰ ਦੇ ਤੇ ਗੁਰੂ ਘਰ ਦੇ ਲੰਗਰ ਦੇ ਦਰਵਾਜ਼ੇ, ਚੌਵੀ ਘੰਟੇ ਖੁੱਲ੍ਹੇ ਰਹਿੰਦੇ ਸਨ। ਸੰਗਤ ਤੇ ਪੰਗਤ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਚਾਰ ਚੰਨ ਲਾ ਰਹੀ ਸੀ।

ਲੰਗਰ ਦੀ ਮਰਿਆਦਾ ਨੇ ਹਕੂਮਤ 'ਤੇ ਬਹੁਤ ਪ੍ਰਭਾਵ ਪਾਇਆ। ਬਾਦਸ਼ਾਹ ਕੁਝ ਕਰਨਾ ਚਾਹੁੰਦਾ ਸੀ। ਉਹ ਬੜਾ ਸ਼ਰਮਸ਼ਾਰ ਸੀ। ਜੋ ਹਕੂਮਤ ਕਰ ਨਾ ਸਕੀ। ਗੁਰੂ ਹਰਿਰਾਇ ਜੀ ਕਰ ਦਿਖਾਇਆ। ਹਕੂਮਤ ਚਾਹੁੰਦੀ ਸੀ ਇਸ ਸੇਵਾ ਦੇ ਬਦਲੇ ਗੁਰੂ ਸਾਹਿਬ ਜੀ ਦੇ ਨਾਂ 'ਤੇ ਕੁਝ ਪਿੰਡ ਲੰਗਰ ਸੇਵਾ ਲਈ ਲਾ ਦਿੱਤੇ ਜਾਣ।

ਸ੍ਰੀ ਗੁਰੂ ਹਰਿਰਾਇ ਜੀ ਨੇ ਪਿੰਡ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਬਚਨ ਕੀਤਾ ਕਿ ਲੰਗਰ ਪ੍ਰਬੰਧ ਸੰਗਤ ਦਾ ਏ। ਇਸ ਵਿੱਚ ਸਰਕਾਰੀ ਖਜ਼ਾਨੇ ਦਾ ਇੱਕ ਪੈਸਾ ਵੀ ਨਹੀਂ ਵਰਤਿਆ ਜਾ ਸਕਦਾ। ਲੰਗਰ ਸਰਕਾਰੀ ਪੈਸਿਆਂ ਨਾਲ ਨਹੀਂ ਚੱਲ ਸਕਦੇ। ਲੰਗਰ ਦੀ ਬਰਕਤ ਸੰਗਤ ਏ। ਸਾਧ-ਸੰਗਤ ਦਾ ਚਲਾਇਆ ਲੰਗਰ ਤੇ ਗੁਰੂ ਦੀ ਕਿਰਪਾ ਨਾਲ ਲੰਗਰ ਦੀ ਬਰਕਤ ਹਮੇਸ਼ਾ ਬਣੀ ਰਹੇਗੀ।

SIKHBOOKCLUB.COM

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
# ਅੱਠਵੇਂ ਪਾਤਸ਼ਾਹ ਜੀ

## ਜਿਸ ਡਿੱਠੇ ਸਭ ਦੁੱਖ ਜਾਏ

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹ ਅਤੇ ਮਾਤਾ ਕ੍ਰਿਸ਼ਨ ਕੌਰ ਦੀ ਕੁੱਖੋਂ 7 ਜੁਲਾਈ ਸੰਨ 1656 ਅਤੇ 9 ਸਾਉਣ 1713 ਬਿਕਰਮੀ ਨੂੰ ਕੀਰਤਪੁਰ ਸਾਹਿਬ ਵਿਖੇ ਪ੍ਰਗਟ ਹੋਏ। ਅੱਠਵੇਂ ਪਾਤਸ਼ਾਹ ਜੀ ਦੇ ਪ੍ਰਗਟ ਹੋਣ 'ਤੇ ਬਹੁਤ ਖ਼ੁਸ਼ੀ ਮਨਾਈ ਗਈ। ਬਾਲਾ ਪ੍ਰੀਤਮ ਹਰਿਕ੍ਰਿਸ਼ਨ ਸਾਹਿਬ ਜੀ ਜਨਮ ਤੋਂ ਹੀ ਨੂਰਾਨੀ ਮੁੱਖੜੇ ਵਾਲੇ ਸਨ। ਸਤਿਗੁਰਾਂ ਦੇ ਦਰਸ਼ਨ ਕਰਦਿਆਂ ਹੀ ਭੁੱਖ ਲਹਿੰਦੀ ਸੀ। ਉਨ੍ਹਾਂ ਦੇ ਦਰਸ਼ਨ ਕਰਦਿਆਂ ਸਭ ਦੁੱਖ ਦੂਰ ਹੋ ਜਾਂਦੇ ਸਨ।

ਬਾਲਕ ਹਰਿਕ੍ਰਿਸ਼ਨ ਜੀ ਦੇ ਪ੍ਰਗਟ ਹੋਣ ਦਾ ਜਿਉਂ-ਜਿਉਂ ਸੰਗਤਾਂ ਨੂੰ ਪਤਾ ਲੱਗਦਾ ਗਿਆ, ਤਿਉਂ-ਤਿਉਂ ਸੰਗਤਾਂ ਕੀਰਤਪੁਰ ਸਾਹਿਬ ਦਰਸ਼ਨਾਂ ਨੂੰ ਆਉਣ ਲੱਗੀਆਂ। ਦਰਸ਼ਨ ਕਰਦਿਆਂ ਹੀ ਮਨੋਕਾਮਨਾ ਪੂਰੀਆਂ ਹੁੰਦੀਆਂ ਸਨ। ਸੰਗਤਾਂ ਜਦੋਂ ਬਾਲ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਦੀਆਂ ਤਾਂ ਨਿਹਾਲ ਹੋ ਜਾਂਦੀਆਂ।

ਬਾਲਾ ਪ੍ਰੀਤਮ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਜਦ ਥੋੜ੍ਹੇ ਵੱਡੇ ਹੋਏ ਤਾਂ ਉਨ੍ਹਾਂ ਦੀ ਉਮਰ ਉਸ ਸਮੇਂ ਚਾਰ ਸਾਲ ਦੀ ਸੀ। ਪਿਤਾ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਦੀ ਵਿੱਦਿਆ ਪੜ੍ਹਾਈ ਦਾ ਪ੍ਰਬੰਧ ਕੀਤਾ। ਬਾਲਾ ਪ੍ਰੀਤਮ ਬੜੀ ਤੇਜ਼ ਬੁੱਧੀ ਵਾਲੇ ਸਨ। ਹਰ ਗੱਲ ਨੂੰ ਬੜੀ ਤੇਜ਼ੀ ਨਾਲ ਸਮਝ ਲੈਂਦੇ ਸਨ। ਪੰਜ ਸਾਲ ਦੀ ਉਮਰ ਤੱਕ ਪਹੁੰਚਦਿਆਂ-ਪਹੁੰਚਦਿਆਂ ਆਪਣੀ ਤੀਖਣ ਬੁੱਧੀ ਸਦਕਾ ਗੁਰਬਾਣੀ ਦੀ ਡੂੰਘੀ ਜਾਣਕਾਰੀ ਅਤੇ ਸਮਝ ਹੋ ਗਈ ਸੀ।

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਅੰਤਿਮ ਸਮਾਂ ਬਹੁਤ ਨੇੜੇ ਜਾਣ ਬਾਲਾ ਪ੍ਰੀਤਮ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦਾ ਨਿਰਣਾ ਲਿਆ। ਇੱਕ ਦਿਨ ਨੀਯਤ ਕਰਕੇ ਦੂਰ-ਦੂਰ ਸੰਗਤਾਂ ਨੂੰ ਕੀਰਤਪੁਰ ਸਾਹਿਬ ਪਹੁੰਚਣ ਲਈ ਹੁਕਮਨਾਮੇ ਭੇਜੇ ਗਏ।

ਮਿਥੇ ਦਿਨ 'ਤੇ ਸੰਗਤਾਂ ਕੀਰਤਪੁਰ ਸਾਹਿਬ ਹੁਮ-ਹੁਮਾ ਕੇ ਪਹੁੰਚੀਆਂ। ਕੀਰਤਨ ਸਮਾਪਤੀ ਤੋਂ ਬਾਅਦ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜ਼ੀ ਨੇ ਬਾਲਾ ਪ੍ਰੀਤਮ ਹਰਿਕ੍ਰਿਸ਼ਨ ਜੀ ਨੂੰ ਪੰਜ ਪੈਸੇ ਤੇ ਨਾਰੀਅਲ ਰੱਖ ਮੱਥਾ ਟੇਕ ਦਿੱਤਾ ਤੇ ਪ੍ਰਕਰਮਾ ਕੀਤੀਆਂ। ਬਾਲਾ ਸਤਿਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਭਾਨਾ ਜੀ ਦੇ ਹੱਥੋਂ ਗੁਰਗੱਦੀ ਦਾ ਤਿਲਕ ਲਗਾਇਆ ਗਿਆ।

ਭਾਰੀ ਸੰਗਤ ਵਿੱਚ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਸੰਬੋਧਨ ਕਰਦੇ ਹੋਏ ਸੰਗਤਾਂ ਨੂੰ ਆਖਿਆ, "ਸਾਧ-ਸੰਗਤ ਜੀ ਅੱਜ ਤੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੁਹਾਡੇ ਗੁਰੂ ਹਨ। ਬੇਸ਼ੱਕ ਉਨ੍ਹਾਂ ਦੀ ਉਮਰ ਅਜੇ ਬਹੁਤ ਛੋਟੀ ਹੈ। ਪੰਜ ਸਾਲ ਤੋਂ ਥੋੜ੍ਹੀ ਜਿਹੀ ਜ਼ਿਆਦਾ। ਪਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਮੇਰਾ ਹੀ ਸਰੂਪ ਹਨ। ਜੋ ਕੋਈ ਇਨ੍ਹਾਂ ਨੂੰ ਮੱਥਾ ਟੇਕੇਗਾ, ਉਹ ਮਨ ਇੱਛਤ ਫਲ ਪਾਵੇਗਾ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਣ ਵਾਲੇ ਦੇ ਸਾਰੇ ਦੁੱਖ ਦਰਿਦਰ ਨਾਸ਼ ਹੋ ਜਾਣਗੇ। ਅੱਜ ਤੋਂ ਜਿਹੜਾ ਇਨ੍ਹਾਂ ਨੂੰ ਸਾਡਾ ਸਰੂਪ ਕਰਕੇ ਮੰਨੇਗਾ ਉਹ ਨਿਹਾਲ ਹੋ ਜਾਵੇਗਾ।"

ਸਤਿਗੁਰ ਹਰਿਰਾਇ ਜੀ ਦੇ ਬਚਨਾਂ ਦੀ ਸਮਾਪਤੀ ਤੇ ਅਰਦਾਸ ਕੀਤੀ ਗਈ ਉਪਰੰਤ ਸਾਰੀ ਸੰਗਤ ਨੂੰ ਕੜਾਹ ਪ੍ਰਸਾਦਿ ਵਰਤਾਇਆ ਗਿਆ।

ਸਤਿਗੁਰਾਂ ਇਸ ਮਹਾਨ ਖੁਸ਼ੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਕਰਵਾਏ। ਤੀਸਰੇ ਦਿਨ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ। ਸ੍ਰੀ ਗੁਰੂ ਹਰਿਰਾਇ ਜੀ ਕੋਲ ਬਾਈ ਸੌ ਘੋੜ ਸਵਾਰ ਸਿੱਖਾਂ ਦੀ ਫੌਜ ਸੀ। ਸਤਿਗੁਰਾਂ ਸਾਰਿਆਂ ਨੂੰ ਬਹੁਤ ਸਾਰਾ ਸਨਮਾਨ ਦੇ ਕੇ ਨਿਵਾਜਿਆ ਤੇ ਫਿਰ ਹੁਕਮ ਕੀਤਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਨੂੰ ਮੇਰਾ ਸਰੂਪ ਜਾਣ ਇਨ੍ਹਾਂ ਦੀ ਸਦਾ ਤਾਬਿਆ ਵਿਚ ਰਹਿਣਾ। ਗੁਰੂ ਤੁਹਾਡਾ ਲੋਕ-ਪ੍ਰਲੋਕ ਸਹਾਈ ਹੋਵੇਗਾ। ਇਸ ਤੋਂ ਬਾਅਦ ਸਤਿਗੁਰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਕੁਝ ਦਿਨ ਬਾਅਦ ਜੋਤੀ-ਜੋਤ ਸਮਾ ਗਏ।

ਸਤਿਗੁਰ ਸ੍ਰੀ ਗੁਰੂ ਅੱਠਵੇਂ ਪਾਤਸ਼ਾਹ ਹਰਿਕ੍ਰਿਸ਼ਨ ਸਾਹਿਬ ਜੀ ਬੇਸ਼ੱਕ ਉਮਰ ਵਿੱਚ ਛੋਟੇ ਸਨ ਪਰ ਤੇਜ ਪ੍ਰਤਾਪ, ਧੀਰਜ, ਬਚਨ ਸਿੱਧੀ ਤੇ ਭਗਤੀ ਭੰਡਾਰਿਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਸਰੂਪ ਅੱਠਵੀਂ ਜੋਤ ਸਨ।

ਸਾਧ ਸੰਗਤ ਵਿੱਚ ਸੰਤ-ਪੁਰਖਾਂ ਵਾਂਗ ਬਚਨ ਕਰਦੇ ਸਨ। ਸਤਿਗੁਰਾਂ ਦਾ ਨੂਰਾਨੀ ਮੁੱਖੜਾ ਬਹੁਤ ਮਨਮੋਹਣਾ ਸੀ। ਬਾਲ ਸਤਿਗੁਰੂ ਸਾਧ-ਸੰਗਤ ਨੂੰ ਆਪਣੇ ਦਰਸ਼ਨਾਂ ਨਾਲ ਨਿਹਾਲ ਕਰਦੇ ਸਨ। ਸੰਗਤਾਂ ਦਾ ਦਿਲ ਕਰਦਾ ਸਤਿਗੁਰ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕਰਦੇ ਹੀ ਰਹੀਏ।

ਕੀਰਤਪੁਰ ਸਾਹਿਬ ਸਵੇਰੇ ਸ਼ਾਮ ਦੋ ਵੇਲੇ ਭਾਰੀ ਦੀਵਾਨ ਸਜਣ ਲੱਗੇ। ਸੰਗਤਾਂ ਦੀ ਆਵਾਜਾਈ ਤੇ ਰੌਣਕ ਹਰ ਵੇਲੇ ਬਣੀ ਰਹਿਣ ਲੱਗੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਰ ਰੋਜ਼ ਸ਼ਾਮ ਵੇਲੇ ਪਾਲਕੀ 'ਤੇ ਬੈਠ ਕੇ ਸੈਰ ਕਰਨ ਜਾਂਦੇ ਸਨ। ਅੱਗੇ-ਅੱਗੇ ਸੰਗਤਾਂ ਨੇ ਪਾਲਕੀ ਚੁੱਕੀ ਹੁੰਦੀ ਤੇ ਪਿੱਛੇ-ਪਿੱਛੇ ਮਾਈਆਂ ਬੀਬੀਆਂ ਜੋਟੀਆਂ ਦੇ ਸ਼ਬਦ ਪੜ੍ਹਦੀਆਂ ਚੱਲਦੀਆਂ ਜਾਂਦੀਆਂ ਸਨ। ਪਾਲਕੀ ਦੇ ਨਾਲ ਪ੍ਰਮੁੱਖ ਸਿੱਖ ਵੀ ਚੱਲਦੇ ਸਨ।

ਇੱਕ ਦਿਨ ਅੱਠਵੇਂ ਪਾਤਸ਼ਾਹ ਹਰ ਰੋਜ਼ ਦੀ ਤਰ੍ਹਾਂ ਸ਼ਾਮ ਨੂੰ ਜਦ ਪਾਲਕੀ ਵਿੱਚ ਬੈਠ ਕੇ ਸੈਰ ਨੂੰ ਨਿਕਲੇ ਤਾਂ ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਕੁਸ਼ਟ ਰੋਗ ਨਾਲ ਪੀੜਤ ਇੱਕ ਬ੍ਰਾਹਮਣ ਸਤਿਗੁਰਾਂ ਦੀ ਪਾਲਕੀ ਅੱਗੇ ਆਣ ਕੇ ਲੰਮਾ ਪੈ ਗਿਆ ਤੇ ਉੱਚੀ-ਉੱਚੀ ਰੋਣ ਲੱਗ ਪਿਆ।

ਦਇਆ ਦੇ ਸਾਗਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪਾਲਕੀ ਨੂੰ ਰੋਕਣ ਲਈ ਆਖਿਆ। ਅੱਠਵੇਂ ਪਾਤਸ਼ਾਹ ਜਿਸ ਆਪਣੇ ਰੁਮਾਲ ਨਾਲ ਆਪਣਾ ਹੱਥ ਮੂੰਹ ਸਾਫ ਕਰਦੇ ਸਨ, ਉਹੀ ਰੁਮਾਲ ਉਸ ਬ੍ਰਾਹਮਣ ਨੂੰ ਦੇ ਕੇ ਆਖਿਆ ਕਿ ਇਸ ਰੁਮਾਲ ਨੂੰ ਤੂੰ ਆਪਣੇ ਪਿੰਡੇ 'ਤੇ ਫੇਰਿਆ ਕਰ ਨਾਲ ਧੋ ਕੇ ਇਸ ਦਾ ਪਾਣੀ ਪੀਆ ਕਰ, ਚੰਗਾ ਹੋ ਜਾਵੇਗਾ।

ਸਤਿਗੁਰਾਂ ਜਿਸ ਤਰ੍ਹਾਂ ਆਖਿਆ ਸੀ, ਘਰ ਜਾ ਕੇ ਉਸ ਰੋਗੀ ਬ੍ਰਾਹਮਣ ਨੇ ਉਸੇ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਕ੍ਰਿਪਾ ਸਦਕਾ ਕੁਸ਼ਟੀ ਬ੍ਰਾਹਮਣ ਕੁਸ਼ਟ ਰੋਗ ਤੋਂ ਬਿਲਕੁਲ ਠੀਕ ਹੋ ਗਿਆ।

ਬ੍ਰਾਹਮਣ ਦੀ ਠੀਕ ਹੋਣ ਦੀ ਖ਼ਬਰ ਅੱਗ ਵਾਂਗ ਚਾਰੇ ਪਾਸੇ ਫੈਲ ਚੁੱਕੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕੀਰਤੀ ਘਰ-ਘਰ ਪਹੁੰਚ ਗਈ ਸੀ। ਬੇਅੰਤ ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰਨ ਕੀਰਤਪੁਰ ਸਾਹਿਬ ਪਹੁੰਚ ਰਹੀਆਂ

ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਬਿਮਾਰ ਵੀ ਆਪਣੇ ਇਲਾਜ ਲਈ ਸਤਿਗੁਰਾਂ ਕੋਲ ਆਉਣ ਲੱਗ ਪਏ ਸਨ। ਸਤਿਗੁਰ ਹਰਿਕ੍ਰਿਸ਼ਨ ਸਾਹਿਬ ਜੀ ਕੁਝ ਦਵਾ ਦਾਰੂ ਤੇ ਆਪਣੇ ਸਤ ਬਚਨਾਂ ਰਾਹੀਂ ਉਨ੍ਹਾਂ ਨੂੰ ਠੀਕ ਕਰ ਦਿੰਦੇ ਸਨ। ਸਤਿਗੁਰਾਂ ਦੀ ਵਡਿਆਈ ਹੁਣ ਪੂਰੇ ਭਾਰਤ ਦੇਸ਼ ਵਿੱਚ ਫੈਲ ਚੁੱਕੀ ਸੀ। ਇੱਥੋਂ ਤੱਕ ਕਿ ਪਹਾੜੀ ਰਾਜੇ ਵੀ ਬੜੀ ਸ਼ਰਧਾ ਨਾਲ ਸਤਿਗੁਰਾਂ ਦੇ ਦਰਸ਼ਨ ਕਰਨ ਆਉਣ ਲੱਗ ਪਏ ਸਨ।

SIKHBOOKCLUB.COM

## ਦਰਸ਼ਨਾਂ ਲਈ ਸੰਗਤਾਂ ਦੀ ਵਿਆਕੁਲਤਾ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅੱਠਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਵਿਖੇ ਆਪਣੇ ਬਚਨਾਂ ਰਾਹੀਂ ਸੰਗਤਾਂ ਨੂੰ ਤਾਰ ਰਹੇ ਸਨ। ਸੰਗਤਾਂ ਬਾਲਾ ਪ੍ਰੀਤਮ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਹਰ ਵੇਲੇ ਉਤਾਵਲੀਆਂ ਰਹਿੰਦੀਆਂ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਚੁੱਕੀ ਸੀ। ਪਰ ਦੂਸਰੇ ਪਾਸੇ ਉਨ੍ਹਾਂ ਦੇ ਵੱਡੇ ਭਰਾ ਰਾਮਰਾਇ ਜੀ ਜਿਨ੍ਹਾਂ ਨੂੰ ਗੁਰਬਾਣੀ ਦੀ ਤੁੱਕ ਬਦਲਣ ਕਰਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਗੁਰੂ ਘਰ ਤੋਂ ਵਾਂਝੇ ਕਰ ਦਿੱਤਾ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਮਤ ਵਿੱਚ ਹਰ ਤਰ੍ਹਾਂ ਪਰਪਕ ਜਾਣ ਗੁਰੂ ਗੱਦੀ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦੇ ਦਿੱਤੀ ਸੀ। ਬਾਲ ਗੁਰੂ ਜੀ ਹਰ ਤਰ੍ਹਾਂ ਨਾਲ ਸਮਰੱਥ ਸਨ। ਗੁਰਗੱਦੀ ਨਾ ਮਿਲਣ ਕਾਰਨ ਰਾਮਰਾਇ ਜੀ ਨੇ ਗੁਰੂ ਸਾਹਿਬ ਨਾਲ ਮਨ ਵਿੱਚ ਈਰਖਾ ਪਾਲ ਲਈ ਸੀ। ਉਸ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਕੁਝ ਮਸੰਦਾ ਸਮੇਤ ਮਿਲਕੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵਿਰੁੱਧ ਸ਼ਿਕਾਇਤ ਕੀਤੀ ਸੀ।

ਰਾਮਰਾਇ ਨੇ ਸ਼ਿਕਾਇਤ ਵਿੱਚ ਆਖਿਆ ਸੀ ਕਿ ਉਨ੍ਹਾਂ ਦੇ ਛੋਟੇ ਭਰਾ ਜੋ ਹੁਣ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ ਦੀ ਉਮਰ ਅਜੇ ਸਾਢੇ ਪੰਜ ਸਾਲ ਦੀ ਹੋਈ ਹੈ। ਐਨੀ ਛੋਟੀ ਉਮਰ ਹੋਣ ਕਰਕੇ ਉਹ ਗੁਰਗੱਦੀ ਸੰਭਾਲਣਯੋਗ ਨਹੀਂ ਹਨ। ਉਨ੍ਹਾਂ ਨੂੰ ਇੱਥੇ ਦਿੱਲੀ ਬੁਲਾ ਕੇ ਦੇਖਿਆ ਜਾਵੇ ਕਿ ਉਹ ਗੁਰੂ ਘਰ ਨੂੰ ਸੰਭਾਲ ਸਕਦੇ ਹਨ ਕਿ ਨਹੀਂ।

ਬਾਦਸ਼ਾਹ ਔਰੰਗਜ਼ੇਬ ਨੇ ਰਾਮਰਾਇ ਨੂੰ ਸਮਝਾਉਂਦੇ ਹੋਏ ਆਖਿਆ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅੱਠਵੀਂ ਜੋਤ ਨਾਨਕ ਸਰੂਪ ਹੀ ਹਨ। ਵੱਡੇ ਭਰਾ ਹੋਣ ਦੇ ਨਾਤੇ ਤੁਹਾਨੂੰ ਉਨ੍ਹਾਂ ਨਾਲ ਵੈਰ ਵਿਰੋਧ ਨਹੀਂ ਕਰਨਾ ਚਾਹੀਦਾ। ਪਰ ਰਾਮਰਾਇ ਦੇ ਮਨ ਵਿੱਚੋਂ ਈਰਖਾ ਭਾਵਨਾ ਦੂਰ ਨਹੀਂ ਹੋਈ। ਉਸ ਨੇ ਕੁਝ ਆਪਣੇ ਪੱਖੀ ਮਸੰਦਾਂ ਨੂੰ ਨਾਲ ਲੈ ਅਤੇ ਬਾਦਸ਼ਾਹ ਨੂੰ ਵਾਰ-ਵਾਰ ਮਿਲ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਦਰਸ਼ਨ ਦੇਣ ਲਈ ਔਰੰਗਜ਼ੇਬ ਬਾਦਸ਼ਾਹ ਕੋਲੋਂ ਪੱਤਰ ਜਾਰੀ ਕਰਵਾ

ਦਿੱਤਾ। ਔਰੰਗਜ਼ੇਬ ਨੇ ਲਾਗੇ ਬੈਠੇ ਰਾਜਾ ਜੈ ਸਿੰਘ ਜੈਪੁਰ ਦੇ ਨੂੰ ਹੁਕਮ ਕੀਤਾ ਕਿ ਉਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਕੀਰਤਪੁਰ ਸਾਹਿਬ ਤੋਂ ਦਿੱਲੀ ਲੈ ਕੇ ਆਉਣ।

ਰਾਜਾ ਜੈ ਸਿੰਘ ਦੇ ਦਿੱਲੀ ਵਿੱਚ ਆਪਣੇ ਰਹਿਣ ਲਈ ਮਹੱਲ ਸਨ। ਉਸ ਮਹਿਲਾਂ ਵਿੱਚ ਜਾ ਕੇ ਆਪਣੇ ਦੀਵਾਨ ਪਰਸਰਾਮ ਨੂੰ ਪੰਜਾਹ ਘੋੜ ਸਵਾਰ, ਇੱਕ ਪਾਲਕੀ ਤੇ ਇੱਕ ਰੱਥ ਦੇ ਕੇ ਕੀਰਤਪੁਰ ਸਾਹਿਬ ਭੇਜਿਆ।

ਦੀਵਾਨ ਪਰਸਰਾਮ ਜਿਸ ਦਿਨ ਕੀਰਤਪੁਰ ਸਾਹਿਬ ਪਹੁੰਚਿਆ, ਉਸ ਵੇਲੇ ਸ਼ਾਮ ਪੈ ਚੁੱਕੀ ਸੀ। ਉਸ ਨੇ ਲੰਗਰ ਛੱਕਿਆ ਅਤੇ ਸੰਗਤਾਂ ਦੀ ਰੌਣਕ ਦੇਖ ਕੇ ਬਹੁਤ ਖੁਸ਼ ਹੋਇਆ। ਗੁਰੂ ਸਾਹਿਬ ਜੀ ਦੇ ਦਰਸ਼ਨ ਕਰ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪ੍ਰਤੀ ਅਥਾਹ ਸ਼ਰਧਾ ਜਾਗ ਪਈ ਸੀ। ਗੁਰੂ ਸਾਹਿਬਾਂ ਦੇ ਮਾਤਾ ਕ੍ਰਿਸ਼ਨ ਕੌਰ ਜੀ ਨੇ ਪ੍ਰਮੁੱਖ ਸਿੱਖਾਂ ਨੂੰ ਕਹਿ ਦੀਵਾਨ ਪਰਸਰਾਮ ਤੇ 50 ਘੋੜ ਸਵਾਰਾਂ ਦੇ ਰਹਿਣ ਦਾ ਪ੍ਰਬੰਧ ਕਰਵਾਇਆ।

ਅਗਲੇ ਦਿਨ ਜਦ ਦੀਵਾਨ ਸੱਜਿਆ ਤਾਂ ਪਰਸਰਾਮ ਨੇ ਆ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮੱਥਾ ਟੇਕਿਆ। ਰਾਜੇ ਜੈ ਸਿੰਘ ਵੱਲੋਂ ਜੋ ਨਜ਼ਰ ਭੇਟਾ ਲਿਆਂਦੀ ਸੀ, ਉਹ ਵੀ ਗੁਰੂ ਸਾਹਿਬਾਂ ਨੂੰ ਭੇਟ ਕੀਤੀ। ਬਾਲਾ ਪ੍ਰੀਤਮ ਸਤਿਗੁਰੂ ਜੀ ਨੇ ਦੀਵਾਨ ਪਰਸਰਾਮ ਨੂੰ ਅਸੀਸ ਦਿੱਤੀ।

ਦੀਵਾਨ ਪਰਸਰਾਮ ਨੇ ਥੋੜ੍ਹੀ ਦੇਰ ਬਾਅਦ ਜੋ ਬਾਦਸ਼ਾਹ ਔਰੰਗਜ਼ੇਬ ਵੱਲੋਂ ਲਿਖਿਆ ਪੱਤਰ ਲਿਆਂਦਾ ਸੀ, ਉਹ ਵੀ ਗੁਰੂ ਸਾਹਿਬਾਂ ਅੱਗੇ ਰੱਖਿਆ। ਗੁਰੂ ਸਾਹਿਬਾਂ ਨੇ ਮੁਨਸ਼ੀ ਸਿੱਖ ਭਾਈ ਸੰਗਤੀਏ ਤੋਂ ਪੜ੍ਹਾਇਆ, ਜੋ ਸਾਰੀ ਸੰਗਤ ਨੇ ਸੁਣਿਆ।

ਪੱਤਰ ਵਿੱਚ ਲਿਖਿਆ ਸੀ, ਸਤਿਗੁਰੂ ਜੀ, ਤੁਹਾਡੇ ਵੱਡੇ ਭਰਾ ਭਾਈ ਰਾਮਰਾਇ ਦੇ ਹੱਠ ਕਰਨ 'ਤੇ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਆਪ ਦਿੱਲੀ ਆ ਕੇ ਸੰਗਤਾਂ ਨੂੰ ਤੇ ਸਾਨੂੰ ਦਰਸ਼ਨ ਦੇ ਕੇ ਨਿਹਾਲ ਕਰੋ ਜੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਲਾ ਪ੍ਰੀਤਮ ਨੇ ਪੱਤਰ ਸੁਣਦੇ ਸਾਰ ਹੀ ਦਿੱਲੀ ਜਾਣ ਲਈ ਸੰਗਤਾਂ ਨੂੰ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ। ਅੱਠਵੇਂ ਪਾਤਸ਼ਾਹ ਜੀ ਨੇ ਉਸੇ ਸਮੇਂ ਕੀਰਤਪੁਰ ਸਾਹਿਬ ਦੀ ਮਰਿਆਦਾ, ਘਰ ਦਾ ਸਾਰਾ ਵਿਹਾਰ ਤੇ ਲੰਗਰ ਦਾ ਸਾਰਾ ਪ੍ਰਬੰਧ ਭਾਈ ਭਗਤੇ ਨੂੰ ਸੰਭਾਲ ਦਿੱਤਾ। ਆਪ

SIKHBOOKCLUB.COM

ਕੁਝ ਪ੍ਰਮੁੱਖ ਸਿੱਖਾਂ ਭਾਈ ਗੁਰਬਖਸ਼, ਭਾਈ ਪੰਜਾਬ, ਮੁਨਸ਼ੀ ਭਾਈ ਸੰਗਤੀਆ ਦੀਵਾਨ ਸਤੀ ਰਾਮ ਅਤੇ ਮਾਤਾ ਕ੍ਰਿਸ਼ਨ ਕੌਰ ਸਮੇਤ ਦਿੱਲੀ ਨੂੰ ਚੱਲਣ ਲਈ ਤਿਆਰ ਹੋ ਗਏ।

ਦਿੱਲੀ ਚੱਲਣ 'ਤੇ ਕੀਰਤਪੁਰ ਦੀ ਸਾਰੀ ਸੰਗਤ ਤੇ ਆਸੇ-ਪਾਸੇ ਦੀ ਸੰਗਤ ਸਤਿਗੁਰਾਂ ਦੇ ਦਰਸ਼ਨ ਕਰਨ ਆਈ। ਸਭ ਦੀਆਂ ਅੱਖਾਂ ਸੇਜਲ ਸਨ। ਜਦ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਨੂੰ ਤੁਰੇ ਤਾਂ ਸਾਰੀ ਸੰਗਤ ਨਾਲ ਤੁਰ ਪਈ। ਥੋੜ੍ਹੀ ਦੂਰ ਜਾਣ 'ਤੇ ਸਤਿਗੁਰੂ ਪਾਤਸ਼ਾਹ ਜੀ ਨੇ ਸੰਗਤ ਨੂੰ ਪਿਆਰ ਨਾਲ ਸਮਝਾ ਬੁਝਾ ਕੇ ਘਰਾਂ ਨੂੰ ਵਾਪਿਸ ਜਾਣ ਲਈ ਮੋੜਿਆ।

ਜਿਉਂ-ਜਿਉਂ ਸਤਿਗੁਰ ਬਾਲਾ ਪ੍ਰੀਤਮ ਹਰਿਕ੍ਰਿਸ਼ਨ ਸਾਹਿਬ ਜੀ ਅੱਗੇ ਵੱਧਦੇ ਗਏ ਉਸ ਇਲਾਕੇ ਦੀ ਸੰਗਤ ਦਰਸ਼ਨਾਂ ਨੂੰ ਵਿਆਕੁਲ ਵਹੀਰਾਂ ਘੱਤ ਕੇ ਆਣ ਰਲਦੀ ਗਈ ਤੇ ਨਾਲ ਤੁਰਦੀ ਗਈ। ਸਤਿਗੁਰ ਥੋੜ੍ਹੀ ਦੂਰ ਜਾ ਕੇ ਰੁਕ, ਸੰਗਤਾਂ ਨੂੰ ਫਿਰ ਸਮਝਾ ਬੁਝਾ ਕੇ ਵਾਪਿਸ ਘਰਾਂ ਨੂੰ ਮੋੜ ਦਿੰਦੇ। ਥੋੜ੍ਹੀ ਦੂਰ ਹੋਰ ਅੱਗੇ ਜਾਣ ਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਸੰਗਤ ਦਰਸ਼ਨਾਂ ਨੂੰ ਬਿਹਬਲ ਆਣ ਰਲਦੀ ਤੇ ਨਾਲ ਤੁਰਨ ਲੱਗਦੀ।

SIKHBOOKCLUB.COM

ਆਖਰ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਅੰਬਾਲੇ ਦੇ ਲਾਗੇ ਪਿੰਡ ਪੰਜੋਖਰੇ ਪਹੁੰਚ ਕੇ ਇੱਕ ਰੇਤ ਦਾ ਢੇਰ ਲਗਵਾ ਕੇ ਉਪਰ ਕੇਸਰੀਆ ਰੰਗ ਦੀ ਝੰਡੀ ਗਡਵਾ ਦਿੱਤੀ। ਸਤਿਗੁਰਾਂ ਬਚਨ ਕੀਤਾ ਇਸ ਤੋਂ ਅੱਗੇ ਜੋ ਸਾਡੇ ਨਾਲ ਜਾਵੇਗਾ, ਉਹ ਸਿੱਖੀ ਤੋਂ ਜਾਵੇਗਾ।

ਸਤਿਗੁਰਾਂ ਫਿਰ ਸੰਗਤ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਜਿਸ ਨੇ ਵੀ ਮਨ ਬਾਂਛਤ ਫਲ ਪ੍ਰਾਪਤ ਕਰਨੇ ਹਨ, ਉਹ ਇਸ ਢੇਰ ਨੂੰ ਮੱਥਾ ਟੇਕ ਵਾਪਿਸ ਘਰਾਂ ਨੂੰ ਪਰਤ ਜਾਣ। ਸਾਡੀ ਉਨ੍ਹਾਂ ਤੇ ਅਪਾਰ ਖੁਸ਼ੀ ਹੋਵੇਗੀ। ਸਤਿਗੁਰਾਂ ਦਾ ਹੁਕਮ ਮੰਨ ਸੰਗਤ ਉਸ ਅਸਥਾਨ ਨੂੰ ਮੱਥਾ ਟੇਕ ਭਰੇ ਮਨ ਨਾਲ ਆਪਣੇ ਘਰਾਂ ਨੂੰ ਵਾਪਿਸ ਪਰਤ ਗਈ। ਸਤਿਗੁਰ ਉਸ ਅਸਥਾਨ ਤੋਂ ਪਾਲਕੀ ਵਿੱਚ ਬੈਠ ਅੱਗੇ ਵੱਧਦੇ ਗਏ। ਰਸਤੇ ਵਿੱਚ ਆਉਂਦੀ ਸੰਗਤ ਨੂੰ ਦਰਸ਼ਨ ਦਿੰਦੇ ਹੋਏ ਹੌਲੀ-ਹੌਲੀ ਆਖਰ ਦਿੱਲੀ ਪਹੁੰਚ ਗਏ। ਰਾਜਾ ਜੈ ਸਿੰਘ ਨੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਬਹੁਤ ਸਤਿਕਾਰ ਕੀਤਾ ਤੇ ਸੰਗਤ ਸਮੇਤ ਆਪਣੇ ਮਹਿਲਾਂ ਵਿੱਚ ਠਹਿਰਾ ਕਰ ਲਿਆ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਵਿਖੇ ਰਾਜਾ ਜੈ ਸਿੰਘ ਜੀ ਦੇ ਮਹਿਲਾਂ ਵਿੱਚ ਠਹਿਰਾ ਕਰ ਲਿਆ ਸੀ। ਰਾਜਾ ਜੈ ਸਿੰਘ ਦੀ ਮਹਾਰਾਣੀ ਆਪਣੀਆਂ ਨੌਕਰਾਣੀਆਂ ਨਾਲ ਆਈ ਤਾਂ ਦਰਸ਼ਨ ਕਰਕੇ ਨਿਹਾਲ ਹੋ ਗਈ। ਸਤਿਗੁਰਾਂ ਦੀ ਦਿੱਲੀ ਆਮਦ ਦਾ ਬਾਦਸ਼ਾਹ ਔਰੰਗਜ਼ੇਬ ਨੂੰ ਜਦ ਪਤਾ ਲੱਗਾ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸ ਨੇ ਸਤਿਗੁਰਾਂ ਦੇ ਹਰ ਰੋਜ਼ ਦੇ ਖਰਚੇ ਲਈ ਪੰਜ ਸੌ ਰੁਪਏ ਲਗਾ ਦਿੱਤੇ। ਸਤਿਗੁਰਾਂ ਇਨ੍ਹਾਂ ਪੈਸਿਆਂ ਦਾ ਰਾਜਾ ਜੈ ਸਿੰਘ ਨੂੰ ਹਰ ਰੋਜ਼ ਲੰਗਰ ਲਾਉਣ ਲਈ ਹੁਕਮ ਕੀਤਾ। ਰਾਜਾ ਜੈ ਸਿੰਘ ਨੇ ਦਿੱਲੀ ਵਿੱਚ ਡੌਂਡੀ ਪਿਟਾਈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਲੰਗਰ ਵਿੱਚੋਂ ਲੋੜਵੰਦ ਆ ਕੇ ਪ੍ਰਸ਼ਾਦਾ ਛੱਕ ਸਕਦੇ ਹਨ।

ਰਾਜਾ ਜੈ ਸਿੰਘ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮਹਿਲਾਂ ਵਿੱਚ ਠਹਿਰਾ ਕਰਨ ਤੋਂ ਬਾਅਦ, ਬਾਦਸ਼ਾਹ ਔਰੰਗਜ਼ੇਬ ਕੋਲ ਗਿਆ। ਉਸ ਨੇ ਅੱਠਵੇਂ ਪਾਤਸ਼ਾਹ ਦੇ ਦਿੱਲੀ ਪਹੁੰਚਣ ਅਤੇ ਸਤਿਗੁਰਾਂ ਦੀ ਮਹਿਮਾ ਬਾਦਸ਼ਾਹ ਕੋਲ ਵਰਣਨ ਕੀਤੀ। ਸਤਿਗੁਰਾਂ ਦੀ ਮਹਿਮਾ ਸੁਣ ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜ਼ਾਦੇ ਬਹਾਦਰਸ਼ਾਹ ਜੋ ਅਜੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਮਰ ਦੇ ਸਨ ਨੂੰ ਚਾਰ ਸ਼ਾਹੀ ਦਰਬਾਰੀ ਨਾਲ ਤੋਹਫੇ ਦੇ ਕੇ ਸਤਿਗੁਰਾਂ ਕੋਲ ਦਰਸ਼ਨ ਕਰਨ ਭੇਜਿਆ। ਔਰੰਗਜ਼ੇਬ ਦਾ ਪੁੱਤਰ ਬਹਾਦਰ ਸ਼ਾਹ ਬਾਅਦ ਵਿੱਚ ਹਿੰਦੁਸਤਾਨ ਦਾ ਰਾਜਾ ਬਣਿਆ।

ਬਹਾਦਰ ਸ਼ਾਹ ਅੱਠਵੇਂ ਪਾਤਸ਼ਾਹ ਦੇ ਦਰਸ਼ਨ ਕਰਕੇ ਬਹੁਤ ਖ਼ੁਸ਼ ਹੋਇਆ। ਸ਼ਹਿਜ਼ਾਦੇ ਵੱਲੋਂ ਬਾਲ ਸਤਿਗੁਰਾਂ ਨੂੰ ਤੋਹਫ਼ੇ ਭੇਟ ਕੀਤੇ ਗਏ। ਸਤਿਗੁਰਾਂ ਨੇ ਤੋਹਫਿਆਂ 'ਚੋਂ ਪਹਿਚਾਣ ਕਰਦੇ ਹੋਏ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਲੀ ਚੁੱਕ ਕੇ ਗਲ ਵਿੱਚ ਪਾ ਲਈ ਬਾਕੀ ਕੁਝ ਨਾ ਸਵੀਕਾਰ ਕੀਤਾ। ਨਾਲ ਆਏ ਦਰਬਾਰੀ ਇਸ ਭੇਦ ਨੂੰ ਜਾਣ ਬਹੁਤ ਖ਼ੁਸ਼ ਹੋਏ। ਉਨ੍ਹਾਂ ਬਾਲ ਸਤਿਗੁਰੂ ਜੀ ਨੂੰ ਸੱਚੇ ਗੁਰੂ ਜਾਣ ਸੀਸ ਝੁਕਾਇਆ।

ਬਾਦਸ਼ਾਹ ਦੇ ਦਰਬਾਰੀ ਸਤਿਗੁਰਾਂ ਦੇ ਪ੍ਰਮੁੱਖ ਸਿੱਖਾਂ ਨਾਲ ਬਚਨ ਵਿਲਾਸ ਕਰਨ ਵਿੱਚ ਰੁਝ ਗਏ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਸ਼ਹਿਜ਼ਾਦਾ ਬਹਾਦਰਸ਼ਾਹ ਹਮ ਉਮਰ ਹੋਣ ਕਾਰਨ ਰਾਜਾ ਜੈ ਸਿੰਘ ਦੇ ਫਲਾਂ ਦੇ ਬਾਗ਼ ਵਿੱਚ ਖੇਡਣ ਚਲੇ ਗਏ। ਥੋੜ੍ਹੇ ਚਿਰ ਬਾਅਦ ਸ਼ਹਿਜ਼ਾਦਾ ਬਹਾਦਰ ਸ਼ਾਹ ਸਤਿਗੁਰਾਂ ਨੂੰ ਮੱਥਾ ਟੇਕ ਆਪਣੇ ਮਹਿਲੀਂ ਦਰਬਾਰੀਆਂ ਨਾਲ ਵਾਪਸ ਮੁੜ ਗਿਆ। ਸ਼ਹਿਜ਼ਾਦੇ ਨੇ ਆਪਣੇ ਪਿਤਾ ਬਾਦਸ਼ਾਹ ਔਰੰਗਜ਼ੇਬ ਕੋਲ ਸਤਿਗੁਰਾਂ ਦੀ ਬਹੁਤ ਸਿਫ਼ਤ ਕੀਤੀ ਜਿਸ 'ਤੇ ਬਾਦਸ਼ਾਹ ਦੀ ਸਤਿਗੁਰਾਂ ਤੇ ਹੋਰ ਵੀ ਸ਼ਰਧਾ ਵੱਧ ਗਈ।

ਜਦੋਂ ਅੱਠਵੇਂ ਪਾਤਸ਼ਾਹ ਬਾਲ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਪਹੁੰਚੇ ਸਨ, ਉਸ ਸਮੇਂ ਦਿੱਲੀ ਸ਼ਹਿਰ ਵਿੱਚ ਹੈਜ਼ੇ ਦੀ ਬਿਮਾਰੀ ਫੈਲ ਚੁੱਕੀ ਸੀ। ਜੋ ਵੀ ਬੀਮਾਰ ਸਤਿਗੁਰਾਂ ਦੇ ਦਰਸ਼ਨ ਕਰਨ ਆਉਂਦਾ ਪ੍ਰਮੁੱਖ ਸਿੱਖ, ਸਤਿਗੁਰਾਂ ਦੀ ਚਰਣਾਮ੍ਰਿਤ ਤੇ ਦਵਾ ਦਾਰੂ ਸਤਿਗੁਰਾਂ ਵੱਲੋਂ ਦੇ ਦਿੰਦੇ ਤੇ ਬਿਮਾਰ ਠੀਕ ਹੋ ਜਾਂਦਾ।

ਬਿਮਾਰਾਂ ਦੇ ਠੀਕ ਹੋਣ ਦੀ ਖਬਰ ਸਾਰੇ ਸ਼ਹਿਰ ਵਿੱਚ ਫੈਲ ਗਈ ਸੀ। ਸਾਰਾ ਦਿੱਲੀ ਸ਼ਹਿਰ ਹੀ ਸਤਿਗੁਰਾਂ ਦੇ ਦਰਸ਼ਨਾਂ ਨੂੰ ਪਹੁੰਚ ਗਿਆ ਸੀ। ਸਭ ਸਤਿਗੁਰਾਂ ਦੇ ਚਰਣਾਮ੍ਰਿਤ ਦੀ ਮੰਗ ਕਰਨ ਲੱਗੇ। ਭਾਈ ਗੁਰਬਖਸ਼ ਸਿੰਘ ਨੇ ਸਤਿਗੁਰਾਂ ਦੇ ਚਰਣਾਮ੍ਰਿਤ ਨੂੰ ਲੈ ਕੇ ਇੱਕ ਪਾਣੀ ਭਰੇ ਚੁਬੱਚੇ ਵਿੱਚ ਮਿਲਾ ਦਿੱਤਾ। ਲੋਕ ਚੁਬੱਚੇ ਵਿੱਚੋਂ ਬਰਤਨ ਭਰ-ਭਰ ਘਰਾਂ ਨੂੰ ਲਈ ਜਾਣ ਤੇ ਇਸ ਨੂੰ ਪੀ ਕੇ ਰਾਜ਼ੀ ਹੋਈ ਜਾਣ। ਗੁਰੂ ਜੀ ਨਾਲ ਬਿਮਾਰਾਂ ਨੂੰ ਦਵਾਈ ਦਾਰੂ ਵੀ ਦਈ ਜਾਣ। ਜਿਸ ਨਾਲ ਦਿੱਲੀ ਦੇ ਬਹੁਤ ਬਿਮਾਰ ਲੋਕ ਠੀਕ ਹੋ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕੀਰਤੀ ਦਿੱਲੀ ਦੇ ਘਰ-ਘਰ ਵਿੱਚ ਫੈਲ ਗਈ ਸੀ।

ਇੱਕ ਦਿਨ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਥੋੜ੍ਹਾ ਬੁਖਾਰ ਹੋ ਗਿਆ ਤੇ ਕੁਝ ਦਿਨ ਬਾਅਦ ਸੀਤਲਾ ਨਿਕਲ ਆਈ। ਮਾਤਾ ਕ੍ਰਿਸ਼ਨ ਕੌਰ ਜੀ ਨੇ ਵੈਦ ਨੂੰ ਸਤਿਗੁਰਾਂ ਨੂੰ ਦਿਖਾ ਦਵਾਈ ਦਿੱਤੀ। ਸਤਿਗੁਰੂ ਕੁਝ ਦਿਨ ਬਾਅਦ ਠੀਕ ਹੋ ਗਏ।

ਅੰਤਰਜਾਮੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਾਣੀ ਜਾਣ ਆਪਣਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਜਾਣ ਇੱਕ ਦਿਨ ਮਾਤਾ ਜੀ ਨੂੰ ਨਾਲ ਲੈ, ਰਾਜਾ ਜੈ ਸਿੰਘ ਦੇ ਮਹਿਲਾਂ 'ਚੋਂ ਬਾਹਰਵਾਰ ਨਿਕਲ ਜਿੱਥੇ ਰਾਜਾ ਜੈ ਸਿੰਘ ਦੀ ਫੌਜ ਰਹਿੰਦੀ ਸੀ, ਉੱਥੇ ਚਲੇ ਗਏ ਤੇ ਤੰਬੂ ਲਗਵਾ ਰਹਿਣ ਲੱਗ ਪਏ।

SIKHBOOKCLUB.COM

ਰਾਜਾ ਜੈ ਸਿੰਘ ਨੂੰ ਜਦ ਪਤਾ ਲੱਗਾ ਤਾਂ ਉਹ ਝੱਟ ਸਤਿਗੁਰਾਂ ਕੋਲ ਆਇਆਂ ਤੇ ਬੇਨਤੀ ਕੀਤੀ ਪਾਤਸ਼ਾਹ ਬਾਹਰਵਾਰ ਤੰਬੂ ਗੱਡਵਾ ਡੇਰਾ ਲਾਉਣ ਦਾ ਕੀ ਕਾਰਨ ਹੈ। ਬਾਲ ਸਤਿਗੁਰੂ ਹਰਿਕ੍ਰਿਸ਼ਨ ਜੀ ਸਾਹਿਬ ਨੇ ਬਚਨ ਕੀਤਾ, "ਰਾਜਾ ਜੈ ਸਿੰਘ, ਇਹ ਸਥਾਨ ਅਸੀਂ ਹਮੇਸ਼ਾ ਲਈ ਪਸੰਦ ਕੀਤਾ ਹੈ।"

ਰਾਜਾ ਜੈ ਸਿੰਘ ਝੱਟ ਸਮਝ ਗਿਆ ਕਿ ਬਾਲ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਬਹੁਤ ਨੇੜੇ ਹੈ। ਇਹ ਸਮਝ ਕੇ ਉਸ ਦੀਆਂ ਅੱਖਾਂ ਵਿੱਚ ਛਮ-ਛਮ ਅੱਥਰੂ ਵਹਿ ਤੁਰੇ। ਰਾਜਾ ਜੈ ਸਿੰਘ ਸਤਿਗੁਰਾਂ ਦੇ ਚਰਨਾਂ ਨਾਲ ਲਿਪਟ ਗਿਆ ਤੇ ਭੁੱਬਾਂ ਮਾਰ-ਮਾਰ ਕੇ ਰੋ ਪਿਆ। ਸਤਿਗੁਰਾਂ ਉਸ ਨੂੰ ਦਿਲਾਸਾ ਦਿੱਤਾ ਤੇ ਰਾਜੇ ਦੀ ਸੱਚੀ ਭਗਤੀ ਤੇ ਖ਼ੁਸ਼ ਹੋ ਕੇ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ।

ਸਤਿਗੁਰ ਅੱਠਵੇਂ ਪਾਤਸ਼ਾਹ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਦਾ ਅੰਤਿਮ ਸਮਾਂ ਬਹੁਤ ਨੇੜੇ ਜਾਣ ਸਾਰੇ ਸਿੱਖਾਂ ਨੂੰ ਆਪਣੇ ਕੋਲ ਪਹੁੰਚਣ ਦਾ ਸੰਦੇਸ਼ਾ ਭੇਜਿਆ। ਜਦ ਮਹਿਲਾਂ ਵਾਲੀ ਸਾਰੀ ਸੰਗਤ ਇਕੱਠੀ ਹੋਈ ਤਾਂ ਸਤਿਗੁਰਾਂ ਪੰਜ ਪੈਸੇ ਤੇ ਨਾਰੀਅਲ ਗੁਰਗੱਦੀ 'ਤੇ ਮੱਥਾ ਟੇਕ ਦਿੱਤਾ। ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਬਚਨ ਕੀਤਾ, "ਸਾਧ-ਸੰਗਤ ਜੀ ਅੱਜ ਤੋਂ ਤੁਹਾਡਾ ਗੁਰੂ 'ਬਾਬਾ ਬਕਾਲੇ'।" ਫਿਰ ਬਾਬਾ ਬੁੱਢਾ ਜੀ ਦੇ ਪੜਪੋਤਰੇ ਭਾਈ ਗੁਰਦਿੱਤੇ ਨੂੰ ਗੁਰਿਆਈ ਦਾ ਚਿੰਨ੍ਹ ਸੌਂਪ ਦਿੱਤਾ।

ਮਾਤਾ ਕ੍ਰਿਸ਼ਨ ਕੌਰ ਜੀ ਨੂੰ ਵਿਆਕੁਲ ਹੋਏ ਦੇਖ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਨ੍ਹਾਂ ਨੂੰ ਆਤਮਿਕ ਬਲ ਨਾਲ ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਸ਼ੋਕ ਮੋਹ ਤੋਂ ਮੁਕਤ ਕਰ ਦਿੱਤਾ।

ਦਿੱਲੀ ਦੀ ਸੰਗਤ ਨੂੰ ਜਦ ਇਸ ਦਾ ਪਤਾ ਲੱਗਾ ਤਾਂ ਦਰਸ਼ਨਾਂ ਲਈ ਵਹੀਰਾਂ ਘੱਤ ਕੇ ਸਤਿਗੁਰਾਂ ਦੇ ਤੰਬੂ ਸਾਹਮਣੇ ਆਣ ਕੇ ਬੈਠ ਗਈ। ਹਰ ਕੋਈ ਸਤਿਗੁਰਾਂ ਦੇ ਦਰਸ਼ਨ ਕਰਨਾ ਚਾਹੁੰਦਾ ਸੀ।

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੰਬੂ ਵਿੱਚ ਆਪਣੇ ਪਲੰਘ 'ਤੇ ਬਿਰਾਜਮਾਨ ਹੋ ਗਏ ਸਨ। ਸਤਿਗੁਰਾਂ ਪ੍ਰਮੁੱਖ ਸਿੱਖਾਂ ਨੂੰ ਅੰਦਰ ਬੁਲਾ ਕੇ ਹੁਕਮ ਕੀਤਾ ਕਿ ਪੰਜ-ਪੰਜ ਇਸਤਰੀ ਪੁਰਸ਼ਾਂ ਨੂੰ ਤੰਬੂ ਦੇ ਇਕ ਪਾਸਿਉਂ ਅੰਦਰ ਆਉਣ ਦਿੱਤਾ ਜਾਵੇ ਅਤੇ ਦਰਸ਼ਨ ਕਰਨ ਤੋਂ ਬਾਅਦ ਦੂਸਰੇ ਪਾਸਿਉਂ

ਤੰਬੂ ਦੇ ਬਾਹਰ ਜਾਣ ਦਿੱਤਾ ਜਾਵੇ।

ਪ੍ਰਮੁੱਖ ਸਿੱਖਾਂ ਅਤੇ ਰਾਜਾ ਜੈ ਸਿੰਘ ਨੇ ਸਤਿਗੁਰਾਂ ਦਾ ਹੁਕਮ ਮੰਨਦੇ ਹੋਏ ਪੰਜ-ਪੰਜ ਕਰਕੇ ਸੰਗਤ ਨੂੰ ਸਤਿਗੁਰਾਂ ਦੇ ਦਰਸ਼ਨ ਕਰਵਾਏ। ਸਤਿਗੁਰਾਂ ਸਾਰਿਆਂ ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਕੀਤੀ ਤੇ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ।

ਸ਼ਾਮ ਪੈ ਚੁੱਕੀ ਸੀ ਤੇ ਸਾਰੀ ਸੰਗਤ ਦਰਸ਼ਨ ਕਰਕੇ ਵਿਦਾ ਹੋ ਚੁੱਕੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਨੱਥੂ ਤੇ ਸੁੱਖਾਨੰਦ ਨੂੰ ਬੁਲਾ ਕੇ ਸਾਰੀ ਰਾਤ ਗੁਰਬਾਣੀ ਦਾ ਕੀਰਤਨ ਕਰਨ ਲਈ ਆਖਿਆ। ਬਾਕੀ ਸਾਰੇ ਸਿੱਖਾਂ ਨੂੰ ਸਾਰੀ ਰਾਤ ਜਾਗ ਕੇ ਕੀਰਤਨ ਸੁਣਨ ਲਈ ਹੁਕਮ ਕੀਤਾ। ਆਪ ਸਤਿਗੁਰੂ ਜੀ ਨੇ ਇੱਕ ਵੱਖਰਾ ਆਸਣ ਲਗਾਇਆ ਤੇ ਉਸ ਉੱਪਰ ਚੌਂਕੜਾ ਮਾਰ ਬਿਰਾਜ ਗਏ। ਜਦ ਡੇਢ ਪਹਿਰ ਰਾਤ ਰਹਿ ਗਈ ਤਾਂ ਸਤਿਗੁਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਪੂਰੇ ਸਰੀਰ 'ਤੇ ਬਸਤਰ ਲੈ ਢੱਕ ਲਿਆ ਤੇ ਜੋਤੀ ਜੋਤ ਸਮਾ ਗਏ। ਉਸ ਸਮੇਂ ਹਾਜ਼ਰ ਸੰਗਤਾਂ ਨੇ ਦੇਖਿਆ ਕਿ ਜਦ ਸਤਿਗੁਰੂ ਜੀ ਜੋਤੀ ਜੋਤ ਸਮਾਏ ਤਾਂ ਅਕਾਸ਼ ਵਿੱਚ ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਪ੍ਰਕਾਸ਼ ਹੋਇਆ।

SIKHBOOKCLUB.COM

ਦੂਸਰੇ ਦਿਨ ਦਿੱਲੀ ਦੀ ਸਾਰੀ ਸੰਗਤ ਤੇ ਰਾਜਾ ਜੈ ਸਿੰਘ, ਮਾਤਾ ਕ੍ਰਿਸ਼ਨ ਕੌਰ ਤੇ ਪ੍ਰਮੁੱਖ ਸਿੱਖਾਂ ਨੇ ਮਿਲ ਕੇ ਚੰਦਨ ਦੀਆਂ ਲੱਕੜਾਂ ਤੇ ਗੁਰੂ ਜੀ ਦਾ ਪੰਜਭੂਤਕ ਸਰੀਰ ਰੱਖ ਸਸਕਾਰ ਕਰ ਦਿੱਤਾ। ਔਰੰਗਜ਼ੇਬ ਬਾਦਸ਼ਾਹ ਵੱਲੋਂ ਵੀ ਦਰਬਾਰੀ ਸਸਕਾਰ ਮੌਕੇ ਹਾਜ਼ਰ ਹੋਏ।

ਦਸਵੇਂ ਦਿਨ ਦਿੱਲੀ ਦੀ ਸਾਰੀ ਸੰਗਤ ਦੂਰ-ਦੂਰ ਦੀ ਸੰਗਤ ਨੇ ਮਿਲ ਕੇ ਰਾਜਾ ਜੈ ਸਿੰਘ ਤੇ ਪ੍ਰਮੁੱਖ ਸਿੱਖਾਂ ਨੇ ਮਾਤਾ ਕ੍ਰਿਸ਼ਨ ਕੌਰ ਦੀ ਅਗਵਾਈ ਵਿੱਚ ਭੋਗ ਵਾਲੇ ਦਿਨ ਇੱਕ ਵੱਡਾ ਕੀਰਤਨ ਦਰਬਾਰ ਸਜਾਇਆ। ਬੈਰਾਗਮਈ ਰਸਭਿੰਨਾ ਗੁਰਬਾਣੀ ਕੀਰਤਨ ਹੋਇਆ। ਕੀਰਤਨ ਉਪਰੰਤ ਬਹੁਤ ਵੱਡਾ ਲੰਗਰ ਲਗਾਇਆ ਗਿਆ। ਮਾਤਾ ਕ੍ਰਿਸ਼ਨ ਕੌਰ ਜੀ ਥੋੜ੍ਹੇ ਦਿਨ ਹੋਰ ਰਾਜਾ ਜੈ ਸਿੰਘ ਦੇ ਮਹਿਲੀਂ ਦਿੱਲੀ ਰਹੇ ਤੇ ਫਿਰ ਸਿੱਖਾਂ ਸਮੇਤ ਕੀਰਤਪੁਰ ਸਾਹਿਬ ਆ ਗਏ।

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਪਣੀ ਬਾਲ ਅਵਸਥਾ ਵਿੱਚ ਸੱਤ ਸਾਲ ਅੱਠ ਮਹੀਨੇ ਅਤੇ ਅਠਾਰਾਂ ਦਿਨ ਕੁੱਲ ਉਮਰ ਬਿਤਾ ਕੇ ਜੋਤੀ ਜੋਤ ਸਮਾ ਗਏ ਸਨ।

# ਸ੍ਰੀ ਗੁਰੂ ਤੇਗ ਬਹਾਦੁਰ ਜੀ
# ਨੌਂਵੇਂ ਪਾਤਸ਼ਾਹ ਜੀ

## ਉਦਾਰਤਾ ਭਰੀ ਬਾਲ ਅਵਸਥਾ

ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਗਮਨ ਪਹਿਲੀ ਅਪ੍ਰੈਲ ਸੰਨ 1621 ਅਤੇ 19 ਮੱਘਰ ਸੁਦੀ 2 ਸੰਮਤ 1628 ਬ੍ਰਿਕਮੀ ਦਿਨ ਐਤਵਾਰ ਡੇਢ ਪਹਿਰ ਰਾਤ ਰਹਿੰਦੀ ਅੰਮ੍ਰਿਤਸਰ ਵਿਖੇ ਹੋਇਆ। ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਕੁੱਖੋਂ ਗੁਰੂ ਕੇ ਮਹਲ ਅੰਮ੍ਰਿਤਸਰ ਵਿਖੇ ਪ੍ਰਗਟ ਹੋਏ। ਬਾਲਾ ਪ੍ਰੀਤਮ ਤੇਗ ਬਹਾਦੁਰ ਸਾਹਿਬ ਜੀ ਛੇਵੇਂ ਪਾਤਸ਼ਾਹ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦਾ ਪਹਿਲਾ ਨਾਂ ਤਿਆਗ ਮੱਲ ਸੀ।

ਬਾਲ ਤੇਗ ਬਹਾਦੁਰ ਸਾਹਿਬ ਜੀ ਨੌਂ ਸਾਲ ਤੱਕ ਅੰਮ੍ਰਿਤਸਰ ਵਿਖੇ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੀ ਰਹੇ। ਛੇਵੇਂ ਪਾਤਸ਼ਾਹ ਬਾਲਕ ਤੇਗ ਬਹਾਦੁਰ ਜੀ ਦੀਆਂ ਬਾਲ ਲੀਲਾਵਾਂ ਨੂੰ ਦੇਖ ਕੇ ਬਹੁਤ ਖੁਸ਼ ਹੁੰਦੇ ਸਨ। ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਦਾ ਸੁਭਾਅ ਬਚਪਨ ਵਿੱਚ ਹੀ ਬੜਾ ਉਦਾਰਤਾ ਭਰਿਆ ਸੀ। ਉਨ੍ਹਾਂ ਕੋਲੋਂ ਜਦੋਂ ਵੀ ਕੋਈ ਕੁਝ ਮੰਗਣ ਆਉਂਦਾ, ਬਾਲ ਸਤਿਗੁਰੂ ਝੱਟ ਉਸੇ ਵੇਲੇ ਹੀ ਉਸ ਨੂੰ ਦੇ ਦਿੰਦੇ। ਕਦੀ ਕਿਸੇ ਨੂੰ ਖਾਲੀ ਨਹੀਂ ਸਨ ਮੋੜਦੇ। ਕਿਸੇ ਵੀ ਸੰਸਾਰਕ ਵਸਤੂ ਨਾਲ ਉਨ੍ਹਾਂ ਦਾ ਰਤਾ ਜਿੰਨਾ ਵੀ ਮੋਹ ਨਹੀਂ ਸੀ।

ਬਾਲ ਸਤਿਗੁਰੂ ਤੇਗ ਬਹਾਦੁਰ ਜੀ ਦੀ ਉਮਰ ਅਜੇ ਜਦੋਂ ਛੇ ਸਾਲ ਦੀ ਸੀ ਤਾਂ ਉਸ ਵੇਲੇ ਉਨ੍ਹਾਂ ਦੇ ਵੱਡੇ ਭਰਾ ਗੁਰਦਿੱਤੇ ਜੀ ਦੀ ਸ਼ਾਦੀ ਤੈਅ ਹੋ ਗਈ। ਮਾਤਾ ਨਾਨਕੀ ਜੀ ਨੇ ਬਾਲਕ ਤੇਗ ਬਹਾਦੁਰ ਜੀ ਨੂੰ ਬਹੁਤ ਸੁੰਦਰ ਕੀਮਤੀ

ਬਸਤਰ ਅਤੇ ਗਹਿਣੇ ਬਣਵਾ ਕੇ ਦਿੱਤੇ। ਜਦ ਇਨ੍ਹਾਂ ਬਸਤਰ ਤੇ ਗਹਿਣੇ ਪਹਿਨੇ ਤਾਂ ਇਨ੍ਹਾਂ ਨੂੰ ਬਹੁਤ ਹੀ ਫੱਬੇ। ਸ਼ਾਦੀ ਮੌਕੇ ਬਾਲ ਸਤਿਗੁਰੂ ਬਹੁਤ ਸੁੰਦਰ ਲੱਗ ਰਹੇ ਸਨ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮਾਤਾ ਨਾਨਕੀ ਜੀ, ਸਾਰਾ ਪਰਿਵਾਰ ਤੇ ਰਿਸ਼ਤੇਦਾਰ ਉਨ੍ਹਾਂ ਨੂੰ ਸੁੰਦਰ ਸਜੇ ਦੇਖ-ਦੇਖ ਅਤੇ ਉਨ੍ਹਾਂ ਨਾਲ ਬਚਨ ਕਰ-ਕਰ ਕੇ ਬਹੁਤ ਖੁਸ਼ ਹੋ ਰਹੇ ਸਨ। ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਵੀ ਇਸ ਖੁਸ਼ੀ ਦੇ ਮੌਕੇ ਸਾਰਿਆਂ ਨਾਲ ਬਚਨ ਕਰਕੇ ਹੱਸ ਰਹੇ ਸਨ।

ਇਸ ਸ਼ਾਦੀ ਦੇ ਖੁਸ਼ੀ ਦੇ ਅਵਸਰ ਮੌਕੇ ਇੱਕ ਗਰੀਬ ਬ੍ਰਾਹਮਣ ਗੁਰੂ ਕੇ ਮਹੱਲਾਂ ਦੇ ਵਿਹੜੇ ਵਿੱਚ ਆ ਬਾਲ ਸਤਿਗੁਰੂ ਜੀ ਦੇ ਸਾਹਮਣੇ ਖੜ੍ਹੋ ਗਿਆ। ਬਾਲਕ ਤੇਗ ਬਹਾਦੁਰ ਜੀ ਨੂੰ ਗੁਰੂ ਪੁੱਤਰ ਜਾਣ, ਬ੍ਰਾਹਮਣ ਇਨ੍ਹਾਂ ਤੋਂ ਹੀ ਕੁਝ ਦੇਣ ਲਈ ਮੰਗਣ ਲੱਗ ਪਿਆ।

ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਏਨੇ ਉਦਾਰਚਿਤ, ਕ੍ਰਿਪਾਲੂ ਅਤੇ ਦਿਆਲੂ ਸੁਭਾਅ ਦੇ ਮਾਲਕ ਸਨ ਕਿ ਉਸੇ ਵੇਲੇ ਆਪਣੇ ਸਭ ਕੀਮਤੀ ਬਸਤਰ ਅਤੇ ਗਹਿਣੇ ਉਤਾਰ ਕੇ ਉਸ ਗਰੀਬ ਬ੍ਰਾਹਮਣ ਨੂੰ ਦੇ ਦਿੱਤੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ ਪਿਤਾ ਜੀ ਇਹ ਸਭ ਕੌਤਕ ਦੇਖ ਰਹੇ ਸਨ। ਖੁਸ਼ ਹੁੰਦਿਆਂ ਬਾਲ ਸਤਿਗੁਰੂ ਤੇਗ ਬਹਾਦਰ ਨੂੰ ਆਪਣੀਆਂ ਬਾਹਵਾਂ ਵਿੱਚ ਚੁੱਕ ਲਿਆ ਤੇ ਸਭ ਦੇ ਸਾਹਮਣੇ ਬਚਨ ਕੀਤਾ, "ਬਾਲ ਤੇਗ ਬਹਾਦੁਰ ਜੀ ਇੱਕ ਸੱਚੇ ਗੁਰੂ, ਸੱਚੇ ਸੰਤ, ਧਰਮ ਰੱਖਿਅਕ ਅਤੇ ਹਿੰਦੁਸਤਾਨ ਦੇ ਧਰਮ ਨੂੰ ਬਚਾਉਣ ਵਾਲੇ ਹਿੰਦ ਦੀ ਚਾਦਰ ਹੋਣਗੇ।"

ਬਾਲਕ ਤੇਗ ਬਹਾਦੁਰ ਜੀ ਦੀ ਉਮਰ ਥੋੜ੍ਹੀ ਹੋਰ ਵਧੀ ਤਾਂ ਉਨ੍ਹਾਂ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ-ਰੇਖ ਵਿੱਚ ਗੁਰਮਤ, ਵਿੱਦਿਆ, ਲਿਖਾਈ, ਪੜ੍ਹਾਈ ਅਤੇ ਸ਼ਸ਼ਤਰ ਵਿੱਦਿਆ ਸਿੱਖਣੀ ਸ਼ੁਰੂ ਕਰ ਦਿੱਤੀ। ਬਾਲ ਤੇਗ ਬਹਾਦੁਰ ਜੀ ਜਨਮ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ। ਬਹੁਤ ਜਲਦ ਉਨ੍ਹਾਂ ਸਾਰੀਆਂ ਵਿੱਦਿਆਵਾਂ ਬੜੀ ਨਿਪੁੰਨਤਾ ਨਾਲ ਸਿੱਖ ਲਈਆਂ। ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਵਿੱਚ ਉਨ੍ਹਾਂ ਮੁਹਾਰਤ ਹਾਸਲ ਕਰ ਲਈ ਸੀ।

ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਜਿਉਂ-ਜਿਉਂ ਵੱਡੇ ਹੁੰਦੇ ਗਏ ਉਹ ਹੋਰ ਵੀ ਸੰਤ ਸਰੂਪ, ਵਿਚਾਰਵਾਨ, ਬਹਾਦੁਰ, ਨਿਰਭੈ ਅਤੇ ਤਿਆਗ ਬਿਰਤੀ



SIKHBOOKCLUB.COM

ਵਾਲੇ ਹੋ ਗਏ ਸਨ।

ਦਸ ਸਾਲ ਦੀ ਉਮਰ ਤੱਕ ਪਹੁੰਚਦਿਆਂ ਉਨ੍ਹਾਂ ਗੁਰਮਤ ਵਿੱਚ ਪਰਪੱਕਤਾ ਹਾਸਲ ਕਰ ਲਈ ਸੀ। ਆਪ ਜੀ ਨੇ ਸ਼ਸ਼ਤਰਾਂ ਅਤੇ ਤਲਵਾਰ ਚਲਾਉਣ ਵਿੱਚ ਅਤੇ ਲੜਾਈ ਵਿੱਚ ਜਿੱਤ ਪ੍ਰਾਪਤ ਕਰਨ ਲਈ ਸਾਰੇ ਗੁਰ ਸਿੱਖ ਲਏ ਸਨ।

ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਘੋੜ ਸਵਾਰੀ ਦਾ ਅਭਿਆਸ ਹਰ ਰੋਜ਼ ਕਰਿਆ ਕਰਦੇ ਸਨ। ਇੱਕ ਵਾਰ ਬਾਲ ਸਤਿਗੁਰੂ ਘੋੜ ਸਵਾਰੀ ਦਾ ਅਭਿਆਸ ਕਰਦੇ ਕਰਦੇ ਘਰ ਤੋਂ ਥੋੜ੍ਹਾ ਦੂਰ ਚਲੇ ਗਏ। ਰਸਤੇ ਵਿੱਚ ਇਨ੍ਹਾਂ ਨੂੰ ਇੱਕ 'ਭੂਖਨ' ਨਾਂ ਦਾ ਵਿਅਕਤੀ ਮਿਲਿਆ। ਭੂਖਨ ਬਾਲ ਤੇਗ ਬਹਾਦੁਰ ਜੀ ਦੇ ਰਸਤੇ ਵਿੱਚ ਦੋਵੇਂ ਹੱਥ ਜੋੜ ਖੜ੍ਹਾ ਸੀ। ਭੂਖਨ ਨੂੰ ਰਸਤੇ ਵਿੱਚ ਖੜ੍ਹਾ ਦੇਖ ਬਾਲਾ ਪ੍ਰੀਤਮ ਰੁਕ ਗਏ ਤੇ ਘੋੜੇ ਤੋਂ ਉੱਤਰ ਗਏ। ਭੂਖਨ ਬਹੁਤ ਗਰੀਬ ਵਿਅਕਤੀ ਸੀ। ਉਸ ਨੇ

ਬਾਲ ਤੇਗ ਬਹਾਦੁਰ ਜੀ ਨੂੰ ਕੁਝ ਦੇਣ ਦੀ ਮੰਗ ਕੀਤੀ।

ਕ੍ਰਿਪਾਲੂ ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਨੇ ਭੂਖਨ ਨੂੰ ਆਖਿਆ ਕਿ ਇਸ ਵੇਲੇ ਤਾਂ ਸਾਡੇ ਕੋਲ ਇਹ ਘੋੜਾ, ਪਹਿਨੇ ਬਸਤਰ ਅਤੇ ਸ਼ਸਤਰ ਹੀ ਹਨ। ਸੋ ਤੂੰ ਇਹ ਸਭ ਕੁਝ ਲੈ ਲੈ। ਬੇਪ੍ਰਵਾਹ ਮਹਾਂਦਾਨੀ ਤੇ ਤਿਆਗੀ ਪਾਤਸ਼ਾਹ ਜੀ ਨੇ ਆਪਣਾ ਘੋੜਾ, ਬਸਤਰ ਅਤੇ ਸ਼ਸ਼ਤਰ ਸਭ ਕੁਝ ਉਸ ਭੂਖਨ ਨੂੰ ਦੇ ਦਿੱਤਾ ਤੇ ਆਪ ਪੈਦਲ ਚੱਲ ਕੇ ਘਰ ਆ ਗਏ। ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ।

ਸੰਨ 1634 ਵਿੱਚ ਬਾਲ ਸਤਿਗੁਰੂ ਤੇਗ ਬਹਾਦਰੁ ਜੀ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਅੰਮ੍ਰਿਤਸਰ ਤੋਂ ਕਰਤਾਰਪੁਰ ਆ ਗਏ। ਇਸੇ ਸਾਲ ਹੀ ਇਨ੍ਹਾਂ ਦੀ ਸ਼ਾਦੀ ਕਰਤਾਰਪੁਰ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰ ਕੌਰ ਜੀ ਨਾਲ ਹੋ ਗਈ। ਬਾਲ ਤੇਗ ਬਹਾਦੁਰ ਜੀ ਹਮੇਸ਼ਾ ਅਕਾਲ ਪੁਰਖ ਦੇ ਸਿਮਰਨ ਵਿੱਚ ਜੁੜੇ ਰਹਿੰਦੇ ਸਨ। ਤੇਗ ਦੇ ਧਨੀ ਹੋਣ ਕਾਰਨ ਜਦ ਕਰਤਾਰਪੁਰ ਸਾਹਿਬ ਵਿਖੇ ਚੌਥੀ ਚੰਗ ਹੋਈ ਤਾਂ ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਨੇ ਤਲਵਾਰ ਦੇ ਐਸੇ ਜੌਹਰ ਦਿਖਾਏ ਜਿਸਨੂੰ ਦੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਦਾ ਪਹਿਲਾ ਨਾਂ ਤਿਆਗ ਮੱਲ ਤੋਂ ਬਦਲ ਕੇ ਸ੍ਰੀ 'ਤੇਗ ਬਹਾਦੁਰ' ਜੀ ਰੱਖ ਦਿੱਤਾ।

# ਅਕਾਲ ਪੁਰਖ ਦੇ ਸਿਮਰਿਨ ਦਾ ਚਾਉ

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਕਰਤਾਰਪੁਰ ਦੀ ਜੰਗ ਵੇਲੇ ਤੱਕ ਨਾਲ ਸਨ। ਲੜਾਈ ਵਿੱਚ ਬਾਲ ਸ੍ਰੀ ਤੇਗ ਬਹਾਦੁਰ ਜੀ ਨੇ ਬਹਾਦਰੀ ਦੇ ਖੂਬ ਜੌਹਰ ਦਿਖਾਏ ਸਨ। ਲੜਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਪੁਰ ਸਾਹਿਬ ਚਲੇ ਗਏ। ਬਾਲ ਸ੍ਰੀ ਤੇਗ ਬਹਾਦੁਰ ਜੀ ਪਿਤਾ ਜੀ ਦੀ ਆਗਿਆ ਮੰਨ ਕੇ ਆਪਣੀ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ। ਉਸ ਸਮੇਂ ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਦੀ ਉਮਰ ਲਗਭਗ ਚੌਦਾਂ ਸਾਲ ਦੀ ਸੀ।

ਬਾਲਕ ਸ੍ਰੀ ਤੇਗ ਬਹਾਦੁਰ ਜੀ ਦੇ ਨਾਨਾ ਜੀ ਸ੍ਰੀ ਨਰੈਣ ਦਾਸ ਜੀ ਉਸ ਇਲਾਕੇ ਦੇ ਬਹੁਤ ਵੱਡੇ ਸ਼ਾਹੂਕਾਰ ਸਨ। ਸ੍ਰੀ ਨਰੈਣ ਦਾਸ ਜੀ ਆਪਣੀ ਪੁੱਤਰੀ ਮਾਤਾ ਨਾਨਕੀ ਜੀ ਅਤੇ ਬਾਲ ਤੇਗ ਬਹਾਦੁਰ ਜੀ ਦੋਹਤੇ ਦੇ ਪਿੰਡ ਬਕਾਲੇ ਆਉਣ 'ਤੇ ਬਹੁਤ ਖੁਸ਼ ਹੋਏ। ਉਨ੍ਹਾਂ ਇਨ੍ਹਾਂ ਦੇ ਆਉਣ 'ਤੇ ਬਹੁਤ ਖੁਸ਼ੀ ਮਨਾਈ। ਬਾਲ ਸਤਿਗੁਰ ਸ੍ਰੀ ਤੇਗ ਬਹਾਦੁਰ ਜੀ ਦੀ ਸ਼ਾਦੀ ਪਿੰਡ ਬਕਾਲੇ ਆਉਣ ਤੋਂ ਪਹਿਲਾਂ ਹੋ ਚੁੱਕੀ ਸੀ। ਪਰ ਸਤਿਗੁਰਾਂ ਨੂੰ ਜਨਮ ਤੋਂ ਹੀ ਅਕਾਲ ਪੁਰਖ ਦੇ ਸਿਮਰਨ ਦਾ ਚਾਉ ਲੱਗਾ ਰਹਿੰਦਾ ਸੀ।

ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਇੱਕ ਕਮਰੇ ਵਿੱਚ ਬੈਠ ਦਿਨ ਰਾਤ ਉਸ ਅਕਾਲ ਪੁਰਖ ਦੀ ਬੰਦਗੀ ਵਿੱਚ ਲੀਨ ਰਹਿੰਦੇ। ਖਾਣ-ਪੀਣ, ਪਹਿਨਣ ਤੇ ਆਪਣੇ ਮਾਣ ਦਾ ਉਨ੍ਹਾਂ ਨੂੰ ਰਤਾ ਵੀ ਖਿਆਲ ਨਾ ਫੁਰਦਾ। ਬਾਲਕ ਤੇਗ ਬਹਾਦੁਰ ਜੀ ਦੇ ਨਾਨਾ ਸ੍ਰੀ ਨਰੈਣ ਦਾਸ ਜੀ ਉਨ੍ਹਾਂ ਦੀ ਬਹੁਤ ਸੇਵਾ ਕਰਦੇ। ਉਨ੍ਹਾਂ ਦਾ ਖਿਆਲ ਰੱਖਣ ਅਤੇ ਸੇਵਾ ਲਈ ਕਈ ਨੌਕਰ ਰੱਖ ਦਿੱਤੇ ਸਨ। ਨੌਕਰਾਂ ਨੂੰ ਹਦਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ।

ਬਾਲਾ ਪ੍ਰੀਤਮ ਆਪਣੇ ਕਮਰੇ ਵਿੱਚ ਬੈਠ ਭਗਤੀ ਵਿੱਚ ਐਨੇ ਲੀਨ ਹੁੰਦੇ ਕਿ ਨੌਕਰ ਉਨ੍ਹਾਂ ਸਾਹਮਣੇ ਦਸ-ਦਸ ਵਾਰ ਭੋਜਨ ਗਰਮ ਕਰਕੇ ਲਿਆ ਕੇ ਅੱਗੇ ਰੱਖਦੇ ਤੇ ਭੋਜਨ ਛੱਕਣ ਲਈ ਬੇਨਤੀ ਕਰਦੇ ਤਾਂ ਜਾ ਕੇ ਕਿਤੇ ਭੋਜਨ ਛੱਕਦੇ

ਨਹੀਂ ਤਾਂ ਨੇਤਰ ਬੰਦ ਕਰਕੇ ਭਗਤੀ ਵਿੱਚ ਲੀਨ ਰਹਿੰਦੇ।

ਬਾਲ ਤੇਗ ਬਹਾਦੁਰ ਜੀ ਇਸ ਤਰ੍ਹਾਂ ਰਾਤ ਦਿਨ ਇੱਕ ਹੀ ਕਮਰੇ ਵਿੱਚ ਬੈਠ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਰਹਿਣ ਦੀ ਗੱਲ ਸਾਰੇ ਇਲਾਕੇ ਵਿੱਚ ਫੈਲ ਗਈ। ਬਾਲ ਸਤਿਗੁਰੂ ਤੇਗ ਬਹਾਦੁਰ ਜੀ ਦੇ ਦਰਸ਼ਨ ਕਰਨ ਸੰਗਤਾਂ ਪਿੰਡ ਬਕਾਲੇ ਪਹੁੰਚਣ ਲੱਗੀਆਂ। ਇਲਾਕੇ ਦੀਆਂ ਸੰਗਤਾਂ ਨੂੰ ਇਹ ਵੀ ਪਤਾ ਸੀ ਕਿ ਬਾਲਕ ਤੇਗ ਬਹਾਦੁਰ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਹਨ।ਬਾਲਾ ਪ੍ਰੀਤਮ ਦੇ ਨਾਨਾ ਜੀ ਆਈਆਂ ਸੰਗਤਾਂ ਨੂੰ ਲੰਗਰ ਛਕਾਉਂਦੇ। ਬਾਲਕ ਤੇਗ ਬਹਾਦੁਰ ਜੀ ਦਿਨ ਵਿੱਚ ਇਕ-ਅੱਧੀ ਵਾਰ ਆਪਣੇ ਕਮਰੇ ਵਿੱਚੋਂ ਬਾਹਰ ਨਿਕਲਦੇ। ਉਸ ਸਮੇਂ ਸੰਗਤਾਂ ਉਨ੍ਹਾਂਦੇ ਦਰਸ਼ਨ ਕਰ ਅਤੇ ਬਚਨ ਵਿਲਾਸ ਕਰ ਨਿਹਾਲ ਹੋ ਜਾਂਦੀਆਂ ਸਨ।

ਬਾਲਾ ਪ੍ਰੀਤਮ ਸਤਿਗੁਰ ਤੇਗ ਬਹਾਦੁਰ ਜੀ ਦਾ ਬਚਪਨ ਦਾ ਜੀਵਨ ਹੀ ਐਸਾ ਬੰਦਗੀ ਭਰਪੂਰ ਸੀ ਕਿ ਇਸ ਤਰ੍ਹਾਂ ਦਾ ਬਚਪਨ ਦਾ ਜੀਵਨ ਕਿਸੇ ਹੋਰ ਦਾ ਨਹੀਂ ਹੋਇਆ। ਨਾ ਹੀ ਕੋਈ ਐਸੀ ਲਿਖਤ ਮਿਲਦੀ ਹੈ ਜਿਸ ਵਿੱਚ ਕਿਸੇ ਮਹਾਂਪੁਰਖ ਦਾ ਬਚਪਨ ਦਾ ਐਸਾ ਜੀਵਨ ਹੋਵੇ।

ਕੁਝ ਸਮੇਂ ਬਾਅਦ ਸਤਿਗੁਰਾਂ ਦੀ ਪਤਨੀ ਮਾਤਾ ਗੁੱਜਰ ਕੌਰ ਜੀ ਵੀ ਪਿੰਡ ਬਕਾਲੇ ਆ ਗਏ। ਮਾਤਾ ਗੁਜਰ ਕੌਰ ਜੀ, ਵੀ ਬਾਲ ਸਤਿਗੁਰ ਤੇਗ ਬਹਾਦੁਰ ਜੀ ਦੀ ਸੇਵਾ ਵਿੱਚ ਲੱਗ ਗਏ। ਪਰ ਸਤਿਗੁਰਾਂ ਨੂੰ ਭਗਤੀ ਤੋਂ ਸਿਵਾ ਕਦੇ ਵੀ ਦੁਨੀਆਦਾਰੀ ਅਤੇ ਸੰਸਾਰ ਦੇ ਕਾਰ-ਵਿਹਾਰ ਮਨ ਵਿੱਚ ਆਏ ਨਹੀਂ ਸਨ।

ਬਾਲਾ ਪ੍ਰੀਤਮ ਤੇਗ ਬਹਾਦੁਰ ਜੀ, ਸ਼ਹਿਨਸ਼ੀਲਤਾ ਤੇ ਜ਼ਰਨ ਦੀ ਐਸੀ ਮਿਸਾਲ ਬਣ ਗਏ ਸਨ ਕਿ ਸਿਮਰਨ ਕਰਦਿਆਂ ਉਨ੍ਹਾਂ ਨੂੰ ਆਪਣੇ ਸਰੀਰ ਦੀਆਂ ਜ਼ਰੂਰਤਾਂ ਦਾ ਕਦੇ ਖਿਆਲ ਹੀ ਨਹੀਂ ਸੀ ਹੁੰਦਾ। ਇੱਕ ਵਾਰ ਘਰੋਂ ਬਾਹਰ ਨਿਕਲ ਖੇਤਾਂ ਵਿੱਚ ਚਲੇ ਗਏ। ਖੇਤਾਂ ਵਿੱਚ ਹੀ ਪ੍ਰਭੂ ਪਰਮਾਤਮਾ ਦੀ ਯਾਦ ਆ ਗਈ ਤੇ ਉੱਥੇ ਹੀ ਖੇਤਾਂ ਵਿੱਚ ਚੌਕੜਾ ਮਾਰ ਪ੍ਰਭੂ ਭਗਤੀ ਵਿੱਚ ਲੀਨ ਹੋ ਗਏ। ਬਾਹਰ ਦੀ ਕੋਈ ਸੁੱਧ-ਬੁੱਧ ਨਾ ਰਹੀ।

ਬਾਲ ਸਤਿਗੁਰ ਤੇਗ ਬਹਾਦੁਰ ਜੀ ਨੂੰ ਐਸੀ ਲੀਨ ਅਵਸਥਾ ਵਿੱਚ ਦੇਖ ਕਿਸੇ ਨੇ ਉਨ੍ਹਾਂ ਦੀ ਪਹਿਨੀ ਪੁਸ਼ਾਕ ਉਤਾਰ ਲਈ ਅਤੇ ਚਲਾ ਗਿਆ। ਬਾਲ ਸਤਿਗੁਰੂ ਬਿਨਾਂ ਕੱਪੜਿਆਂ ਦੇ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਬੈਠੇ ਰਹੇ।

ਇਸੇ ਤਰ੍ਹਾਂ ਇੱਕ ਦਿਨ ਸਵੇਰੇ ਬਾਲ ਸਤਿਗੁਰੂ ਤੇਗ ਬਹਾਦੁਰ ਜੀ ਦਰਿਆ ਵੱਲ ਚਲੇ ਗਏ। ਦਰਿਆ ਦੇ ਕਿਨਾਰੇ ਪਾਣੀ ਵਿੱਚ ਚੌਂਕੜਾ ਮਾਰ ਅਕਾਲ ਪੁਰਖ ਦੇ ਧਿਆਨ ਵਿੱਚ ਲੀਨ ਹੋ ਗਏ। ਪੰਜ ਦਿਨ ਤੇ ਰਾਤ ਦਰਿਆ ਦੇ ਝੱਲ ਵਿੱਚ ਧਿਆਨ ਮਗਨ ਬੈਠੇ ਰਹੇ। ਇਸ ਸਮੇਂ ਦੌਰਾਨ ਨਾ ਕੁਝ ਖਾਧਾ ਤੇ ਨਾ ਕੁਝ ਪੀਤਾ। ਪੰਜ ਦਿਨ ਵਿਸਮਾਦ ਅਵਸਥਾ ਵਿੱਚ ਗੁਜ਼ਾਰ ਦਿੱਤੇ। ਕਿਸੇ ਸੰਸਾਰੀ ਵਸਤੂ ਦਾ ਅਤੇ ਭੁੱਖ ਤ੍ਰੇਹ ਦਾ ਮਨ ਵਿੱਚ ਖਿਆਲ ਹੀ ਨਾ ਫੁਰਿਆ।

ਮਾਤਾ ਨਾਨਕੀ ਜੀ, ਪਤਨੀ ਮਾਤਾ ਗੁਜਰ ਕੌਰ ਜੀ ਅਤੇ ਨਾਨਾ ਸ੍ਰੀ ਨਰੈਣ ਦਾਸ ਜੀ ਨੂੰ ਬੜੀ ਚਿੰਤਾ ਹੋਈ। ਬਾਲ ਸਤਿਗੁਰੂ ਤੇਗ ਬਹਾਦੁਰ ਜੀ ਨੂੰ ਲੱਭਣ ਲਈ ਨੌਕਰਾਂ ਨੂੰ ਭੇਜਿਆ। ਪਿੰਡ ਵਾਲੀ ਸੰਗਤ ਨੂੰ ਜਦ ਪਤਾ ਲੱਗਾ ਤਾਂ ਉਹ ਵੀ ਬਾਲ ਤੇਗ ਬਹਾਦੁਰ ਜੀ ਨੂੰ ਭਾਲਣ ਤੁਰ ਪਈ। ਸ੍ਰੀ ਨਰੈਣ ਦਾਸ ਜੀ ਆਪ ਵੀ ਆਪਣੇ ਦੋਹਤੇ ਦੀ ਭਾਲ ਵਿੱਚ ਤੁਰ ਪਏ। ਬੜੀ ਮਿਹਨਤ ਮੁਸ਼ੱਕਤ ਦੇ ਬਾਅਦ ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਨੂੰ ਪੰਜ ਦਿਨ ਬਾਅਦ ਦਰਿਆ ਦੇ ਝੱਲ ਵਿੱਚ ਬੈਠਿਆਂ ਪਾਇਆ।

ਇਸੇ ਤਰ੍ਹਾਂ ਹੀ ਬਾਲ ਸਤਿਗੁਰੂ ਤੇਗ ਬਹਾਦੁਰ ਜੀ ਇੱਕ ਦਿਨ ਸਵੇਰੇ ਘਰੋਂ ਬਾਹਰ ਖੇਤਾਂ ਨੂੰ ਨਿਕਲ ਪਏ। ਉਸ ਮੌਸਮ ਵਿੱਚ ਕਿਸਾਨਾਂ ਨੇ ਧਾਨਾਂ ਦੀ ਫਸਲ ਵੱਢ ਕੇ ਝਾੜ ਲਈ ਸੀ ਤੇ ਪਰਾਲੀ ਦੇ ਢੇਰ ਖੇਤਾਂ ਦੇ ਬੰਨਿਆਂ 'ਤੇ ਲਗਾ ਦਿੱਤੇ ਸਨ। ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਇੱਕ ਪਰਾਲੀ ਦੇ ਢੇਰ ਵਿੱਚ ਵੜ ਗਏ ਤੇ ਪ੍ਰਮਾਤਮਾ ਦੀ ਭਗਤੀ ਵਿਚ ਮਗਨ ਹੋ ਗਏ। ਜਦ ਬਾਲਕ ਤੇਗ ਬਹਾਦੁਰ ਜੀ ਸ਼ਾਮ ਤੱਕ ਘਰ ਵਾਪਿਸ ਨਾ ਆਏ ਤਾਂ ਉਨ੍ਹਾਂ ਦੀ ਭਾਲ ਸ਼ੁਰੂ ਹੋਈ। ਇੱਕ ਪਿੰਡ ਦੇ ਬੱਚੇ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਨੂੰ ਸਾਹਮਣੇ ਪਰਾਲੀ ਦੇ ਢੇਰ ਵੱਲ ਜਾਂਦੇ ਦੇਖਿਆ ਸੀ। ਜਦ ਪਰਾਲੀ ਨੂੰ ਫਰੋਲਿਆ ਤਾਂ ਦੇਖਿਆ, ਬਾਲ ਤੇਗ ਬਹਾਦੁਰ ਜੀ ਪਰਾਲੀ ਵਿੱਚ ਚੌਂਕੜਾ ਮਾਰ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਸਨ।

# ਤਿਆਗ ਤੇ ਵੈਰਾਗ ਦੀ ਸਾਖੀ

ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਅਕਾਲ ਪੁਰਖ ਦੀ ਭਗਤੀ ਵਿੱਚ ਤਿਆਗ ਤੇ ਵੈਰਾਗ ਦੀ ਮੂਰਤ ਬਣ ਗਏ ਸਨ। ਪ੍ਰਮਾਤਮਾ ਦੇ ਮਿਲਣ ਲਈ ਭਗਤੀ ਦਾ ਐਸਾ ਵੈਰਾਗ ਉਨ੍ਹਾਂ ਦੇ ਮਨ ਨੂੰ ਲੱਗਾ ਸੀ ਕਿ ਅਕਾਲ ਪੁਰਖ ਦੀ ਭਗਤੀ ਵਿੱਚ ਜਦ ਆਤਮ ਵਿਭੋਰ ਹੋ ਜਾਂਦੇ ਤਾਂ ਉਨ੍ਹਾਂ ਦੇ ਨੇਤਰਾਂ 'ਚੋਂ ਜਲ ਵਗਣ ਲੱਗ ਜਾਂਦਾ। ਲਗਾਤਾਰ ਨੇਤਰਾਂ 'ਚੋਂ ਜਲ ਵਗਣ ਨਾਲ ਅੱਖਾਂ ਦੇ ਕੋਹੇ ਗਲਣ ਲੱਗ ਗਏ ਸਨ।

ਬਾਲਾ ਪ੍ਰੀਤਮ ਸ੍ਰੀ ਤੇਗ ਬਹਾਦੁਰ ਜੀ ਥੋੜ੍ਹੇ ਹੋਰ ਵੱਡੇ ਹੋ ਗਏ ਸਨ। ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਉਹ ਆਪਣੇ ਕਮਰੇ ਵਿੱਚ ਹੀ ਕਈ-ਕਈ ਮਹੀਨੇ ਰਹਿੰਦੇ ਤੇ ਕੋਠੇ 'ਚੋਂ ਬਾਹਰ ਨਾ ਨਿਕਲਦੇ। ਇਸ ਤਰ੍ਹਾਂ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ। ਭਗਤੀ ਕਰਦਿਆਂ ਬਾਲਕ ਤੇਗ ਬਹਾਦੁਰ ਜੀ ਦੀ ਇਹ ਪਰਮ ਤਿਆਗ ਤੇ ਵੈਰਾਗ ਦੀ ਅਵਸਥਾ ਸੀ। ਉਨ੍ਹਾਂ ਦੇ ਨਾਨਾ ਸ੍ਰੀ ਨਰੈਣ ਦਾਸ ਜੀ ਨੇ ਗੁਫਾ ਨੁਮਾ ਕੋਠਾ ਵੀ ਬਣਾਇਆ ਹੋਇਆ ਸੀ। ਬਾਲ ਤੇਗ ਬਹਾਦੁਰ ਜੀ ਕਈ ਵਾਰ ਉਸ ਕੋਠੇ ਵਿੱਚ ਚਲੇ ਜਾਂਦੇ ਤੇ ਕਈ-ਕਈ ਦਿਨ ਬਾਹਰ ਨਹੀਂ ਨਿਕਲਦੇ ਸਨ।

ਮਾਤਾ ਨਾਨਕੀ ਜੀ ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਦੇ ਕਮਰੇ ਦੇ ਬਾਹਰ ਬੈਠੇ ਰਹਿੰਦੇ। ਉਨ੍ਹਾਂ ਦੇ ਛੱਕਣ ਲਈ ਸਵੇਰੇ ਦੁਪਹਿਰੇ ਤੇ ਸ਼ਾਮੀਂ ਭੋਜਨ ਤਿਆਰ ਕਰਕੇ ਲਿਆਉਂਦੇ। ਇਸ ਤਰ੍ਹਾਂ ਸਤਿਗੁਰਾਂ ਦੀ ਪਤਨੀ ਮਾਤਾ ਗੁਜਰ ਕੌਰ ਜੀ ਵੀ ਸਾਰਾ ਦਿਨ ਸੇਵਾ ਵਿੱਚ ਲੱਗੇ ਰਹਿੰਦੇ।

ਬਾਲ ਸਤਿਗੁਰੂ ਤੇਗ ਬਹਾਦੁਰ ਜੀ ਦੇ ਨਾਨਾ ਜੀ ਸ੍ਰੀ ਨਰੈਣ ਦਾਸ ਜੀ ਉਨ੍ਹਾਂ ਦੇ ਅਕਾਲ ਪੁਰਖ ਦੀ ਭਗਤੀ ਦੀ ਲਗਨ ਤੋਂ ਬਹੁਤ ਖ਼ੁਸ਼ ਸਨ। ਇਸ ਲਈ ਉਹ ਵੀ ਬਾਲ ਸਤਿਗੁਰੂ ਜੀ ਦੀ ਸੇਵਾ ਵਿੱਚ ਰਾਤ-ਦਿਨ ਜੁਟੇ ਰਹਿੰਦੇ। ਉਨ੍ਹਾਂ ਦੇ ਸਿਮਰਨ ਵਿੱਚ ਕੋਈ ਵਿਘਨ ਨਾ ਪਵੇ ਇਸ ਲਈ ਉਨ੍ਹਾਂ ਦਾ ਬੜਾ ਧਿਆਨ ਰੱਖਦੇ ਸਨ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਬਾਲਾ ਪ੍ਰੀਤਮ ਸਤਿਗੁਰੂ ਲਾਗਲੇ ਪਿੰਡਾਂ

ਵਿੱਚ ਵੀ ਜਾਇਆ ਕਰਦੇ ਸਨ। ਉਨ੍ਹਾਂ ਦੇ ਨਾਨਾ ਜੀ ਵੀ ਉਨ੍ਹਾਂ ਨਾਲ ਜਾਂਦੇ ਸਨ। ਉਸ ਸਮੇਂ ਕੁਝ ਮਸੰਦ ਆਪਣੀ ਮਰਜ਼ੀ ਕਰਨ ਲੱਗ ਪਏ ਸਨ। ਦੂਜੇ ਸੋਢੀਆਂ ਨੇ ਉਨ੍ਹਾਂ ਨੂੰ ਲਾਲਚ ਦੇ ਕੇ ਆਪਣੇ ਵੱਲ ਕਰ ਲਿਆ ਸੀ। ਇਨ੍ਹਾਂ ਦਾ ਪਾਜ ਉਘੇੜਨ ਲਈ ਸਤਿਗੁਰ ਲਾਗਲੇ ਪਿੰਡਾਂ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਨ ਜਾਇਆ ਕਰਦੇ। ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਨੇ ਉਸ ਬਕਾਲੇ ਦੇ ਇਲਾਕੇ ਵਿੱਚ ਬਹੁਤ ਸਾਰੀਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ।

ਬਾਲ ਤੇਗ ਬਹਾਦੁਰ ਜੀ ਉਸ ਅਕਾਲ-ਪੁਰਖ ਦੀ ਬੰਦਗੀ ਕਰਨਾ ਹੀ ਆਪਣੀ ਜ਼ਿੰਦਗੀ ਦਾ ਮੁੱਖ ਮੰਤਵ ਸਮਝਦੇ ਸਨ। ਇਸ ਲਈ ਉਹ ਕਿਸੇ ਨਾਲ ਬਚਨ ਵੀ ਘੱਟ ਹੀ ਕਰਨਾ ਪਸੰਦ ਕਰਦੇ ਸਨ। ਬੇਸ਼ੱਕ ਮਾਤਾ ਨਾਨਕੀ ਜੀ ਉਨ੍ਹਾਂ ਦੀ ਦੇਖ-ਭਾਲ ਬਹੁਤ ਕਰਦੇ ਸਨ ਪਰ ਮਾਤਾ ਗੁਜਰ ਕੌਰ ਤਾਂ ਰਾਤ-ਦਿਨ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਸਨ।

ਭੋਰੇ ਨੁਮਾ ਉਸ ਕਮਰੇ ਵਿੱਚ ਜਿੱਥੇ ਬਾਲਾ ਪ੍ਰੀਤਮ ਸਤਿਗੁਰੂ ਤੇਗ ਬਹਾਦੁਰ ਜੀ ਬੰਦਗੀ ਵਿੱਚ ਲੀਨ ਰਹਿੰਦੇ ਸਨ, ਉਨ੍ਹਾਂ ਦੀ ਪਤਨੀ ਮਾਤਾ ਗੁਜਰ ਕੌਰ ਉਸ ਕਮਰੇ ਦੇ ਬਾਹਰ ਬੈਠੇ ਰਹਿੰਦੇ ਸਨ। ਉਡੀਕ ਕਰਦੇ ਰਹਿੰਦੇ ਸਨ ਕਿ ਕਦ ਸਤਿਗੁਰੂ ਕੁਝ ਛੱਕਣ ਲਈ ਕਹਿਣ ਤੇ ਉਹ ਝੱਟ ਬਣਾ ਕੇ ਹਾਜ਼ਰ ਕਰਨ। ਕਮਰੇ ਦੇ ਬਾਹਰ ਬੈਠੇ ਮਾਤਾ ਗੁਜਰ ਕੌਰ ਜੀ ਨਾਲ-ਨਾਲ ਸਿਮਰਨ ਵਿੱਚ ਲੱਗੇ ਰਹਿੰਦੇ ਸਨ।

ਇੱਕ ਦਿਨ ਬਾਲ ਸਤਿਗੁਰੂ ਸ੍ਰੀ ਤੇਗ ਬਹਾਦੁਰ ਜੀ ਸਵੇਰੇ ਘਰੋਂ ਬਾਹਰ ਨਿਕਲੇ। ਸੈਰ ਕਰਦੇ-ਕਰਦੇ ਘਰ ਤੋਂ ਇੱਕ ਮੀਲ ਦੀ ਦੂਰੀ 'ਤੇ ਚਲੇ ਗਏ। ਉਸ ਸਮੇਂ ਪਿੰਡ ਬਕਾਲੇ ਦੇ ਇਲਾਕੇ ਵਿੱਚ ਕਮਾਦ (ਗੰਨੇ) ਦੀ ਫਸਲ ਬਹੁਤ ਹੋਇਆ ਕਰਦੀ ਸੀ। ਜਿਸ ਖੇਤ ਦੇ ਬੰਨੇ 'ਤੇ ਬਾਲਾ ਪ੍ਰੀਤਮ ਤੁਰੇ ਜਾ ਰਹੇ ਸਨ। ਉਹ ਕਮਾਦ ਦਾ ਖੇਤ ਉਨ੍ਹਾਂ ਦੇ ਨਾਨਾ ਜੀ ਦਾ ਹੀ ਸੀ। ਅਚਾਨਕ ਉਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਦੀ ਭਗਤੀ ਤੇ ਬੈਰਾਗ ਜਾਗ ਪਿਆ। ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਉਸੇ ਵੇਲੇ ਕਮਾਦ ਦੇ ਖੇਤ ਵਿੱਚ ਵੜ ਗਏ ਤੇ ਚੌਂਕੜਾ ਮਾਰ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਹੋ ਗਏ।

ਜਦ ਥੋੜ੍ਹਾ ਦਿਨ ਚੜ੍ਹਿਆ ਤਾਂ ਪੰਦਰਾਂ-ਵੀਹ ਕਾਮੇ ਮਜ਼ਦੂਰ ਉਸ ਖੇਤ ਦੇ ਕਮਾਦ ਨੂੰ ਵੱਢਣ ਤੇ ਛਿੱਲਣ ਵਾਸਤੇ ਆ ਗਏ। ਦੁਪਹਿਰ ਤੱਕ ਉਹ ਕਮਾਦ ਨੂੰ ਵੱਢਦੇ ਖੇਤ ਦੇ ਅੱਧ ਤੱਕ ਪਹੁੰਚ ਗਏ। ਉਨ੍ਹਾਂ ਦੇਖਿਆ ਖੇਤ ਦੇ ਵਿਚਕਾਰ ਇੱਕ ਖੋਰੀ ਦਾ ਢੇਰ ਲੱਗਾ ਹੋਇਆ ਹੈ। ਜਦ ਖੋਰੀ ਨੂੰ ਫਰੋਲ ਕੇ ਦੇਖਿਆ ਤਾਂ ਬਾਲਾ

ਪ੍ਰੀਤਮ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਜੀ ਚੌਂਕੜਾ ਮਾਰ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਸਨ। ਐਸੀ ਅਲੌਕਿਕ ਭਗਤੀ ਦੇਖ ਮਜ਼ਦੂਰ ਦੰਗ ਰਹਿ ਗਏ। ਸਾਰਿਆਂ ਬਾਲ ਸ੍ਰੀ ਤੇਗ ਬਹਾਦੁਰ ਜੀ ਅੱਗੇ ਸੀਸ ਝੁਕਾਇਆ। ਏਨੇ ਨੂੰ ਉਨ੍ਹਾਂ ਦੇ ਨਾਨਾ ਸ੍ਰੀ ਨਰੈਣ ਦਾਸ ਜੀ ਵੀ ਖੇਤ ਦਾ ਕੰਮ ਦੇਖਣ ਪਹੁੰਚ ਗਏ। ਉਹ ਵੀ ਬਾਲ ਸਤਿਗੁਰੂ ਤੇਗ ਬਹਾਦੁਰ ਜੀ ਦਾ ਖੇਤ ਵਿਚਕਾਰ ਭਗਤੀ ਵਿੱਚ ਲੀਨ ਚੌਂਕੜਾ ਬੱਝਾ ਦੇਖ ਚਕਿਤ ਰਹਿ ਗਏ। ਉਨ੍ਹਾਂ ਅੱਗੇ ਵੱਧ ਬਾਲਾ ਪ੍ਰੀਤਮ ਤੇਗ ਬਹਾਦੁਰ ਜੀ ਨੂੰ ਬਾਂਹ ਤੋਂ ਫੜ ਉਠਾਇਆ ਤੇ ਪਿਆਰ ਸਤਿਕਾਰ ਨਾਲ ਘਰ ਲੈ ਆਏ।

SIKHBOOKCLUB.COM

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ
# ਦਸਵੇਂ ਪਾਤਸ਼ਾਹ ਜੀ

## ਅਲੌਕਿਕ ਆਤਮਿਕ ਬੱਲ ਦੀ ਸਾਖੀ

ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸੰਨ 1666 ਈਸਵੀ ਨੂੰ ਪਟਨੇ ਸ਼ਹਿਰ ਜੋ ਬਿਹਾਰ ਦੀ ਰਾਜਧਾਨੀ ਹੈ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਜੀ ਸਨ ਅਤੇ ਮਾਤਾ ਗੁਜਰ ਕੌਰ ਜੀ ਸਨ। ਜਨਮ ਸਮੇਂ ਪਿਤਾ ਤੇਗ ਬਹਾਦੁਰ ਜੀ ਅਸਾਮ ਵੱਲ ਸਿੱਖੀ ਪ੍ਰਚਾਰ ਕਰਨ ਗਏ ਸਨ ਅਤੇ ਮਾਤਾ ਗੁਜਰ ਕੌਰ ਪਟਨੇ ਵਿਖੇ ਸਨ। ਇਸ ਲਈ ਇਨ੍ਹਾਂ ਦੇ ਪ੍ਰਗਟ ਹੋਣ ਦੀ ਖ਼ੁਸ਼ੀ ਦੋ ਜਗ੍ਹਾ ਇੱਕ ਪਟਨੇ ਸ਼ਹਿਰ ਤੇ ਦੂਜੇ ਅਸਾਮ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਰਾਜੇ ਬਿਸ਼ਨ ਨੇ ਮਨਾਈ। ਦੋਨਾਂ ਥਾਵਾਂ ਤੇ ਜਾਚਕਾਂ ਦੀਆਂ ਝੋਲੀਆਂ ਧਨ-ਦੌਲਤ ਨਾਲ ਭਰ ਦਿੱਤੀਆਂ ਗਈਆਂ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਸਾਰ ਵਿੱਚ ਪ੍ਰਕਾਸ਼ ਧਾਰਨ ਦਾ ਕਾਰਨ ਆਪਣੇ ਇਸ ਜਨਮ ਤੋਂ ਪਿਛਲੇ ਜਨਮ ਨਾਲ ਜੋੜਿਆ ਹੈ। ਆਪਣੀ ਬਾਣੀ ਵਿੱਚ ਉਹ ਵਰਣਨ ਕਰਦੇ ਹਨ ਕਿ ਉਤਰਾਖੰਡ ਦੇ ਇਲਾਕੇ ਦੇ ਅਸੀਂ ਇੱਕ ਰਾਜ ਦੇ ਰਾਜੇ ਸਾਂ। ਸਾਡਾ ਨਾਂ ਦੁਸ਼ਟਦਮਨ ਸੀ। ਰਾਜ ਕਰਦਿਆਂ ਪ੍ਰਮਾਤਮਾ ਦੀ ਭਗਤੀ ਦੀ ਐਸੀ ਸਿੱਕ ਲੱਗੀ ਕਿ ਰਾਜ ਭਾਗ ਆਪਣੀ ਸੰਤਾਨ ਨੂੰ ਦੇ ਕੇ ਹੇਮਕੁੰਡ ਪਰਬਤ ਜੋ ਸੱਤ ਚੋਟੀਆਂ ਨਾਲ ਘਿਰਿਆ ਹੈ ਉੱਤੇ ਬੈਠ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਹੋ ਗਏ। ਅਕਾਲ ਪੁਰਖ ਦੀ ਭਗਤੀ ਕਰਦਿਆਂ-ਕਰਦਿਆਂ ਇੱਕ ਦਿਨ ਉਸ ਅਕਾਲ ਪੁਰਖ ਵਿੱਚ ਹੀ ਅਭੇਦ ਹੋ ਗਏ। ਸਤਿਗੁਰੂ ਆਪਣੀ ਬਾਣੀ ਵਿੱਚ ਲਿਖਦੇ ਹਨ—

ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

ਅਕਾਲ ਪੁਰਖ ਦੇ ਦਰਸ਼ਨਾਂ ਤੋਂ ਬਾਅਦ ਉਨ੍ਹਾਂ ਦੇ ਹੁਕਮ ਅਨੁਸਾਰ ਪਟਨਾ ਸ਼ਹਿਰ ਵਿਖੇ ਮਾਤਾ ਗੁਜਰ ਕੌਰ ਜੀ ਦੀ ਕੁੱਖੋਂ ਜਨਮ ਲਿਆ।

ਬਾਲ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਾ ਨਾਂ ਸ੍ਰੀ ਗੋਬਿੰਦ ਰਾਇ ਜੀ ਸੀ। ਇਸ ਲਈ ਸਾਰੇ ਉਨ੍ਹਾਂ ਨੂੰ ਸ੍ਰੀ ਗੋਬਿੰਦ ਰਾਇ ਜੀ ਕਰਕੇ ਬੁਲਾਉਂਦੇ ਸਨ।

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਜਦ ਥੋੜ੍ਹੇ ਵੱਡੇ ਹੋਏ ਤਾਂ ਉਨ੍ਹਾਂ ਵਿੱਚ ਅਲੌਕਿਕ ਆਤਮ ਬੱਲ ਛਲਕਾਂ ਮਾਰਨ ਲੱਗਾ। ਪਟਨੇ ਦੀ ਸੰਗਤ ਸਤਿਗੁਰਾਂ ਦੇ ਜਲੌ ਜਲਾਲ ਭਰਪੂਰ ਮੁੱਖੜੇ ਦੀ ਤਾਬ ਨਾ ਝੱਲ ਸਕਦੀ। ਉਨ੍ਹਾਂ ਦੇ ਅਲੌਕਿਕ ਆਤਮਕ ਬੱਲ ਦਾ ਐਨਾ ਪ੍ਰਭਾਵ ਸੀ ਕਿ ਬਾਲ ਸਤਿਗੁਰੂ ਗੋਬਿੰਦ ਰਾਇ ਜੀ ਦੇ ਜੋ ਕੋਈ ਵੀ ਦਰਸ਼ਨ ਕਰਦਾ, ਕੁਕਰਮ ਛੱਡ ਕੇ ਪ੍ਰਮੇਸ਼ਰ ਦੀ ਭਗਤੀ ਕਰਨ ਲੱਗ ਜਾਂਦਾ। ਸਤਿਗੁਰਾਂ ਦੇ ਦਰਸ਼ਨ ਐਨੇ ਆਕਰਸ਼ਕ ਸਨ ਕਿ ਉਨ੍ਹਾਂ ਦੀ ਵਡਿਆਈ ਪਟਨੇ ਦੇ ਦੂਰ-ਦੂਰ ਦੇ ਇਲਾਕੇ ਵਿੱਚ ਫੈਲ ਚੁੱਕੀ ਸੀ। ਹਰ ਰੋਜ਼ ਬੇਅੰਤ ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰਨ ਆਉਂਦੀਆਂ ਤੇ ਦਰਸ਼ਨ ਕਰ ਨਿਹਾਲ ਹੋ ਜਾਂਦੀਆਂ। ਇਸ ਤਰ੍ਹਾਂ ਬਹੁਤ ਸਾਰੇ ਇਸਤਰੀ ਪੁਰਖ ਗੁਰੂ ਘਰ ਦੇ ਸਿੱਖ ਸੇਵਕ ਬਣ ਗਏ ਸਨ।

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਜਦ ਚਾਰ ਸਾਲ ਦੇ ਹੋਏ ਤਾਂ ਆਪਣੇ ਹਾਣ ਦੇ ਬਾਲ ਸਾਥੀਆਂ ਨਾਲ ਘਰ ਤੋਂ ਬਾਹਰ ਖੇਡਣ ਜਾਣ ਲੱਗੇ। ਸਵੇਰੇ ਜਦੋਂ ਬਾਹਰ ਖੇਡਣ ਜਾਂਦੇ ਤਾਂ ਉਨ੍ਹਾਂ ਦੇ ਮਾਮਾ ਜੀ ਕ੍ਰਿਪਾਲ ਚੰਦ ਜੀ ਹਮੇਸ਼ਾ ਉਨ੍ਹਾਂ ਦੇ ਨਾਲ ਰਹਿੰਦੇ।

ਬਾਲ ਸਾਥੀਆਂ ਨਾਲ ਖੇਡਾਂ ਖੇਡਦਿਆਂ ਬਾਲਕ ਗੋਬਿੰਦ ਰਾਇ ਜੀ ਹਰ ਰੋਜ਼ ਕੋਈ ਨਾ ਕੋਈ ਨਵਾਂ ਕੌਤਕ ਰਚਦੇ ਜਿਸ ਨੂੰ ਦੇਖ ਲੋਕ ਹੈਰਾਨ ਰਹਿ ਜਾਂਦੇ। ਐਨੀ ਛੋਟੀ ਉਮਰ ਵਿੱਚ ਐਸੇ ਕੌਤਕ ਖੇਡਾਂ ਦੇ ਰੂਪ ਵਿੱਚ ਲੋਕਾਂ ਨੇ ਅੱਜ ਤੱਕ ਨਹੀਂ ਸੀ ਦੇਖੇ। ਜਿਸ ਤਰ੍ਹਾਂ ਪ੍ਰਤਾਪੀ ਬਾਲਕ ਗੋਬਿੰਦ ਰਾਇ ਜੀ ਕਰ ਰਹੇ ਸਨ।

ਬਾਲ ਸਤਿਗੁਰਾਂ ਦੇ ਦਰਸ਼ਨਾਂ ਦੀ ਐਸੀ ਖਿੱਚ ਤੇ ਆਕਰਸ਼ਣ ਸੀ ਕਿ ਪਟਨੇ ਦੇ ਬਹੁਤ ਸਾਰੇ ਬਾਲਕ ਹਰ ਰੋਜ਼ ਸਵੇਰੇ ਆਪਣੇ-ਆਪ ਹੀ ਬਾਲ ਗੋਬਿੰਦ ਰਾਏ ਜੀ ਨਾਲ ਖੇਡਣ ਆਉਣ ਲੱਗੇ। ਘਰ ਤੋਂ ਬਾਹਰ ਬਾਲਕਾਂ ਨਾਲ ਖੇਡਦਿਆਂ ਜੋ ਸਤਿਗੁਰੂ ਜੀ ਬਾਲਾਂ ਨੂੰ ਹੁਕਮ ਦੇਣ, ਉਸ ਤਰ੍ਹਾਂ ਹੀ ਸਾਰੇ ਬਾਲਕ ਇੰਨ-ਬਿੰਨ ਹੁਕਮ ਮੰਨਣ। ਕੋਈ ਵੀ ਬਾਲਕ ਸਤਿਗੁਰਾਂ ਦਾ ਹੁਕਮ ਨਾ ਮੋੜੇ। ਕਦੀ ਕਦੀ

ਬਾਲਕ ਗੋਬਿੰਦ ਰਾਇ ਜੀ ਸਾਰੇ ਬਾਲਕਾਂ ਨੂੰ ਕਾਨੇ ਫੜਾ ਦਿੰਦੇ ਤੇ ਉਨ੍ਹਾਂ ਨੂੰ ਦੋ ਟੋਲੀਆਂ ਵਿੱਚ ਵੰਡ ਦਿੰਦੇ ਤੇ ਉਨ੍ਹਾਂ ਦੋ ਟੋਲੀਆਂ ਦੀ ਝੂਠ-ਮੂਠ ਜੰਗ ਕਰਵਾਉਂਦੇ। ਕਦੀ ਉਨ੍ਹਾਂ ਦੀਆਂ ਦੌੜਾਂ ਲਗਵਾਉਂਦੇ ਤੇ ਕਦੀ ਉਨ੍ਹਾਂ ਦੀ ਕੁਸ਼ਤੀ ਕਰਵਾਉਂਦੇ, ਕਦੀ ਦੋ ਟੋਲੀਆਂ ਦੀ ਕਬੱਡੀ ਖਿਡਾਉਂਦੇ। ਕਦੀ ਗੰਗਾ ਨਦੀ ਵਿੱਚ ਵੜ ਦੋ ਟੋਲੀਆਂ ਤੋਂ ਇੱਕ ਦੂਜੇ 'ਤੇ ਪਾਣੀ ਦੇ ਛਿੱਟੇ ਮਾਰਨ ਦਾ ਮੁਕਾਬਲਾ ਕਰਵਾਉਂਦੇ। ਜਿਹੜੀ ਟੋਲੀ ਜਿੱਤ ਜਾਂਦੀ,ਉਸ ਨੂੰ ਸ਼ਾਬਾਸ਼ ਦਿੰਦੇ ਤੇ ਜਿਹੜੀ ਟੋਲੀ ਹਾਰ ਜਾਂਦੀ ਉਸ ਨੂੰ ਹੌਂਸਲਾ ਦਿੰਦੇ। ਇਸ ਦੌਰਾਨ ਹਰ ਰੋਜ਼ ਘਰੋਂ ਮਠਿਆਈ ਮੰਗਾ ਕੇ ਬਾਲਾਂ ਨੂੰ ਵਰਤਾਉਂਦੇ। ਇਹੋ ਜਿਹੇ ਕੌਤਕ ਦੇਖ ਤੇ ਸੁਣ ਪਟਨੇ ਦੀ ਸੰਗਤ ਹੈਰਾਨ ਰਹਿ ਜਾਂਦੀ।

ਸੰਗਤਾਂ ਜਦ ਬਾਲ ਸਤਿਗੁਰਾਂ ਦੇ ਪਟਨੇ ਆ ਦਰਸ਼ਨ ਕਰਦੀ ਤਾਂ ਉਨ੍ਹਾਂ ਦੇ ਮੁਖੜੇ ਦੇ ਜਲਾਲ ਸਾਹਮਣੇ ਉਨ੍ਹਾਂ ਦੀਆਂ ਅੱਖਾਂ ਨੀਵੀਆਂ ਹੋ ਜਾਂਦੀਆਂ। ਉਨ੍ਹਾਂ ਦਾ ਆਤਮਕ ਬਲ ਤੇ ਤੇਜ ਪ੍ਰਤਾਪ ਐਨਾ ਸੀ ਕਿ ਉਨ੍ਹਾਂ ਸਾਹਮਣੇ ਸਭ ਦੱਬੇ ਰਹਿੰਦੇ। ਉਨ੍ਹਾਂ ਦੇ ਕਹੇ ਬਚਨਾਂ ਤੇ ਕਿਸੇ ਦੀ ਕਿੰਤੂ-ਪਰੰਤੂ ਕਰਨ ਦੀ ਹਿੰਮਤ ਨਹੀਂ ਸੀ ਰਹਿੰਦੀ। ਕੋਈ ਵੀ ਇਨ੍ਹਾਂ ਦਾ ਕਿਹਾ ਬਚਨ ਮੋੜ ਨਹੀਂ ਸੀ ਸਕਦਾ, ਐਸਾ ਉਨ੍ਹਾਂ ਦਾ ਤੇਜ ਪ੍ਰਤਾਪ ਸੀ।

SIKHBOOKCLUB.COM

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੂਸਰੇ ਬਾਲਕਾਂ ਨਾਲ ਹਰ ਰੋਜ਼ ਹੀ ਅਕਸਰ ਗੰਗਾ ਨਦੀ ਤੇ ਖੇਡਣ ਜਾਂਦੇ। ਨਦੀ ਕਿਨਾਰੇ ਸਾਰਾ ਦਿਨ ਖੇਡਦੇ ਰਹਿੰਦੇ। ਕਦੀ-ਕਦੀ ਬੇੜੀ ਵਿੱਚ ਬੈਠ ਦੂਸਰੇ ਬਾਲਾਂ ਨਾਲ ਗੰਗਾ ਦੇ ਦੂਸਰੇ ਕਿਨਾਰੇ ਵੀ ਚਲੇ ਜਾਂਦੇ। ਗੰਗਾ ਕਿਨਾਰੇ ਹਰ ਰੋਜ਼ ਠਾਕੁਰਾਂ ਦੀ ਪੂਜਾ ਕਰਨ ਆਉਂਦਾ ਸ਼ਿਵ ਦੱਤ ਨਾਮ ਦਾ ਬ੍ਰਾਹਮਣ ਬਾਲ ਗੋਬਿੰਦ ਰਾਇ ਜੀ ਦੇ ਕੌਤਕਾਂ ਨੂੰ ਹਰ ਰੋਜ਼ ਦੇਖਦਾ ਰਹਿੰਦਾ। ਇੱਕ ਦਿਨ ਉਸ ਦੇ ਮਨ ਵਿੱਚ ਆਇਆ ਕਿ ਸਾਰੇ ਲੋਕ ਇਹ ਕਹਿੰਦੇ ਹਨ ਕਿ ਬਾਲਕ ਗੋਬਿੰਦ ਰਾਇ ਅਵਤਾਰ ਪ੍ਰਗਟ ਹੋਏ ਹਨ ਤੇ ਬੜੇ ਆਤਮਕ ਬਲ ਵਾਲੇ ਹਨ, ਦਿਲਾਂ ਦੀ ਜਾਨਣ ਵਾਲੇ ਹਨ। ਜੇ ਇਹ ਗੱਲ ਠੀਕ ਹੈ ਤਾਂ ਉਹ ਮੈਨੂੰ ਭਗਵਾਨ ਸ੍ਰੀ ਰਾਮਚੰਦ੍ਰ ਜੀ ਦਾ ਸਰੂਪ ਬਣ ਕੇ ਦਰਸ਼ਨ ਦੇਣ।

ਦੂਸਰੇ ਦਿਨ ਜਦ ਬਾਲ ਸਤਿਗੁਰੂ ਗੋਬਿੰਦ ਰਾਇ ਜੀ ਦੂਸਰੇ ਬਾਲਾਂ ਨਾਲ ਗੰਗਾ ਨਦੀ ਕਿਨਾਰੇ ਖੇਡਣ ਆਏ ਤਾਂ ਖੇਡਦਿਆਂ-ਖੇਡਦਿਆਂ ਸ਼ਿਵ ਦੱਤ ਬ੍ਰਾਹਮਣ ਨੂੰ ਉਸ ਦੀ ਇੱਛਾ ਅਨੁਸਾਰ ਸਤਿਗੁਰੂ ਪਾਤਸ਼ਾਹ ਭਗਵਾਨ ਰਾਮਚੰਦ੍ਰ ਜੀ ਦਾ ਸਰੂਪ ਨਜ਼ਰ ਆਏ। ਉਸ ਨੇ ਦੌੜ ਕੇ ਜਾ ਬਾਲ ਗੋਬਿੰਦ ਰਾਇ ਜੀ ਦੇ

ਚਰਨ ਫੜ ਲਏ ਤੇ ਤਨੋ-ਮਨੋ ਸਤਿਗੁਰਾਂ ਦਾ ਸਿੱਖ ਬਣ ਗਿਆ ਤੇ ਸੇਵਾ ਵਿੱਚ ਜੁੱਟ ਗਿਆ।

ਪਟਨੇ ਦੇ ਰਾਜੇ ਫਤੇ ਚੰਦ ਮੈਨੀ ਨੂੰ ਜਦ ਇਸ ਕੌਤਕ ਦਾ ਪਤਾ ਲੱਗਾ ਤਾਂ ਉਹ ਅਤੇ ਉਸ ਦੀ ਰਾਣੀ ਵੀ ਤਨੋ ਮਨੋ ਸਤਿਗੁਰਾਂ ਦੇ ਸਿੱਖ ਬਣ ਗਏ। ਰਾਜੇ ਫਤੇ ਚੰਦ ਮੈਨੀ ਦੀ ਰਾਣੀ ਦੀ ਸਤਿਗੁਰਾਂ ਪ੍ਰਤੀ ਅਥਾਹ ਸ਼ਰਧਾ ਜਾਗ ਪਈ। ਸਤਿਗੁਰਾਂ ਨੂੰ ਯਾਦ ਕਰਦੀ ਦਿਨ ਰਾਤ ਇਹੋ ਅਰਦਾਸ ਕਰਦੀ ਕਿ ਤੁਸੀਂ ਜੇ ਅੰਤਰਜਾਮੀ ਸਤਿਗੁਰ ਹੋ ਤੇ ਜੇ ਮੇਰੀ ਅਰਦਾਸ ਸੁਣਦੇ ਹੋ ਤਾਂ ਮੇਰੇ ਮਹਿਲਾਂ ਵਿੱਚ ਆ ਕੇ ਮੇਰੀ ਗੋਦੀ ਵਿੱਚ ਬੈਠ ਮੈਨੂੰ ਦਰਸ਼ਨ ਦਿਓ।

ਅੰਤਰਜਾਮੀ ਦਸ਼ਮੇਸ਼ ਪਿਤਾ ਬਾਲ ਗੋਬਿੰਦ ਰਾਇ ਜੀ ਇੱਕ ਦਿਨ ਰਾਣੀ ਦੀ ਮਨੋ ਕਾਮਨਾ ਪੂਰੀ ਕਰਨ ਲਈ ਆਪਣੇ ਬਾਲ ਸਾਥੀਆਂ ਨਾਲ ਖੇਡਦੇ-ਖੇਡਦੇ ਰਾਣੀ ਦੇ ਮਹਿਲਾਂ ਵਿੱਚ ਚਲੇ ਗਏ ਤੇ ਰਾਣੀ ਦੀ ਗੋਦੀ ਵਿੱਚ ਜਾ ਬੈਠੇ।

ਰਾਣੀ ਨੇ ਜਦ ਪਾਤਸ਼ਾਹ ਦਸਮ ਪਿਤਾ ਬਾਲ ਗੋਬਿੰਦ ਰਾਇ ਜੀ ਨੂੰ ਆਪਣੀ ਗੋਦੀ ਵਿੱਚ ਬੈਠੇ ਦੇਖਿਆ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਇਸ ਅਥਾਹ ਖੁਸ਼ੀ ਵਿੱਚ ਉਹ ਰਾਣੀ ਬਾਲ ਸਤਿਗੁਰਾਂ ਦੇ ਚਰਨਾਂ ਨੂੰ ਵਾਰ-ਵਾਰ ਚੁੰਮ ਰਹੀ ਸੀ ਤੇ ਚਰਨਾਂ 'ਤੇ ਮੱਥਾ ਟੇਕ ਰਹੀ ਸੀ। ਉਸ ਨੌਕਰਾਂ ਨੂੰ ਹੁਕਮ ਦਿੱਤਾ ਕਿ ਜਲਦ ਜਾਓ ਤੇ ਸਤਿਗੁਰਾਂ ਅਤੇ ਉਨ੍ਹਾਂ ਦੇ ਬਾਲ ਸਾਥੀਆਂ ਲਈ ਤਾਜ਼ਾ ਮਠਿਆਈ ਤਿਆਰ ਕਰਕੇ ਲਿਆਓ।

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਨੇ ਬਚਨ ਕੀਤਾ ਕਿ ਰਾਣੀ ਜੀ ਜਿਹੜੇ ਤੁਹਾਡੇ ਘਰ ਪਹਿਲਾਂ ਹੀ ਛੋਲੇ ਤਲੇ ਹੋਏ ਤੇ ਦੁੱਧ ਪੂਰੀ ਤਿਆਰ ਹੈ, ਉਹ ਹੀ ਸਾਨੂੰ ਛਕਾ ਦਿਓ। ਰਾਜਾ ਤੇ ਰਾਣੀ ਇਹ ਸੁਣ ਹੈਰਾਨ ਰਹਿ ਗਏ। ਸਤਿਗੁਰਾਂ ਨੂੰ ਅੰਤਰਜਾਮੀ ਜਾਣ ਉਨ੍ਹਾਂ ਦੇ ਚਰਨਾਂ 'ਤੇ ਵਾਰ-ਵਾਰ ਮੱਥਾ ਟੇਕਿਆ। ਬਾਲਾ ਪ੍ਰੀਤਮ ਸਤਿਗੁਰ ਗੋਬਿੰਦ ਰਾਇ ਜੀ ਨੇ ਉਹ ਤਲੇ ਹੋਏ ਛੋਲੇ ਤੇ ਦੁੱਧ ਪੂਰੀਆਂ ਛਕੀਆਂ ਤੇ ਸਾਥੀਆਂ ਨੂੰ ਛਕਾਈਆਂ। ਫਿਰ ਸਤਿਗੁਰਾਂ ਬਚਨ ਕੀਤਾ ਅਸੀਂ ਹਰ ਰੋਜ਼ ਆਪਣੇ ਸਾਥੀਆਂ ਨਾਲ ਸ਼ਾਮ ਦੇ ਵੇਲੇ ਏਸੇ ਸਮੇਂ ਆਇਆਂ ਕਰਾਂਗੇ। ਤੁਸੀਂ ਇਹੋ ਤਲੇ ਹੋਏ ਛੋਲੇ ਅਤੇ ਦੁੱਧ ਪੂਰੀਆਂ ਛੱਕਣ ਲਈ ਤਿਆਰ ਰੱਖਣਾ। ਰਾਜਾ ਫਤੇ ਚੰਦ ਮੈਨੀ ਤੇ ਰਾਣੀ ਨੇ ਸੱਤ ਬਚਨ ਕਹਿ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬਹੁਤ ਸਾਰੀਆਂ ਭੇਟਾਵਾਂ ਅਰਪਣ ਕੀਤੀਆਂ।

# ਸਯੱਦ ਭੀਖਨ ਸ਼ਾਹ ਨੂੰ ਉਪਦੇਸ਼

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਪਟਨਾ ਤੋਂ ਅਨੰਦਪੁਰ ਸਾਹਿਬ ਜਾਂਦੇ ਹੋਏ ਰਸਤੇ ਵਿੱਚ ਪੈਂਦੇ ਅੰਬਾਲੇ ਜ਼ਿਲ੍ਹੇ ਦੇ ਕਸਬੇ ਲਖਨੌਰ ਭਾਈ ਜੇਠੇ ਅਤੇ ਭਾਈ ਝੰਡੇ ਦੇ ਘਰ ਕੁਝ ਮਹੀਨੇ ਠਹਿਰੇ। ਬਰਸਾਤ ਦਾ ਮੌਸਮ ਹੋਣ ਕਾਰਨ ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਹੁਕਮ ਭੇਜਿਆ ਸੀ ਕਿ ਜਦ ਤੱਕ ਬਰਸਾਤ ਦਾ ਮੌਸਮ ਖਤਮ ਨਹੀਂ ਹੋ ਜਾਂਦਾ, ਉਦੋਂ ਤੱਕ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਕਸਬੇ ਲਖਨੌਰ ਹੀ ਠਹਿਰਣ। ਇਸ ਕਰਕੇ ਮਾਤਾ ਗੁਜਰ ਕੌਰ ਜੀ, ਮਾਮਾ ਕ੍ਰਿਪਾਲ ਚੰਦ ਜੀ ਅਤੇ ਹੋਰ ਪ੍ਰਮੁੱਖ ਸਿੱਖ ਬਾਲ ਗੋਬਿੰਦ ਰਾਇ ਜੀ ਨਾਲ ਕਈ ਮਹੀਨੇ ਲਖਨੌਰ ਹੀ ਰਹੇ। ਇਸ ਸਮੇਂ ਦੌਰਾਨ ਭਾਈ ਜੇਠੇ ਅਤੇ ਭਾਈ ਝੰਡੇ ਨੇ ਬੜੀ ਸ਼ਰਧਾ ਨਾਲ ਸਤਿਗੁਰਾਂ ਜੀ ਦੀ ਸੇਵਾ ਕੀਤੀ।

ਅੰਬਾਲੇ ਇਲਾਕੇ ਦੀ ਸੰਗਤ ਨੂੰ ਜਦ ਬਾਲ ਸਤਿਗੁਰੂ ਗੋਬਿੰਦ ਰਾਇ ਜੀ ਦੀ ਲਖਨੌਰ ਵਿਖੇ ਆਮਦ ਦਾ ਪੱਤਾ ਲੱਗਾ ਤਾਂ ਵੱਡੀ ਗਿਣਤੀ ਵਿੱਚ ਸੰਗਤ ਸਤਿਗੁਰਾਂ ਦੇ ਦਰਸ਼ਨ ਕਰਨ ਲਖਨੌਰ ਪਹੁੰਚਣ ਲੱਗੀ। ਉਸ ਇਲਾਕੇ ਵਿੱਚ ਬਾਰੀਕ ਖੁਸ਼ਬੂਦਾਰ ਬਾਸਮਤੀ ਬਹੁਤ ਹੁੰਦੀ ਸੀ। ਸੰਗਤਾਂ ਬਾਲ ਸਤਿਗੁਰਾਂ ਲਈ ਭੇਟਾ ਦੇ ਰੂਪ ਵਿੱਚ ਬਾਰੀਕ ਬਾਸਮਤੀ ਦੇ ਚੌਲ, ਗੁੜ, ਰੁਪਏ, ਦੇਸੀ ਘਿਓ, ਕੱਪੜੇ, ਘੋੜੇ, ਸ਼ਸਤਰ ਅਤੇ ਹੋਰ ਭੇਟਾਵਾਂ ਭੇਟ ਕਰਨ ਅਤੇ ਦਰਸ਼ਨ ਕਰਨ ਲਈ ਆਉਣ ਲੱਗੀਆਂ। ਭਾਈ ਜੇਠੇ ਅਤੇ ਭਾਈ ਝੰਡੇ ਦੇ ਘਰ ਲੰਗਰ ਅਤੇ ਕਥਾ ਕੀਰਤਨ ਦਾ ਪ੍ਰਵਾਹ ਸ਼ੁਰੂ ਹੋ ਗਿਆ। ਸੰਗਤਾਂ ਕਥਾ ਕੀਰਤਨ ਸਰਵਣ ਕਰਨ ਅਤੇ ਬਾਲ ਗੋਬਿੰਦ ਰਾਇ ਜੀ ਦੇ ਬਚਨ ਸਰਵਣ ਕਰ, ਨਿਹਾਲ ਹੋ, ਘਰਾਂ ਨੂੰ ਵਾਪਿਸ ਪਰਤਣ।

ਉਸੇ ਇਲਾਕੇ ਵਿੱਚ ਪਿੰਡ ਘੁੜਾਮ ਵਿਖੇ ਇੱਕ ਪਹੁੰਚੇ ਹੋਏ ਫਕੀਰ ਸਯਦ ਭੀਖਨ ਸ਼ਾਹ ਜੀ ਰਹਿੰਦੇ ਸਨ। ਉਨ੍ਹਾਂ ਦੀ ਉਸ ਇਲਾਕੇ ਵਿੱਚ ਕਾਫੀ ਮਾਨਤਾ ਸੀ। ਉਨ੍ਹਾਂ ਦੇ ਬਹੁਤ ਸਾਰੇ ਮੁਰੀਦ ਉਸ ਇਲਾਕੇ ਵਿੱਚ ਰਹਿੰਦੇ ਸਨ।

ਉਨ੍ਹਾਂ ਦਿਨਾਂ ਵਿੱਚ ਹੀ ਸਯਦ ਭੀਖਨ ਸ਼ਾਹ ਜੀ ਆਪਣੇ ਬਹੁਤ ਸਾਰੇ ਮੁਰੀਦਾਂ ਨੂੰ ਨਾਲ ਲੈ ਕੇ ਵੱਖ-ਵੱਖ ਪਿੰਡਾਂ ਵਿੱਚ ਗਸ਼ਤ ਕਰਨ ਚੱਲ ਪਏ। ਉਨ੍ਹਾਂ

ਦੇ ਸੇਵਕ ਉਨ੍ਹਾਂ ਨੂੰ ਬਹੁਤ ਸਾਰੀਆਂ ਭੇਟਾਵਾਂ ਦਿੰਦੇ ਤੇ ਬਹੁਤ ਆਦਰ ਸਤਿਕਾਰ ਨਾਲ ਸੇਵਾ ਕਰਦੇ।

ਸਯਦ ਭੀਖਨ ਸ਼ਾਹ ਫਕੀਰ ਜਦ ਆਪਣੇ ਮੁਰੀਦਾਂ ਨਾਲ ਕਸਬੇ ਲਖਨੌਰ ਪਹੁੰਚੇ ਤਾਂ ਉਨ੍ਹਾਂ ਨੇ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੀ ਲੋਕਾਂ ਕੋਲੋਂ ਬਹੁਤ ਮਹਿਮਾ ਸੁਣੀ। ਸਯਦ ਜੀ ਦਾ ਮਨ ਵੀ ਬਾਲ ਗੋਬਿੰਦ ਰਾਇ ਜੀ ਦੇ ਦਰਸ਼ਨ ਕਰਨ ਲਈ ਤੜਫਣ ਲੱਗਾ। ਲਖਨੌਰ ਦੇ ਰਹਿਣ ਵਾਲੇ ਕਿਸੇ ਵਿਅਕਤੀ ਨੂੰ ਜਦ ਬਾਲ ਗੋਬਿੰਦ ਰਾਇ ਜੀ ਦਾ ਪਤਾ ਪੁੱਛਿਆ ਤਾਂ ਸਯੱਦ ਨੂੰ ਪਤਾ ਲੱਗਾ ਕਿ ਬਾਲਕ ਗੋਬਿੰਦ ਰਾਇ ਜੀ ਆਪਣੇ ਬਾਲ ਸਾਥੀਆਂ ਨਾਲ ਪਿੰਡ ਦੇ ਬਾਹਰਵਾਰ ਪੂਰਬ ਵਾਲੇ ਪਾਸੇ ਖਿੱਦੋ ਖੂੰਡੀ ਖੇਡ ਰਹੇ ਹਨ।

ਸਯੱਦ ਭੀਖਨ ਸ਼ਾਹ ਜੀ ਆਪਣੇ ਮੁਰੀਦਾਂ ਨਾਲ ਕਸਬੇ ਦੇ ਪੂਰਬ ਵਾਲੇ ਪਾਸੇ ਚੱਲ ਪਏ। ਜਦ ਖੇਡ ਵਾਲੀ ਜਗ੍ਹਾ 'ਤੇ ਪਹੁੰਚੇ ਤਾਂ ਬਾਲ ਸਤਿਗੁਰ ਗੋਬਿੰਦ ਰਾਇ ਜੀ ਦੇ ਖੇਡਦੇ ਹੋਏ ਦੇਖ ਤੇ ਦਰਸ਼ਨ ਕਰ ਨਿਹਾਲ ਹੋ ਗਏ। ਸਤਿਗੁਰ ਜੀ ਨੂੰ ਸੱਤ ਵਾਰ ਝੁਕ-ਝੁਕ ਕੇ ਸਲਾਮ ਕੀਤੀ। ਜ਼ੁਬਾਨ ਤੋਂ ਬੋਲੇ ਕਿ ਅੱਜ ਅੱਲਾ ਦੇ ਸ਼ਾਖਸ਼ਾਤ ਦਰਸ਼ਨ ਹੋ ਗਏ ਹਨ। ਉਨ੍ਹਾਂ ਦੇ ਸਾਥੀ ਮੁਰੀਦਾਂ ਦੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਉਨ੍ਹਾਂ ਪੁੱਛਿਆ ਤੁਸੀਂ ਅੱਲ੍ਹਾ ਦੇ ਫਕੀਰ ਹੋ ਕੇ ਇਸ ਬਾਲ ਗੋਬਿੰਦ ਰਾਏ ਜੀ ਅੱਗੇ ਕਿਉਂ ਸਿਰ ਝੁਕਾਇਆ ਦੂਸਰੇ ਮੁਰੀਦ ਨੇ ਆਖਿਆ ਕਿ ਸਿਰਫ ਇੱਕ ਵਾਰ ਨਹੀਂ ਸੱਤ ਵਾਰ ਉਨ੍ਹਾਂ ਨੂੰ ਸਲਾਮ ਕੀਤੀ ਤੇ ਸੱਤ ਵਾਰ ਹੀ ਆਪਣਾ ਉਨ੍ਹਾਂ ਅੱਗੇ ਸੀਸ ਝੁਕਾਇਆ।

ਸਯੱਦ ਭੀਖਨ ਸ਼ਾਹ ਜੀ ਨੇ ਉਨ੍ਹਾਂ ਦਾ ਸ਼ੰਕਾ ਦੂਰ ਕਰਨ ਵਾਸਤੇ ਦੋ ਬਰਤਨ ਮਠਿਆਈ ਦੇ ਮੰਗਵਾਏ ਤੇ ਬਾਲ ਗੋਬਿੰਦ ਰਾਇ ਜੀ ਕੋਲ ਜਾ ਕੇ ਉਨ੍ਹਾਂ ਅੱਗੇ ਰੱਖੇ। ਸਯੱਦ ਜੀ ਨੇ ਇਹ ਗੁੱਝੀ ਰਮਜ਼ ਦਾ ਪਾਇਆ ਗੁਰੂ ਜੀ ਅੱਗੇ ਸਵਾਲ ਕਿਸੇ ਨੂੰ ਨਾ ਦੱਸਿਆ। ਅੰਤਰਜਾਮੀ ਸਤਿਗੁਰੂ ਫਕੀਰ ਜੀ ਦੀ ਗੁੱਝੀ ਰਮਜ਼ ਜਾਣ ਗਏ ਸਨ। ਉਨ੍ਹਾਂ ਆਪਣੇ ਦੋਨੋਂ ਹੱਥ ਉਨ੍ਹਾਂ ਦੋਨਾਂ ਮਠਿਆਈ ਵਾਲੇ ਬਰਤਨਾਂ 'ਤੇ ਰੱਖ ਦਿੱਤੇ। ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਨੇ ਇੱਕ ਤੀਜਾ ਬਰਤਨ ਮਠਿਆਈ ਵਾਲਾ ਹੋਰ ਮੰਗਵਾਇਆ ਤੇ ਉਨ੍ਹਾਂ ਦੋਨਾਂ ਬਰਤਨਾਂ ਦੇ ਵਿਚਕਾਰ ਇਹ ਤੀਜਾ ਬਰਤਨ ਰੱਖ ਦਿੱਤਾ। ਆਪਣੇ ਦੋਨੋਂ ਹੱਥ ਦੋਨਾਂ ਭਾਂਡਿਆਂ ਤੋਂ ਚੁੱਕ ਕੇ ਵਿਚਕਾਰ ਵਾਲੇ ਤੀਜੇ ਬਰਤਨ 'ਤੇ ਰੱਖ ਦਿੱਤੇ। ਸਤਿਗੁਰਾਂ ਨੇ ਗੁੱਝੀ ਰਮਜ਼ ਦੇ ਸਵਾਲ ਦਾ ਜਵਾਬ ਗੁੱਝੀ ਰਮਜ਼ ਵਿੱਚ ਹੀ ਸਯੱਦ ਭੀਖਨ ਸ਼ਾਹ ਜੀ ਨੂੰ



ਦੇ ਦਿੱਤਾ। ਸਯੱਦ ਭੀਖਨ ਸ਼ਾਹ ਬਾਲ ਗੋਬਿੰਦ ਰਾਇ ਜੀ ਦੇ ਜਵਾਬ ਤੋਂ ਬਹੁਤ ਖੁਸ਼ ਹੋਏ। ਉਸ ਸਤਿਗੁਰਾਂ ਨਾਲ ਬਹੁਤ ਪ੍ਰੇਮ ਕੀਤਾ ਤੇ ਵਾਰ-ਵਾਰ ਉਨ੍ਹਾਂ ਦੇ ਚਰਨ ਚੁੰਮੇ।

ਬਾਲਾ ਪ੍ਰੀਤਮ ਸਤਿਗੁਰੂ ਗੋਬਿੰਦ ਰਾਇ ਜੀ ਦੇ ਹੁਕਮ ਅਨੁਸਾਰ ਤਿੰਨੇ ਬਰਤਨਾਂ ਦੀ ਮਠਿਆਈ ਸਾਰੇ ਬਾਲਕਾਂ ਅਤੇ ਮੁਰੀਦਾਂ ਨੂੰ ਵੰਡੀ ਗਈ। ਸਯੱਦ ਭੀਖਨ ਸ਼ਾਹ ਮੁੜ ਸੱਤ ਸਲਾਮਾਂ ਕਰਦਾ ਹੋਇਆ ਆਪਣੇ ਮੁਰੀਦਾਂ ਨਾਲ ਅੱਗੇ ਤੁਰ ਪਿਆ।

ਜਦ ਸਯੱਦ ਭੀਖਨ ਸ਼ਾਹ ਆਪਣੇ ਮੁਰੀਦਾਂ ਨਾਲ ਥੋੜ੍ਹੀ ਦੂਰ ਅੱਗੇ ਗਿਆ ਤਾਂ ਮੁਰੀਦਾਂ ਨੇ ਮੁੜ ਉਸ ਕੌਤਕ ਬਾਰੇ ਪੁੱਛਿਆ। ਸਯੱਦ ਜੀ ਨੇ ਉਸ ਗੁੱਝੀ ਰਮਜ਼ ਦਾ ਭੇਤ ਖੋਲਦੇ ਹੋਏ ਦੱਸਿਆ ਕਿ ਇਹ ਬਾਲਕ ਵੱਡਾ ਵਲੀ ਪੁਰਖ ਹੋਵੇਗਾ। ਉਸ ਅੱਲਾ ਨੇ ਇਨ੍ਹਾਂ ਨੂੰ ਸਾਰੇ ਧਰਮਾਂ ਦੀ ਰੱਖਿਆ ਵਾਸਤੇ ਇਸ ਧਰਤੀ 'ਤੇ ਭੇਜਿਆ ਹੈ। ਇਹ ਹਿੰਦੂ ਅਤੇ ਤੁਰਕਾਂ ਦੋਹਾਂ ਨੂੰ ਇਕੋ ਜਿਹਾ ਸਮਝੇਗਾ। ਇਸ ਦੇ ਨਾਲ ਇਹ ਆਪਣਾ ਤੀਜਾ ਪੰਥ ਪ੍ਰਗਟ ਕਰੇਗਾ। ਜਿਹੜੇ ਦੋਨੋਂ ਬਰਤਨ ਮਠਿਆਈ ਦੇ ਉਨ੍ਹਾਂ ਅੱਗੇ ਰੱਖੇ ਸਨ, ਉਹ ਇੱਕ ਹਿੰਦੂ ਤੇ ਦੂਜਾ ਮੁਸਲਮਾਨ ਦਾ ਸੀ। ਬਾਲ ਗੋਬਿੰਦ ਰਾਇ ਜੀ ਨੇ ਦੋਨਾਂ 'ਤੇ ਹੱਥ ਰੱਖ ਕੇ ਸਮਝਾਇਆ ਕਿ ਉਹ ਉਨ੍ਹਾਂ ਦੋਨਾਂ ਧਰਮਾਂ ਦੀ ਬਰਾਬਰ ਰੱਖਿਆ ਕਰਨਗੇ। ਤੀਜਾ ਬਰਤਨ ਜੋ ਬਾਲਾ ਪ੍ਰੀਤਮ ਜੀ ਨੇ ਮਠਿਆਈਆਂ ਦਾ ਮੰਗਵਾ ਕੇ ਉਸ 'ਤੇ ਦੋਨੋਂ ਹੱਥ ਰੱਖੇ ਸਨ ਦਾ ਮਤਲਬ ਉਹ ਇੱਕ ਆਪਣਾ ਤੀਜਾ ਪੰਥ ਪ੍ਰਗਟ ਕਰਨਗੇ।

ਇਸ ਤਰ੍ਹਾਂ ਬਾਲ ਗੋਬਿੰਦ ਰਾਇ ਜੀ ਨੇ ਗੁਪਤ ਸੰਦੇਸ਼ ਰਾਹੀਂ ਸੱਤ ਦਾ ਉਪਦੇਸ਼ ਦਿੱਤਾ ਹੈ। ਸਾਰੇ ਮੁਰੀਦਾਂ ਨੇ ਜਦ ਇਹ ਰਮਜ਼ ਸਮਝੀ ਤਾਂ ਉਹ ਦੰਗ ਰਹਿ ਗਏ ਤੇ ਬਾਲਾ ਪ੍ਰੀਤਮ ਗੋਬਿੰਦ ਰਾਏ ਜੀ ਵੱਲ ਆਪਣਾ ਮੂੰਹ ਕਰਕੇ ਸੱਤ ਸਲਾਮਾਂ ਕੀਤੀਆਂ ਤੇ ਸੀਸ ਝੁਕਾਇਆ। ਇਸ ਤਰ੍ਹਾਂ ਬਾਲਾ ਪ੍ਰੀਤਮ ਸਤਿਗੁਰੂ ਕਈ ਮਹੀਨੇ ਕਸਬੇ ਲਖਨੌਰ ਰਹਿ ਕੇ ਆਪਣੇ ਕੌਤਕਾਂ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

SIKHBOOKCLUB.COM

# ਸੱਚੇ ਧਰਮ ਰੱਖਿਅਕ

ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਰਾਇ ਜੀ ਉਸ ਸਮੇਂ ਨੌਂ ਸਾਲ ਦੇ ਹੋਏ ਸਨ ਜਦ ਹਿੰਦੁਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਹਿੰਦੂ ਸਮਾਜ ਤੇ ਬਹੁਤ ਜ਼ੁਲਮ ਢਾਹ ਰਿਹਾ ਸੀ ਤੇ ਜਬਰਦਸਤੀ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕਰ ਰਿਹਾ ਸੀ। ਉਸ ਨੇ ਸਖ਼ਤ ਹੁਕਮ ਦਿੱਤਾ ਸੀ, ਜਾਂ ਤਾਂ ਮੁਸਲਮਾਨ ਬਣ ਜਾਉ ਨਹੀਂ ਤੇ ਮਰਨ ਲਈ ਤਿਆਰ ਹੋ ਜਾਉ। ਮਹਾਤਮਾ ਸਰਮਦ ਅਤੇ ਮਹਾਤਮਾ ਅਘੋਰ ਨਾਥ ਦੇ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ।

ਔਰੰਗਜ਼ੇਬ ਦੀ ਹਿੰਦੂ ਸਮਾਜ ਪ੍ਰਤੀ ਸਖ਼ਤੀ ਤੇ ਮੁਸਲਮਾਨਾਂ ਪ੍ਰਤੀ ਨਰਮੀ ਦਾ ਵਰਤਾ ਦੇਖ ਕੇ ਪੂਰੇ ਦੇਸ਼ ਵਿੱਚ ਹਾਕਮਾਂ ਨੇ ਹਿੰਦੂ ਸਮਾਜ ਤੇ ਹੋਰ ਵੀ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ ਸਨ। ਜਿਸ ਕਰਕੇ ਪਿੰਡਾਂ ਦੇ ਪਿੰਡ ਅਤੇ ਕਈ ਵਾਰ ਪੂਰੇ ਦੇ ਪੂਰੇ ਇਲਾਕੇ ਦੇ ਲੋਕ ਸਖ਼ਤੀ ਤੋਂ ਡਰਦਿਆਂ ਮੁਸਲਮਾਨ ਬਣ ਗਏ ਸਨ।

ਕਈ ਮੁਸਲਮਾਨ ਹਾਕਮਾਂ ਨੇ ਇਹ ਵੀ ਝੂਠੀ ਖਬਰ ਫੈਲਾਈ ਸੀ ਕਿ ਬਾਦਸ਼ਾਹ ਔਰੰਗਜ਼ੇਬ ਹਿੰਦੂਆਂ ਦਾ ਸਵਾ ਮਣ ਜਨੇਊ ਉਤਾਰ ਕੇ ਫਿਰ ਹੀ ਭੋਜਨ ਕਰਦਾ ਹੈ। ਇਸ ਲਈ ਹਕੂਮਤ ਦੇ ਜ਼ੁਲਮ ਤੋਂ ਲੋਕ ਬਹੁਤ ਭੈਅ-ਭੀਤ ਸਨ।

ਕਸ਼ਮੀਰ ਦਾ ਹਾਕਮ ਸ਼ੇਰ ਅਫ਼ਗਾਨ ਤਾਂ ਉਥੋਂ ਦੇ ਲੋਕਾਂ 'ਤੇ ਸਭ ਤੋਂ ਵੱਧ ਜ਼ੁਲਮ ਢਾਹ ਰਿਹਾ ਸੀ। ਉਸ ਨੇ ਹਿੰਦੂ ਸਮਾਜ ਤੇ ਬਹੁਤ ਜ਼ੁਲਮ ਕਰ ਕਰ ਅੱਧਾ ਕਸ਼ਮੀਰ ਮੁਸਲਮਾਨ ਬਣਾ ਦਿੱਤਾ ਸੀ। ਉਸ ਦਾ ਕਹਿਣਾ ਸੀ, ਜਾਂ ਤਾਂ ਕਲਮਾਂ ਪੜ੍ਹੋ ਨਹੀਂ ਤਾਂ ਕਤਲ ਹੋਣ ਲਈ ਤਿਆਰ ਹੋ ਜਾਓ।

ਐਨੇ ਜ਼ੁਲਮਾਂ ਨੂੰ ਸਹਿੰਦਿਆਂ ਆਖਰ ਕਸ਼ਮੀਰੀ ਹਿੰਦੂ ਸਮਾਜ ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਬ੍ਰਾਹਮਣਾਂ ਦੀ ਸੀ, ਸਭ ਨੇ ਰਲ ਇੱਕ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਕਸ਼ਮੀਰ ਵਿੱਚ ਰਹਿੰਦੇ ਪ੍ਰਮੁੱਖ ਸਿੱਖਾਂ ਨੂੰ ਵੀ ਬੁਲਾਇਆ ਗਿਆ। ਕਸ਼ਮੀਰ ਵਿੱਚ ਰਹਿੰਦੇ ਸਿੱਖਾਂ ਦੀ ਸਲਾਹ ਨਾਲ ਇਹ ਫੈਸਲਾ ਹੋਇਆ ਕਿ ਅਨੰਦਪੁਰ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੀ ਸ਼ਰਣ ਜਾਇਆ ਜਾਵੇ। ਸਤਿਗੁਰ ਪਾਤਸ਼ਾਹ ਜ਼ਰੂਰ ਇਸ ਦਾ ਕੋਈ ਹੱਲ ਦਸਣਗੇ।

ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਲਗਭਗ ਪੰਜ ਸੌ ਹਿੰਦੂ ਸਮਾਜ ਦਾ ਜਥਾ ਜਿਸ ਵਿੱਚ ਬ੍ਰਾਹਮਣ, ਖੱਤਰੀ ਅਤੇ ਹੋਰ ਹਿੰਦੂ ਜਾਤੀ ਦੇ ਲੋਕ ਪ੍ਰਮੁੱਖ ਸਿੱਖਾਂ ਨੂੰ ਨਾਲ ਲੈ ਕਸ਼ਮੀਰ ਤੋਂ ਚੱਲ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੀ ਸ਼ਰਣ ਵਿੱਚ ਆ ਗਏ। ਨੌਵੇਂ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਸਵੇਰੇ ਸੰਗਤ ਵਿੱਚ ਆਉਣ ਲਈ ਬਚਨ ਕੀਤਾ।

ਦੂਸਰੇ ਦਿਨ ਸਵੇਰੇ ਸਤਿਗੁਰੂ ਸ੍ਰੀ ਤੇਗ ਬਹਾਦਰ ਜੀ ਸੰਗਤ ਵਿੱਚ ਆ ਸਿੰਘਾਸਨ 'ਤੇ ਬਿਰਾਜੇ। ਉਨ੍ਹਾਂ ਦੇ ਨਾਲ ਬਾਲ ਗੋਬਿੰਦ ਰਾਇ ਜੀ ਵੀ ਆ ਕੇ ਬਿਰਾਜ ਗਏ ਸਨ। ਸੰਗਤ ਵਿੱਚ ਕਿਰਪਾ ਰਾਮ ਬ੍ਰਾਹਮਣ ਦੀ ਅਗਵਾਈ ਵਿੱਚ ਕਸ਼ਮੀਰ ਤੋਂ ਆਏ ਸਾਰੇ ਹਿੰਦੂ ਵੀ ਬੈਠੇ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਕਿਰਪਾ ਰਾਮ ਤੇ ਪ੍ਰਮੁੱਖ ਲੋਕਾਂ ਨੂੰ ਆਪਣੀ ਵਿਅੱਥਾ ਕਹਿਣ ਲਈ ਆਖਿਆ। ਪੂਰੀ ਸੰਗਤ ਤੇ ਬਾਲ ਗੋਬਿੰਦ ਰਾਇ ਜੀ ਵੀ ਕਸ਼ਮੀਰੀ ਬ੍ਰਾਹਮਣਾਂ ਦੀ ਪੁਕਾਰ ਸੁਣਨ ਲਈ ਉਤਾਵਲੇ ਸਨ।

ਕਿਰਪਾ ਰਾਮ ਬ੍ਰਾਹਮਣ ਤੇ ਪ੍ਰਮੁੱਖ ਲੋਕਾਂ ਨੇ ਰੋ-ਰੋ ਕੇ ਆਪਣੇ ਦੁੱਖੜੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਸੁਣਾਏ। ਉਨ੍ਹਾਂ ਆਖਿਆ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਹਿੰਦੂ ਸਮਾਜ ਨੂੰ ਜੜ੍ਹੋਂ ਉਖਾੜਨ ਲਈ ਤਤਪਰ ਹਨ। ਥਾਂ-ਥਾਂ 'ਤੇ ਗਊ ਹੱਤਿਆ ਕੀਤੀ ਜਾ ਰਹੀ ਹੈ। ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਹੈ। ਜਿਹੜੇ ਹਿੰਦੂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਮਰਨ ਤੋਂ ਡਰਦੇ ਬਹੁਤ ਸਾਰੇ ਹਿੰਦੂ ਮੁਸਲਮਾਨ ਬਣ ਗਏ ਹਨ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਕਸ਼ਮੀਰੀ ਬ੍ਰਾਹਮਣਾਂ ਦੇ ਦਿਲ ਦਹਿਲਾ ਦੇਣ ਵਾਲੇ ਦੁਖੜੇ ਬੜੇ ਧਿਆਨ ਨਾਲ ਸੁਣ ਰਹੇ ਸਨ। ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਜਿਨ੍ਹਾਂ ਦੀ ਉਮਰ ਕੇਵਲ ਨੌਂ ਸਾਲ ਦੀ ਸੀ ਵੀ ਬਹੁਤ ਧਿਆਨ ਨਾਲ ਦੁੱਖੜੇ ਸੁਣ ਰਹੇ ਸਨ।

ਔਰੰਗਜ਼ੇਬ ਬਾਦਸ਼ਾਹ ਵੱਲੋਂ ਕੀਤੇ ਜਾ ਰਹੇ ਹਿੰਦੂਆਂ 'ਤੇ ਜ਼ੁਲਮ ਅਤੇ ਕਸਮੀਰੀ ਹਿੰਦੂ ਸਮਾਜ 'ਤੇ ਹੋ ਰਹੇ ਜ਼ੁਲਮ ਸੁਣ ਸ੍ਰੀ ਗੁਰੂ ਤੇਗ ਬਹਾਦੁਰ ਜੀ•

ਨੌਵੇਂ ਪਾਤਸ਼ਾਹ ਜੀ ਨੂੰ ਬਹੁਤ ਦੁੱਖ ਹੋਇਆ। ਬਾਲ ਗੋਬਿੰਦ ਰਾਇ ਜੀ ਵੀ ਬਹੁਤ ਉਦਾਸ ਹੋ ਕੇ ਆਪਣੇ ਪਿਤਾ ਗੁਰੂ ਜੀ ਵੱਲ ਤੱਕਣ ਲੱਗੇ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਾਹੁਦਰ ਜੀ ਕਸ਼ਮੀਰੀ ਬ੍ਰਾਹਮਣਾਂ ਦੀ ਦੁੱਖ ਭਰੀ ਵਾਰਤਾ ਸੁਣ ਬਹੁਤ ਦੇਰ ਤੱਕ ਚੁੱਪ ਰਹੇ। ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਵੀ ਇਸ ਉਡੀਕ ਵਿੱਚ ਸਨ ਕਿ ਪਿਤਾ ਸ੍ਰੀ ਬ੍ਰਾਹਮਣਾਂ ਨੂੰ ਕੀ ਉੱਤਰ ਦਿੰਦੇ ਹਨ। ਬਹੁਤ ਸੋਚ ਤੋਂ ਬਾਅਦ ਨੌਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਜਦੋਂ ਤੱਕ ਕੋਈ ਸੱਤ ਪੁਰਖ ਮਹਾਤਮਾ ਧਰਮ ਦੀ ਰੱਖਿਆ ਵਾਸਤੇ ਸੀਸ ਬਲੀਦਾਨ ਨਹੀਂ ਕਰਦਾ ਉਦੋਂ ਤੱਕ ਹਿੰਦੂ ਸਮਾਜ ਦਾ ਬਚਾਅ ਕਰਨਾ ਨਾ-ਮੁਮਕਿਨ ਹੈ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਬਲੀਦਾਨ ਦੇਣ ਵਾਲਾ ਉੱਤਰ ਸੁਣ ਕੇ ਸਾਰੀ ਸੰਗਤ ਵਿੱਚ ਚੁੱਪੀ ਛਾ ਗਈ। ਕੋਈ ਵੀ ਨਾ ਬੋਲਿਆ। ਉਸ ਸਮੇਂ ਬਾਲਾ ਪ੍ਰੀਤਮ ਗੋਬਿੰਦ ਰਾਇ, ਜਿਨ੍ਹਾਂ ਦੀ ਉਮਰ ਨੌਂ ਬਰਸ ਦੀ ਸੀ ਤੇ ਪੂਰਨ ਹੋਸ਼ ਵਾਲੇ, ਗਿਆਨਵਾਨ, ਪੂਰਨ ਸੋਝੀਵਾਨ ਅਤੇ ਹਰ ਪ੍ਰਕਾਰ ਨਾਲ ਸਮਰੱਥ ਸਨ, ਆਪਣੇ ਪਿਤਾ ਸਤਿਗੁਰ ਸਾਹਿਬ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਤੋਂ ਅਧਿਕ ਮਹਾਤਮਾ ਤੇ ਧਰਮਾਤਮਾ, ਸਤਪੁਰਖ ਤੇ ਧਰਮ ਦਾ ਪਿਆਰਾ ਤੇ ਰੱਖਿਅਕ ਇਸ ਧਰਤੀ 'ਤੇ ਹੋਰ ਕੌਣ ਹੋ ਸਕਦਾ ਹੈ ਜੋ ਹਿੰਦੂ ਧਰਮ ਦੀ ਰੱਖਿਆ ਲਈ ਸੀਸ ਦੇਵੇ ?

ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੇ ਇਹ ਬਚਨ ਸੁਣ ਸਾਰੀ ਸੰਗਤ ਨੇ ਹੈਰਾਨ ਹੋ ਕੇ ਪੰਜੇ ਉਂਗਲਾਂ ਆਪਣੇ ਮੂੰਹ ਵਿੱਚ ਪਾ ਲਈਆਂ। ਅਚੰਭੇ ਵਿੱਚ ਸੰਗਤ ਕੁਝ ਚਿਰ ਲਈ ਆਪਣੀ ਹੋਸ਼ ਗਵਾ ਬੈਠੀ। ਜਦ ਹੋਸ਼ ਆਈ ਤਾਂ ਸਰਬਤ ਸੰਗਤ ਅਤੇ ਕਸ਼ਮੀਰੀ ਬ੍ਰਾਹਮਣਾਂ ਨੇ ਖੜ੍ਹੇ ਹੋ ਕੇ ਬਾਲਾ ਪ੍ਰੀਤਮ ਗੋਬਿੰਦ ਰਾਇ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਵਾਰ-ਵਾਰ ਆਪਣੇ ਸੀਸ ਝੁਕਾਏ।

ਬਾਲਾ ਪ੍ਰੀਤਮ ਗੋਬਿੰਦ ਰਾਏ ਜੋ ਅਜੇ ਆਪਣੇ ਪਿਤਾ ਜੀ ਦੀ ਗੋਦ ਵਿੱਚ ਖੇਡਦੇ ਸਨ, ਉਨ੍ਹਾਂ ਤੋਂ ਇਲਾਵਾ ਐਸਾ ਕੌਣ ਬਾਲਕ ਹੋ ਸਕਦਾ ਸੀ ? ਜੋ ਇਹ ਕਹਿ ਦੇਵੇ ਕਿ ਤੁਸੀਂ ਹਿੰਦੂ ਧਰਮ ਤੇ ਹਿੰਦੂ ਸਮਾਜ ਦੀ ਰੱਖਿਆ ਖਾਤਰ ਆਪਣਾ ਸੀਸ ਦੇ ਦਿਉ। ਨਾ ਹੀ ਐਸਾ ਪਰਉਪਕਾਰੀ ਪਿਤਾ ਹੋ ਸਕਦਾ ਹੈ ਜੋ ਆਪਣੇ ਪੁੱਤਰ ਤੋਂ ਐਸਾ ਬਲੀਦਾਨ ਦੇਣ ਦਾ ਬਚਨ ਸੁਣ ਕੇ ਖੁਸ਼ ਹੋਵੇ।

ਇਹ ਸਮਰੱਥਾ ਸ਼ਕਤੀ ਤੇ ਭਰੋਸਾ ਕੇਵਲ ਨੌਵੇਂ ਗੁਰੂ ਤੇਗ ਬਹਾਦੁਰ ਜੀ

SIKHBOOKCLUB.COM

ਅਤੇ ਦਸਵੇਂ ਗੁਰੂ ਬਾਲ ਗੋਬਿੰਦ ਰਾਇ ਵਿੱਚ ਹੀ ਸੀ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਧਰਮ ਦੀ ਰੱਖਿਆ ਵਾਸਤੇ ਇਸ ਸੰਸਾਰ ਵਿੱਚ ਭੇਜਿਆ ਸੀ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਆਪਣੇ ਪੁੱਤਰ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦੇ ਬਚਨਾਂ ਤੋਂ ਬਹੁਤ ਖੁਸ਼ ਹੋਏ। ਹਰ ਤਰ੍ਹਾਂ ਨਾਲ ਬਾਲ ਗੋਬਿੰਦ ਰਾਇ ਜੀ ਨੂੰ ਸਮਰੱਥ ਜਾਣ ਵੱਡੀ ਖੁਸ਼ੀ ਨਾਲ ਕਸ਼ਮੀਰੀ ਬ੍ਰਾਹਮਣਾਂ ਨੂੰ ਕਹਿ ਦਿੱਤਾ ਕਿ ਔਰੰਗਜ਼ੇਬ ਬਾਦਸ਼ਾਹ ਨੂੰ ਜਾ ਕੇ ਕਹਿ ਦਿਉ ਕਿ ਸਾਡੇ ਧਰਮ ਦੇ ਰੱਖਿਅਕ ਸ੍ਰੀ ਗੁਰੂ ਤੇਗ ਬਹਾਦੁਰ ਜੀ ਹਨ। ਜੇ ਉਹ ਮੁਸਲਮਾਨ ਬਣ ਗਏ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਜਾਣਦੇ ਸਨ ਕਿ ਬਾਲ ਗੋਬਿੰਦ ਰਾਇ ਜੀ ਹੀ ਉਨ੍ਹਾਂ ਤੋਂ ਬਾਅਦ ਧਰਮ ਤੇ ਮਾਨਵਤਾ ਦੀ ਸੱਚੀ ਅਗਵਾਈ ਕਰਨ ਦੇ ਸਮਰੱਥ ਹਨ।

❑❑❑

SIKHBOOKCLUB.COM